## ਵਿਸ਼ਾ: ਸਮਾਜਿਕ ਵਿਗਿਆਨ

## ਭਾਗ-ੳ (ਭੂਗੋਲ)

**ਬਹੁ-ਵਿਕਲਪੀ ਪ੍ਰਸ਼ਨ:-**

**(1)ਕੱਚਾ ਲੋਹਾ ਹੇਠ ਲਿਖਿਆਂ ਵਿੱਚੋਂ ਕਿਸ ਪ੍ਰਕਾਰ ਦਾ ਸੋਮਾ ਹੈ ?**

(ੳ) ਨਵਿਆਉਣ ਯੋਗ (ਅ) ਲਗਾਤਾਰ ਰਹਿਣ ਵਾਲਾ (ੲ) ਜੈਵਿਕ ਸੋਮਾ **(ਸ) ਨਾ-ਨਵਿਆਉਣਯੋਗ**

**(2) ਜਵਾਰੀ ਊਰਜਾ ਨੂੰ ਕਿਹੜੇ ਸੋਮੇ ਦੀ ਕਿਸਮ ਮੰਨਿਆ ਜਾਵੇਗਾ?**

(ੳ) **ਮੁੜ-ਨਵਿਆਉਣਯੋਗ** (ਅ) ਅਜੈਵਿਕ (ੲ) ਮਾਨਵ ਨਿਰਮਿਤ (ਸ) ਨਾ-ਨਵਿਆਉਣਯੋਗ

**(3) ਪੰਜਾਬ ਵਿਚ ਜ਼ਮੀਨ ਦੇ ਬੰਜਰ ਹੋਣ ਦਾ ਮੁੱਖ ਕਾਰਨ ਕੀ ਹੈ ?**

(ੳ) ਸੰਘਣੀ ਖੇਤੀ **(ਅ) ਜ਼ਰੂਰਤ ਤੋਂ ਜ਼ਿਆਦਾ ਸਿੰਚਾਈ** (ੲ) ਜੰਗਲਾਂ ਦੀ ਕਟਾਈ (ਸ) ਪਸ਼ੂਆਂ ਦੇ ਚਰਨ ਕਾਰਨ

**(4) ਪੰਜਾਬ ਵਿੱਚ ਜ਼ਿਆਦਾਤਰ ਕਿਸ ਕਿਸਮ ਦੀ ਆਫ਼ਤ ਆਉਂਦੀ ਹੈ?**

(ੳ)ਸੋਕਾ (ਅ) ਚੱਕਰਵਾਤ (ੲ) ਭੂਚਾਲ **(ਸ) ਹੜ੍ਹ**

**(5) ਹੇਠ ਲਿਖਿਆਂ ਵਿਚੋਂ ਕਿਹੜੇ ਰਾਜ ਵਿੱਚ ਪੌੜੀਨੁਮਾ ਖੇਤੀ ਕੀਤੀ ਜਾਂਦੀ ਹੈ?**

(ੳ) ਪੰਜਾਬ (ਅ) ਹਰਿਆਣਾ

(ੲ) ਉੱਤਰ ਪ੍ਰਦੇਸ਼ ਦੇ ਮੈਦਾਨੀ ਇਲਾਕੇ **(ਸ) ਉੱਤਰਾਖੰਡ**

**(6) ਹੇਠ ਲਿਖਿਆਂ ਵਿਚੋਂ ਕਿਹੜੇ ਇਲਾਕੇ ਵਿੱਚ ਕਾਲੀ ਮਿੱਟੀ ਪਾਈ ਜਾਂਦੀ ਹੈ?**

(ੳ) ਜੰਮੂ ਅਤੇ ਕਸ਼ਮੀਰ (ਅ) ਰਾਜਸਥਾਨ **(ੲ) ਗੁਜਰਾਤ** (ਸ) ਝਾਰਖੰਡ

**(7) ਬੇਤਰਤੀਬੇ ਉਪਭੋਗ ਤੇ ਸਾਧਨਾਂ ਦੀ ਅੰਨ੍ਹੇਵਾਹ ਵਰਤੋਂ ਕਾਰਨ.......................**

**ੳ. ਸਮਾਜੀ-ਆਰਥਿਕ ਤੇ ਵਾਤਾਵਰਨੀ ਔਕੜਾਂ ਉਤਪੰਨ ਹੁੰਦੀਆਂ ਹਨ।** (ਅ) ਆਰਥਿਕਤਾ ਨੂੰ ਹੁਲਾਰਾ ਮਿਲਦਾ ਹੈ ।

(ੲ) ਸਾਧਨਾਂ ਦੀ ਬਹਾਲੀ ਹੁੰਦੀ ਹੈ। (ਸ) ਵਸੋਂ ਵਿੱਚ ਕਮੀ ਹੁੰਦੀ ਹੈ।

**(8) ਕਾਸ਼ਤਕਾਰੀ ਲਈ ਅਯੋਗ ਹੋਈ ਭੂਮੀ ਨੂੰ ਕੀ ਆਖਿਆ ਜਾਂਦਾ ਹੈ?**

(ੳ) ਪਰਤੀ ਭੂਮੀ **(ਅ) ਬੰਜਰ ਭੂਮੀ** (ੲ) ਕਟੀ-ਫਟੀ ਭੂਮੀ (ਸ) ਬਿਜਾਈ ਹੇਠ ਰਕਬਾ

**(9) ਚਰਨੋਬੇਲ ਪ੍ਰਮਾਣੂ ਕਾਂਡ ਕਿੱਥੇ ਵਾਪਰਿਆ ਸੀ?**

(ੳ) ਅਮਰੀਕਾ (ਅ) ਭਾਰਤ (ੲ) ਜਾਪਾਨ **(ਸ) ਯੂਕਰੇਨ**

**(10) ਕਿਸਨੇ ਕਿਹਾ ਸੀ, "ਧਰਤੀ ਉੱਤੇ ਸਾਰਿਆਂ ਦੀਆਂ ਲੋੜਾਂ ਪੂਰਨ ਲਈ ਬਹੁਤ ਕੁੱਝ ਹੈ, ਪਰ ਲਾਲਚੀਆਂ ਦਾ ਲਾਲਚ ਪੂਰਨ ਲਈ ਕੁੱਝ ਵੀ ਨਹੀਂ।"**

(ੳ) ਜਵਾਹਰ ਲਾਲ ਨਹਿਰੂ (ਅ) ਬੁਤਰੱਸ ਬੁਤਰੱਸ ਘਾਲੀ (ੲ) ਬਰਾਕ ਓਬਾਮਾ **(ਸ) ਮਹਾਤਮਾ ਗਾਂਧੀ**

**(11) ਜੈਵਿਕ ਭੂਗੋਲ ਕੀ ਹੈ?**

(ੳ) **ਜੀਵੰਤ ਵਸਤਾਂ ਦਾ ਵਿਆਪਕ ਅਧਿਐਨ** (ਅ) ਸਿਰਫ਼ ਜੈਵਿਕ ਸੰਸਾਰ

(ੲ) ਸਿਰਫ਼ ਅਜੈਵਿਕ ਸੰਸਾਰ (ਸ) ੳ ਅਤੇ ੲ ਦੋਵੇਂ

**(12) ਭਾਰਤ ਨੂੰ ਕਿੰਨ੍ਹੇ ਜੈਵ-ਭੂਗੋਲਿਕ ਖੇਤਰਾਂ ਵਿੱਚ ਵੰਡਿਆ ਜਾ ਸਕਦਾ ਹੈ?**

(ੳ) ਸੱਤ(7) **(ਅ) ਦਸ (10)** (ੲ) ਨੌਂ (9) (ਸ)ਗਿਆਰਾਂ(11)

**(13) ਕਿਸੇ ਵੱਡ-ਪੱਧਰੀ ਵਿਭਿੰਨਤਾ ਵਾਲੇ ਦੇਸ਼ ਵਿਚ ਘੱਟੋ-ਘੱਟੋ.....................ਪੌਦਿਆਂ ਦੀਆਂ ਸਥਾਨਕ ਪ੍ਰਜਾਤੀਆਂ, ਹੱਦਾਂ ਵਾਲਾ ਤੇ ਸਮੁੰਦਰੀ ਜੀਵਾਂ ਵਾਲਾ ਪਾਰਿਸਥਿਤਿਕ ਤੰਤਰ ਹੋਣਾ ਚਾਹੀਦਾ ਹੈ।**

(ੳ) 5,500 (ਅ) 4,500 **(ੲ) 5,000** (ਸ) 6,000

**(14) ਭਾਰਤ ਵਿੱਚ .....................ਜੈਵ-ਵਿਭਿੰਨਤਾ ਤੀਖਣ ਬਿੰਦੂ (ਹੌਟ-ਸਪੋਟ) ਹਨ।**

**(ੳ) ਚਾਰ(4)** (ਅ) ਪੰਜ (5) (ੲ) ਛੇ (6) (ਸ)ਸੱਤ(7)

**(15) IUCN ਦਾ ਪੂਰਾ ਨਾਮ ਕੀ ਬਣਦਾ ਹੈ?**

(ੳ) ਇੰਟਰਨੈਸ਼ਨਲ ਯੂਨੀਅਨ ਔੱਫ਼ ਕੈਪੀਟਲ ਨੇਸ਼ਨਜ਼ **(ਅ) ਇੰਟਰਨੈਸ਼ਨਲ ਯੂਨੀਅਨ ਫਾਰ ਕੰਜ਼ਰਵੇਸ਼ਨ ਔੱਫ਼ ਨੇਚਰ**

(ੲ) ਇੰਟਰਨੈਸ਼ਨਲ ਯੂਨਿਟੀ ਫਾਰ ਕੈਂਸਰ ਐਂਡ ਨਿਊਟ੍ਰੀਸ਼ਨ (ਸ) ਇੰਟਰਨੈਸ਼ਨਲ ਯੂਨਿਟੀ ਫਾਰ ਕੋਜ਼ਿਜ਼ ਔੱਫ਼ ਨਿਊਕਲੀਅਰ ਪਾਵਰ

**(16) ਭਾਰਤ ਸਰਕਾਰ ਨੇ ਦੇਸ਼ ਭਰ ਵਿੱਚ.................. ਜੀਵ-ਖੇਤਰ ਰੱਖਾਂ ਸਥਾਪਿਤ ਕੀਤੀਆਂ ਹਨ।**

(ੳ) ਬਾਰਾਂ(12) (ਅ) ਚੌਦਾਂ (14) (ੲ) ਸੋਲਾਂ (16) **(ਸ)ਅਠਾਰਾਂ(18)**

**(17) ਲੋਨਾਰ ਝੀਲ ਕਿਹੜੇ ਰਾਜ ਵਿੱਚ ਸਥਿੱਤ ਹੈ?**

(ੳ) ਪੰਜਾਬ (ਅ) ਮੱਧ ਪ੍ਰਦੇਸ਼ (ੲ) ਉੱਤਰ ਪ੍ਰਦੇਸ਼ **(ਸ) ਮਹਾਂਰਾਸ਼ਟਰ**

**(18) ਪੰਜਾਬ ਵਿੱਚ ਜੀਵਾਂ ਦਾ ਕਿਹੜਾ ਜੋੜ ਪਹਿਲਾਂ ਨਾਲੋਂ ਬਹੁਤ ਘੱਟ ਦਿੱਖਦਾ ਹੈ?**

(ੳ) ਕਬੂਤਰ ਤੇ ਬਾਂਦਰ (ਅ ) ਤੋਤਾ ਤੇ ਘੋੜਾ **(ੲ) ਚਿੜੀ ਤੇ ਬਿੱਲੀ** (ਸ) ਕਾਂ ਤੇ ਕੁੱਤਾ

**(19) ਹੇਠ ਦਿੱਤੀਆਂ ਸੂਚਨਾਵਾਂ ਦੇ ਅਧਾਰ 'ਤੇ ਦੱਸੋ ਕਿ ਪਾਣੀ ਦੀ ਥੁੜ੍ਹ ਨਾਲ ਕਿਹੜੇ ਇਲਾਕੇ ਜੂਝਣਗੇ-**

(ੳ) ਵੱਧ ਸਾਲਾਨਾ ਵਰਖਾ ਵਾਲੇ ਇਲਾਕੇ

(ਅ) ਵੱਧ ਸਾਲਾਨਾ ਵਰਖਾ ਤੇ ਵੱਧ ਅਬਾਦੀ ਵਾਲੇ ਇਲਾਕੇ

(ੲ) ਵੱਧ ਸਾਲਾਨਾ ਵਰਖਾ ਪਰ ਬੁਰੀ ਤਰ੍ਹਾਂ ਅਸ਼ੁੱਧ ਪਾਣੀ ਵਾਲੇ ਇਲਾਕੇ

**(ਸ) ਅ ਅਤੇ ੲ ਦੋਵੇਂ ਸਹੀ ਹਨ।**

**(20) ਬਹੁ-ਮੰਤਵੀ ਦਰਿਆਈ ਪ੍ਰਾਜੈਕਟਾਂ ਬਾਰੇ ਕਿਹੜਾ ਬਿਆਨ ਲਾਗੂ ਨਹੀਂ ਹੁੰਦਾ ?**

(ੳ) ਬਹੁ-ਮੰਤਵੀ ਪ੍ਰਾਜੈਕਟਾਂ ਨਾਲ, ਪਾਣੀ ਦੀ ਕਮੀ ਵਾਲੇ ਇਲਾਕੇ ਨੂੰ ਪਾਣੀ ਮਿਲਦਾ ਹੈ ।

(ਅ) ਬਹੁ-ਮੰਤਵੀ ਪ੍ਰਾਜੈਕਟਾਂ ਨਾਲ, ਦਰਿਆ ਕੰਟਰੋਲ ਹੁੰਦੇ ਹਨ ਤੇ ਹੜ੍ਹ ਰੁਕਦੇ ਹਨ।

**(ੲ) ਬਹੁ-ਮੰਤਵੀ ਪ੍ਰਾਜੈਕਟਾਂ ਨਾਲ, ਲੋਕਾਂ ਤੇ ਰੋਜ਼ੀ ਰੋਟੀ ਦਾ ਉਜਾੜਾ ਹੁੰਦਾ ਹੈ।**

(ਸ) ਬਹੁ-ਮੰਤਵੀ ਪ੍ਰਾਜੈਕਟਾਂ ਨਾਲ, ਸਨਅਤਾਂ ਤੇ ਘਰਾਂ ਨੂੰ ਬਿਜਲੀ ਮਿਲ ਸਕਦੀ ਹੈ।

**(21)ਭਾਰਤ ਵਿੱਚ, ਸੰਸਾਰ ਦੇ .......................ਫੀਸਦੀ ਨਵਿਆਉਣ ਯੋਗ ਜਲ ਸਾਧਨ ਹਨ।**

(ੳ) ਤਿੰਨ (3) **(ਅ) ਚਾਰ(4)** (ੲ)ਸੱਤ(7) (ਸ)ਪੰਜ(5)

**(22) ਧਰਤੀ ਉੱਤੇ..................ਫੀਸਦੀ ਜਲ ਖਾਰਾ ਹੈ..................... ਫੀਸਦੀ ਤਾਜ਼ਾ ਹੈ।**

**(ੳ)97, 03** (ਅ) 95, 05 (ੲ) 90,10 (ਸ) 98, 02

**(23) ਕਿਹੜਾ ਖੇਤਰ ਸਭ ਤੋਂ ਵੱਧ ਤਾਜ਼ੇ ਪਾਣੀ ਦੀ ਵਰਤੋਂ ਕਰਦਾ ਹੈ?**

(ੳ) ਘਰੇਲੂ(ਰਹਾਇਸੀ) (ਅ)ਸਨਅਤਾਂ( ਉਦਯੋਗ) **(ੲ)ਖੇਤੀਬਾੜੀ(ਜ਼ਰਾਇਤੀ)** (ਸ)ਇਨ੍ਹਾਂ ਵਿੱਚੋਂ ਕੋਈ ਨਹੀਂ

**(24)ਸਵੱਛ ਭਾਰਤ ਮਿਸ਼ਨ-ਗ੍ਰਾਮੀਣ ਕਦੋਂ ਅਰੰਭਿਆ ਗਿਆ ਸੀ?**

(ੳ)ਸੰਨ 2010 (ਅ) ਸੰਨ 2012 **(ੲ) ਸੰਨ 2014** (ਸ) ਸੰਨ 2016

**(25) C.W.M.I ਦਾ ਪੂਰਾ ਨਾਮ ਕੀ ਬਣਦਾ ਹੈ?**

**(ੳ) ਕੰਪੋਜ਼ਿੱਟ ਵਾਟਰ ਮੈਨੇਜਮੈਂਟ ਇੰਡੈਕਸ**

(ਅ) ਛੱਤੀਸਗੜ੍ਹ ਵੈਸਟ ਬੰਗਾਲ ਮਹਾਂਰਾਸ਼ਟਰ ਇੰਟਰਰਿਲੇਸ਼ਨ

(ੲ) ਕੰਪੋਜ਼ਡ ਵਾਟਰ ਮਾਰਕੀਟਿੰਗ ਇੰਡੈਕਸ

(ਸ) ਉਪਰੋਕਤ ਵਿੱਚੋਂ ਕੋਈ ਨਹੀਂ।

**(26) ਦੇਸ਼ ਦੇ ਕਿੰਨ੍ਹੇ ਫ਼ੀਸਦੀ ਕਾਮੇ ਖੇਤੀਬਾੜੀ ਖੇਤਰ ਵਿੱਚ ਰੁਜ਼ਗਾਰ ਅਧੀਨ ਹਨ ?**

(ੳ) 40% (ਅ) 42% **(ੲ) 44%** (ਸ) 45%

**(27) ਖੇਤੀਬਾੜੀ (ਜ਼ਰਾਇਤ) ਦੀ ਕਿਹੜੀ ਕਿਸਮ ਪ੍ਰਾਚੀਨ ਕਹਾਉਂਦੀ ਹੈ ?**

(ੳ) **ਗੁਜ਼ਾਰਾ ਜਾਂ ਨਿਰਬਾਹ ਖੇਤੀ** (ਅ) ਸਥਾਨ-ਅੰਤਰੀ ਖੇਤੀ

(ੲ) ਵਿਆਪਕ ਖੇਤੀ (ਸ) ਇਨ੍ਹਾਂ ਵਿੱਚੋਂ ਕੋਈ ਵੀ ਨਹੀਂ

**(28) HYV ਸੀਡਜ਼ ਤੋਂ ਭਾਵ ਕਿਹੋ ਜਿਹੇ ਬੀਜ ਹੈ?**

(ੳ) **ਹਾਈ ਯੀਲਡਿੰਗ ਵੈਰਾਇਟੀ** (ਅ) ਹਿਮਾਲਿਅਨ ਯੀਲਡਿੰਗ ਵੈਰਾਇਟੀ

(ੲ) ਹਿਉਮਿਡ ਯੈਲੋ ਵੈਰਾਇਟੀ (ਸ) ਇਨ੍ਹਾਂ ਵਿੱਚੋਂ ਕੋਈ ਵੀ ਨਹੀਂ

**(29) "ਆਪ੍ਰੇਸ਼ਨ ਫ਼ਲੱਡ" ਕਿਸ ਨਾਲ ਸੰਬੰਧਿਤ ਹੈ?**

(ੳ) ਭਾਰਤ 'ਚ ਹੜ੍ਹਾਂ ਨਾਲ **(ਅ) ਦੁੱਧ ਉਤਪਾਦਨ ਨਾਲ**

(ੲ) ਅੰਡਿਆਂ ਦੇ ਉਤਪਾਦਨ ਨਾਲ (ਸ) ਦਰਿਆਵਾਂ ਨੂੰ ਜੋੜ੍ਹਨ ਨਾਲ

**(30) ਚਾਹ, ਕੌਫੀ ਤੇ ਤੰਬਾਕੂ ਕਿਹੋ ਜਿਹੀਆਂ ਫ਼ਸਲਾਂ ਹਨ?**

(ੳ) ਨਕਦ ਫ਼ਸਲਾਂ (ਅ) ਪੇਅ ਪਦਾਰਥ ਫ਼ਸਲਾਂ (ੲ) ਖੁਰਾਕੀ ਫ਼ਸਲਾਂ **(ਸ)ੳ ਅਤੇ ਅ ਦੋਹੇਂ**

**(31) ਸੰਸਾਰ ਦਾ ਸਭ ਤੋਂ ਵੱਡਾ ਪਟਸਨ ਉਤਪਾਦਕ ਇਲਾਕਾ ਕਿਹੜਾ ਹੈ?**

(ੳ) ਪੰਜਾਬ ਦਾ ਮੈਦਾਨ (ਅ) ਕਸ਼ਮੀਰ ਦੀ ਘਾਟੀ (ੲ) ਤਾਮਿਲਨਾਡੂ ਦੇ ਘਾਟ **(ਸ)ਸੁੰਦਰਬਨ**

**(32)ਹੇਠ ਲਿਖਿਆਂ ਵਿੱਚੋਂ ਕਿਹੜੀ ਖਣਿਜ ਪਦਾਰਥਾਂ ਦੀ ਵਿਸ਼ੇਸ਼ਤਾ ਹੈ?**

(ੳ) ਇਕੋ ਜਿਹੇ ਗੁਣ (ਅ) ਕੁਦਰਤੀ ਵਾਪਰੇ ਤੱਤ (ੲ) ਵਿਆਖਿਆਮਈ ਸਰੰਚਨਾ **(ਸ) ਉਪਰੋਕਤ ਸਾਰੇ**

**(33) ਰੂਹਰ ਘਾਟੀ ਕਿਸ ਦੇਸ਼ ਵਿੱਚ ਪੈਂਦੀ ਹੈ?**

(ੳ) ਆਸਟ੍ਰੇਲੀਆ **(ਅ)ਜਰਮਨੀ** (ੲ) ਜਾਪਾਨ (ਸ) ਭਾਰਤ

**(34)ਕਿਹੜੇ ਸਾਧਨ ਰਵਾਇਤੀ ਊਰਜਾ ਦੇ ਸਰੋਤ ਹਨ ?**

(ੳ) ਪੌਣ ਤੇ ਕੋਲਾ (ਅ) ਜਵਾਰੀ ਤੇ ਸੂਰਜੀ (ੲ) ਕੁਦਰਤੀ ਗੈਸਾਂ ਤੇ ਤਰੰਗਾਂ **(ਸ)ਕੋਲਾ ਤੇ ਪੈਟਰੋਲੀਅਮ**

**(35) ਮੁੰਬਈ ਹਾਈ ਕੀ ਹੈ?**

(ੳ) ਪਹਾੜੀ ਸਥਾਨ **(ਅ)ਤੇਲ ਉਤਪਾਦਕ ਸਥਾਨ** (ੲ) ਕੋਲਾ ਉਤਪਾਦਨ ਪੇਟੀ (ਸ) ਮੈਟਰੋ ਸਟੇਸ਼ਨ

**(36) ਹੇਠ ਲਿਖਿਆਂ ਵਿੱਚੋਂ ਕਿਹੜੀ ਸਨਅਤ ਚੂਨਾ ਪੱਥਰ ਨੂੰ ਕੱਚੇ ਮਾਲ ਵਜੋਂ ਵਰਤਦੀ ਹੈ?**

(ੳ) ਐਲੂਮੀਨੀਅਮ **(ਅ)ਸੀਮਿੰਟ** (ੲ) ਪਲਾਸਟਿਕ (ਸ) ਆਟੋ ਮੋਬਾਇਲ

**(37) ਹੇਠ ਲਿਖਿਆ ਵਿੱਚੋਂ ਕਿਹੜੀ ਏਜੰਸੀ ਸਰਕਾਰੀ ਖੇਤਰ ਦੇ ਕਾਰਖਾਨਿਆਂ ਨੂੰ ਇਸਪਾਤ ਪ੍ਰਦਾਨ ਕਰਦੀ ਹੈ?**

(ੳ) HAIL **(ਅ)SAIL** (ੲ) TATA Steel (ਸ) MNCC

**(38) ਹੇਠ ਲਿਖਿਆਂ ਵਿੱਚੋਂ ਕਿਹੜੀ ਸਨਅਤ ਬਾਕਸਾਈਟ ਨੂੰ ਕੱਚੇ ਮਾਲ ਵਜੋਂ ਵਰਤਦੀ ਹੈ?**

(ੳ) **ਐਲੂਮੀਨੀਅਮ ਸ਼ੁੱਧੀਕਰਨ** (ਅ)ਸੀਮਿੰਟ ਨਿਰਮਾਣ (ੲ) ਕਾਗਜ਼ ਨਿਰਮਾਣ (ਸ) ਇਸਪਾਤ

**(39)ਹੇਠ ਲਿਖਿਆਂ ਵਿੱਚੋਂ ਕਿਹੜੀ ਸਨਅਤ ਟੈਲੀਫੋਨ, ਕੰਪਿਊਟਰ ਆਦਿ ਬਣਾਉਂਦੀ ਹੈ?**

(ੳ) ਇਸਪਾਤ (ਅ)ਐਲੂਮੀਨੀਅਮ ਸ਼ੁੱਧੀਕਰਨ **(ੲ) ਇਲੈਕਟ੍ਰਾਨਿਕ** (ਸ) ਸੂਚਨਾ ਤਕਨੀਕ

**(40) ਨਿਰਮਾਣ ਖੇਤਰ ਨੂੰ ਵਿਕਾਸ ਦੀ ------------- ਕਿਹਾ ਜਾਂਦਾ ਹੈ।**

(ੳ) ਮਾਨਸਿਕਤਾ **(ਅ)ਰੀੜ੍ਹ ਦੀ ਹੱਡੀ** (ੲ) ਤਾਕਤ (ਸ) ਚਮੜੀ

**(41) ਭਾਰਤ ਸਰਕਾਰ ਵੱਲੋਂ ਕਿੰਨ੍ਹੇ ਮੈਗਾ ਫੂਡ ਪਾਰਕ ਬਣਾਏ ਗਏ ਹਨ?**

(ੳ) 40 **(ਅ) 42** (ੲ) 45 (ਸ) 48

**(42) ਬੀ.ਐੱਚ.ਈ.ਐੱਲ ਦਾ ਪੂਰਾ ਨਾਮ ਕੀ ਹੈ?**

**(ੳ) ਭਾਰਤ ਹੈਵੀ ਇਲੈਕਟ੍ਰੀਕਲ ਲਿਮਟਿਡ** (ਅ) ਭਾਰਤ ਹੀਟ ਐਂਡ ਐਨਰਜੀ ਲਿਮਟਿਡ

(ੲ) ਭੋਪਾਲ-ਹੈਦਰਾਬਾਦ ਐਨਰਜੀ ਲਿਮਟਿਡ (ਸ) ਕੋਈ ਵੀ ਨਹੀਂ

**(43) ਖੰਡ (ਚੀਨੀ) ਸਨਅਤ,------------- ਸਨਅਤ ਹੈ।**

(ੳ) ਕੱਚਾ ਮਾਲ ਆਧਾਰਿਤ **(ਅ) ਖੇਤੀ ਆਧਾਰਿਤ**

(ੲ) ਭਾਰੀ ਤੇ ਵੱਡੀ ਸਨਅਤ (ਸ) ਕੋਈ ਵੀ ਨਹੀਂ

**(44) ਪੂਰਬ-ਪੱਛਮ ਗਲਿਆਰੇ ਸੰਬੰਧੀ ਕਿਹੜਾ ਜੋੜਾ ਸਭ ਤੋਂ ਵੱਧ ਦੂਰ ਅਤੇ ਸਹੀ ਹੈ?**

(ੳ) ਮੁੰਬਈ-ਨਾਗਪੁਰ (ਅ) ਮੁੰਬਈ-ਕੋਲਕਾਤਾ **(ੲ) ਸਿਲਚਰ-ਪੋਰਬੰਦਰ** (ਸ) ਨਾਗਪੁਰ-ਸਿਲੀਗੁੜੀ

**(45) ਆਵਾਜਾਈ ਦੀ ਕਿਹੜੀ ਵੰਨਗੀ ਸ਼ਿੱਪਮੈਂਟ (ਵਪਾਰਕ ਆਵਾਜਾਈ) ਦੇ ਨੁਕਸਾਨਾਂ ਤੇ ਦੇਰੀ ਤੋਂ ਬਚਾਅ ਕਰਦੀ ਹੈ?**

(ੳ) ਰੇਲਵੇਜ਼ **(ਅ) ਪਾਈਪਲਾਈਨਜ਼** (ੲ) ਰੋਡਵੇਜ਼ (ਸ) ਵਾਟਰਵੇਜ਼

**(46) ਇਹਨਾਂ ਵਿੱਚੋਂ ਕਿਹੜਾ ਰਾਜ H.V.J. ਪਾਈਪਲਾਈਨ ਨਾਲ ਜੁੜਿਆ ਹੋਇਆ ਨਹੀਂ ਹੈ?**

(ੳ) ਮੱਧ ਪ੍ਰਦੇਸ਼ **(ਅ) ਮਹਾਂਰਾਸ਼ਟਰ** (ੲ) ਗੁਜਰਾਤ (ਸ) ਉੱਤਰ ਪ੍ਰਦੇਸ਼

**(47) ਪੂਰਬੀ ਤੱਟੀ ਇਲਾਕੇ ਵਿਚ ਹੇਠ ਲਿਖਿਆਂ ਵਿੱਚੋਂ ਕਿਹੜੀ ਬੰਦਰਗਾਹ ਸਭ ਤੋਂ ਡੂੰਘੀ ਅਤੇ ਚੁਫੇਰਿਓਂ ਘਿਰੀ ਹੋਣ ਕਾਰਨ ਸੁਰੱਖਿਅਤ ਹੈ?**

(ੳ) ਚੇਨੱਈ (ਅ) ਪਾਰਾਦੀਪ (ੲ) ਤੂਤੀਕੋਰਿਨ **(ਸ) ਵਿਸ਼ਾਖਾਪਟਨਮ**

**(48) ਭਾਰਤ ਵਿੱਚ ਆਵਾਜਾਈ ਦਾ ਕਿਹੜਾ ਢੰਗ ਸਭ ਤੋਂ ਵੱਧ ਹਰਮਨ ਪਿਆਰਾ ਹੈ?**

(ੳ) ਪਾਈਪਲਾਈਨ **(ਅ) ਰੇਲਵੇਜ਼** (ੲ) ਰੋਡਵੇਜ਼ (ਸ) ਏਅਰਵੇਅਜ਼

**(49) ਦੋ ਜਾਂ ਵੱਧ ਦੇਸ਼ਾਂ ਵਿਚਾਲੇ ਵਪਾਰ ਨੂੰ ਹੇਠ ਲਿਖਿਆਂ ਵਿਚੋਂ ਕਿਹੜਾ ਨਾਮ ਸਭ ਤੋਂ ਵਧੀਆ ਦਰਸਾਉਂਦਾ ਹੈ?**

(ੳ) ਅੰਦਰੂਨੀ ਵਪਾਰ (ਅ) ਬਾਹਰੀ ਵਪਾਰ **(ੲ) ਕੌਮਾਂਤਰੀ ਵਪਾਰ** (ਸ) ਸਥਾਨਕ ਵਪਾਰ

**(50) ਰਾਜ ਮਾਰਗਾਂ ਦੇ ਨਿਰਮਾਣ ਤੇ ਸੰਭਾਲ ਲਈ ਕੌਣ ਜ਼ਿੰਮੇਵਾਰ ਹੁੰਦਾ ਹੈ?**

(ੳ) NHAI **(ਅ) ਲੋਕ ਨਿਰਮਾਣ ਵਿਭਾਗ (P.W.D.)** (ੲ) ਜ਼ਿਲ੍ਹਾ-ਪ੍ਰੀਸ਼ਦਾਂ (ਸ) ਕੇਂਦਰ ਸਰਕਾਰ

**(51) ਸਟੈਂਡਰਡ ਗੇਜ਼ (ਰੇਲ ਲੀਹਾਂ) ਦੀ ਚੌੜਾਈ ਕਿੰਨ੍ਹੀ ਹੁੰਦੀ ਹੈ?**

(ੳ) 1676 ਮਿ.ਮੀ **(ਅ) 1435 ਮਿ.ਮੀ** (ੲ) 1000 ਮਿ.ਮੀ (ਸ) 1500 ਮਿ.ਮੀ

**(52) ਭਾਰਤ ਦੀ ਸਭ ਤੋਂ ਵੱਡੀ ਬੰਦਰਗਾਹ ਕਿਹੜੀ ਹੈ?**

(ੳ) ਚੇਨੱਈ (ਅ) ਹਲਦੀਆ **(ੲ) ਮੁੰਬਈ** (ਸ) ਕਾਂਡਲਾ

**(53) ਬੀ.ਆਰ.ਆਈ. ਦਾ ਪੂਰਾ ਨਾਮ ਕੀ ਹੈ?**

(ੳ) ਰਿਜ਼ਰਵ ਬੈਂਕ ਆਫ ਇੰਡੀਆ ਬੈਸਟ **(ਅ) ਬੈਲਟ ਐਂਡ ਰੋਡ ਇਨੀਸ਼ੀਏਟਿਵ**

(ੲ) ਬੈਲਟ ਐਂਡ ਰਿਜ਼ਰਵ ਆਫ਼ ਇੰਡੀਆ (ਸ) ਕੋਈ ਵੀ ਨਹੀਂ

**ਮਹੱਤਵਪੂਰਨ ਪ੍ਰਸ਼ਨ:-**

**1. ਉਹਨਾਂ ਤਿੰਨ ਰਾਜਾਂ ਦੇ ਨਾਮ ਦੱਸੋ ਜਿਨ੍ਹਾਂ ਵਿੱਚ ਕਾਲੀ ਮਿੱਟੀ ਮਿਲਦੀ ਹੈ। ਇੱਥੇ ਉਪਜਣ ਵਾਲੀ ਮੁੱਖ ਫ਼ਸਲ ਦਾ ਨਾਮ ਵੀ ਦੱਸੋ?**

ਉੱਤਰ: ਕਾਲੀ ਮਿੱਟੀ ਗੁਜਰਾਤ, ਮਹਾਂਰਾਸ਼ਟਰ ਅਤੇ ਮੱਧ ਪ੍ਰਦੇਸ਼ ਵਿੱਚ ਮਿਲਦੀ ਹੈ। ਕਪਾਹ ਅਤੇ ਗੰਨਾ ਇਸ ਮਿੱਟੀ ਵਿੱਚ ਉਪਜਣ ਵਾਲੀਆਂ ਪ੍ਰਮੁੱਖ ਫ਼ਸਲਾਂ ਹਨ।

**(2) ਭਾਰਤ ਦੇ ਪੂਰਬੀ ਤੱਟ ਤੇ ਨਦੀਆਂ ਦੇ ਡੈਲਟਾਈ ਭਾਗਾਂ ਵਿੱਚ ਕਿਹੜੀ ਕਿਸਮ ਦੀਆਂ ਮਿੱਟੀਆਂ ਮਿਲਦੀਆਂ ਹਨ?**

ਉੱਤਰ:- ਭਾਰਤ ਦੇ ਪੂਰਬੀ ਤੱਟ ਉੱਤੇ ਲਾਲ ਮਿੱਟੀ ਅਤੇ ਨਦੀਆਂ ਦੇ ਡੈਲਟਾਈ ਭਾਗਾਂ ਵਿੱਚ ਜਲੌਢੀ ਮਿੱਟੀ ਮਿਲਦੀ ਹੈ ।

**(3) ਪਹਾੜੀ ਖੇਤਰਾਂ ਵਿੱਚ ਭੋਂ- ਖੋਰ ਨੂੰ ਰੋਕਣ ਲਈ ਕਿਹੜੇ-ਕਿਹੜੇ ਕਦਮ ਚੁੱਕੇ ਜਾ ਸਕਦੇ ਹਨ?**

ਉੱਤਰ:- ਪਹਾੜੀ ਖੇਤਰਾਂ ਵਿੱਚ ਭੋਂ-ਖੋਰ ਨੂੰ ਰੋਕਣ ਲਈ ਹੇਠ ਲਿਖੇ ਕਦਮ ਚੁੱਕੇ ਜਾ ਸਕਦੇ ਹਨ:-

1. ਪੌੜੀਨੁਮਾ ਖੇਤ ਬਣਾਏ ਜਾਣੇ ਚਾਹੀਦੇ ਹਨ।
2. ਖੇਤਾਂ ਨੂੰ ਛੋਟੇ-ਛੋਟੇ ਟੁਕੜਿਆਂ ਜਾਂ ਕਿਆਰੀਆਂ ਬਣਾ ਕੇ ਮਿੱਟੀ ਦੀ ਉਪਰਲੀ ਪਰਤ ਨੂੰ ਖੁਰਨੋਂ ਬਚਾਇਆ ਜਾ ਸਕਦਾ ਹੈ।
3. ਕਤਾਰਾਂ ਵਿੱਚ ਦਰੱਖ਼ਤ ਲਗਾਏ ਜਾਣੇ ਚਾਹੀਦੇ ਹਨ।

**(4) ਜੈਵਿਕ ਅਤੇ ਅਜੈਵਿਕ ਸੋਮੇ ਕੀ ਹੁੰਦੇ ਹਨ? ਉਦਾਹਰਨਾਂ ਦਿਉ?**

ਉੱਤਰ:- **ਜੈਵਿਕ ਸੋਮੇ**:- ਜੈਵਿਕ ਸੋਮੇ ਉਹ ਸੋਮੇ ਹਨ, ਜਿਨ੍ਹਾਂ ਦੀ ਪ੍ਰਾਪਤੀ ਸਾਨੂੰ ਜੈਵ-ਮੰਡਲ ਤੋਂ ਹੁੰਦੀ ਹੈ। ਜੈਵ-ਸੋਮਿਆਂ ਵਿੱਚ ਜਾਨ ਹੁੰਦੀ ਹੈ, ਜਿਵੇਂ ਮਨੁੱਖ, ਜੀਵ-ਜੰਤੂ, ਪੰਛੀ, ਮੱਛੀਆਂ ਅਤੇ ਜੰਗਲ ਆਦਿ।

**ਅਜੈਵਿਕ ਸੋਮੇ**: ਅਜੈਵਿਕ ਸੋਮੇ ਉਹ ਸੋਮੇ ਹੁੰਦੇ ਹਨ, ਜਿਨ੍ਹਾਂ ਵਿੱਚ ਜਾਨ ਨਹੀਂ ਹੁੰਦੀ ਜਿਵੇਂ ਕਿ ਚਟਾਨਾਂ ਅਤੇ ਧਾਤਾਂ ਆਦਿ।

**(5) ਆਫ਼ਤਾਂ ਦੇ ਪ੍ਰਬੰਧਨ ਤੋਂ ਕੀ ਭਾਵ ਹੈ?**

ਉੱਤਰ:- ਆਫ਼ਤਾਂ ਦੇ ਪ੍ਰਬੰਧਨ ਤੋਂ ਭਾਵ ਹੈ ਕਿ, ਮੁਲਕ ਅੰਦਰ ਕਿਸੇ ਵੀ ਆਫ਼ਤ ਸਮੇਂ ਉਸਦਾ ਸਾਹਮਣਾ ਕਿਵੇਂ ਕੀਤਾ ਜਾ ਸਕਦਾ ਹੈ। ਇਸ ਯੋਜਨਾ ਤਹਿਤ ਇਨਸਾਨੀ ਜ਼ਿੰਦਗੀਆਂ ਦੇ ਨੁਕਸਾਨ ਅਤੇ ਜਾਨ ਮਾਲ ਦੇ ਨੁਕਸਾਨ ਵਿੱਚ ਭਾਰੀ ਕਮੀ ਲਿਆਂਦੀ ਜਾ ਸਕਦੀ ਹੈ।

**(6) ਭੌਂ-ਖੋਰ ਕੀ ਹੁੰਦਾ ਹੈ? ਉਦਾਹਰਨਾਂ ਵੀ ਦਿਓ।**

ਉੱਤਰ:- ਮਿੱਟੀ ਦੀ ਸਭ ਤੋਂ ਉੱਪਰਲੀ ਪਰਤ ਦੇ ਖੁਰਨ ਨੂੰ ਭੌਂ-ਖੋਰ ਕਿਹਾ ਜਾਂਦਾ ਹੈ। ਭੌਂ-ਖੋਰ ਕਈ ਤਰੀਕਿਆਂ ਨਾਲ ਹੁੰਦਾ ਹੈ। ਉਦਾਹਰਣ ਦੇ ਤੌਰ ਤੇ ਪੌਣਾਂ, ਗਲੇਸ਼ੀਅਰ ਅਤੇ ਪਾਣੀ ਭੌਂ-ਖੋਰ ਲਈ ਜ਼ਿੰਮੇਵਾਰ ਹਨ। ਵੱਗਦਾ ਪਾਣੀ ਮਿੱਟੀ ਵਿੱਚ ਖੱਡਾਂ ਪਾ ਦਿੰਦਾ ਹੈ ਜਿਨ੍ਹਾਂ ਕਾਰਨ ਡੂੰਘੀਆਂ ਘਾਟੀਆਂ ਬਣ ਜਾਂਦੀਆਂ ਹਨ ਜਿਵੇਂ ਕਿ ਭਾਰਤ ਵਿੱਚ ਚੰਬਲ ਦਾ ਖੇਤਰ।

**(7) ਚਲੰਤ ਪਰਤੀ ਭੂਮੀ ਤੇ ਕਿਸੇ ਹੋਰ ਕਿਸਮ ਦੀ ਪਰਤੀ ਭੂਮੀ ਵਿੱਚ ਕੀ ਅੰਤਰ ਹੈ?**

**ਉੱਤਰ:- ਚਲੰਤ ਪਰਤੀ ਭੂਮੀ:-** ਚਲੰਤ ਪਰਤੀ ਭੂਮੀ, ਉਹ ਭੂਮੀ ਹੁੰਦੀ ਹੈ ਜਿਸ ਵਿੱਚ ਇੱਕ ਜਾਂ ਇੱਕ ਤੋਂ ਘੱਟ ਸਾਲ ਬਾਅਦ ਫ਼ਸਲ ਬੀਜੀ ਜਾਂਦੀ ਹੈ।

**ਹੋਰ ਕਿਸਮ ਦੀ ਪਰਤੀ ਭੂਮੀ-** ਇਹ ਉਹ ਭੂਮੀ ਹੁੰਦੀ ਹੈ ਜਿਸ ਵਿੱਚ ਇੱਕ ਤੋਂ ਪੰਜ ਸਾਲਾਂ ਬਾਅਦ ਫ਼ਸਲ ਬੀਜੀ ਜਾਂਦੀ ਹੈ।

**(8) ਹੇਠ ਦਿੱਤਿਆਂ 'ਤੇ ਨੋਟ ਲਿਖੋ:-**

**(ੳ) ਜ਼ੋਨਲ ਅਤੇ ਅਜ਼ੋਨਲ ਮਿੱਟੀਆਂ:-**

ਉੱਤਰ:- ਉੱਤਪਤੀ ਦੇ ਪੱਖ ਤੋਂ ਮਿੱਟੀਆਂ ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ: ਜ਼ੋਨਲ ਮਿੱਟੀ ਅਤੇ ਅਜ਼ੋਨਲ ਮਿੱਟੀਆਂ। ਜ਼ੋਨਲ ਮਿੱਟੀਆਂ ਨੂੰ 'ਸਥਾਨਕ ਮਿੱਟੀਆਂ' ਵੀ ਕਿਹਾ ਜਾਂਦਾ ਹੈ ਜੋ ਡੂੰਘਾਈ ਤੇ ਦੱਬੀਆਂ ਹੋਈਆਂ ਚਟਾਨਾਂ ਦੇ ਉੱਪਰ ਬਣ ਜਾਂਦੀਆਂ ਹਨ। ਅਜ਼ੋਨਲ ਮਿੱਟੀਆਂ 'ਪ੍ਰਵਾਹਕ ਮਿੱਟੀਆਂ'

ਕਹਾਉਂਦੀਆਂ ਹਨ ਜੋ ਮੁੱਢਲੀਆਂ ਚਟਾਨਾਂ ਤੋਂ ਪੌਣ, ਦਰਿਆ, ਗਲੇਸ਼ੀਅਰ ਜਾਂ ਸਮੁੰਦਰੀ ਲਹਿਰਾਂ ਦੁਆਰਾ ਟੁੱਟ-ਟੁੱਟ ਕੇ ਦੂਸਰੇ ਸਥਾਨ 'ਤੇ ਪਹੁੰਚ ਜਾਂਦੀਆਂ ਹਨ ।

**(ਅ) ਮਿੱਟੀ ਦੀ ਬਣਤਰ**:-ਮਿੱਟੀ ਦੀ ਬਣਤਰ ਦਾ ਅਰਥ ਹੈ ਤੇ ਮਿੱਟੀ ਦੇ ਕਣ ਕਿਸ ਤਰੀਕੇ ਨਾਲ ਇੱਕ ਦੂਜੇ ਨਾਲ ਜੁੜੇ ਹੋਏ ਹਨ। ਮਿੱਟੀ ਦੇ ਕਣਾਂ ਵਿੱਚ ਹਵਾ, ਨਮੀ, ਤਾਪਮਾਨ, ਪਾਣੀ ਸੋਖਣ ਤੇ ਲੰਘਾਉਣ ਦੀਆਂ ਪ੍ਰਕਿਰਿਆਵਾਂ ਹੁੰਦੀਆਂ ਹਨ ਜੋ ਮਿੱਟੀ ਦੇ ਗੁਣ ਤੈਅ ਕਰਦੀਆਂ ਹਨ। ਖੁਸ਼ਕ ਤੇ ਅਰਧ-ਖੁਸ਼ਕ ਖੇਤਰਾਂ ਵਿੱਚ ਕੈਲਸ਼ੀਅਮ ਕਾਰਬੋਨੇਟ ਮਿੱਟੀ ਦੀ ਹੇਠਲੀ ਪਰਤ ਵਿਚ ਜਜ਼ਬ ਹੋ ਜਾਂਦੇ ਹਨ। ਇਸ ਨੂੰ 'ਕਲਾਸੀਫਿਕੇਸ਼ਨ' ਕਿਹਾ ਜਾਂਦਾ ਹੈ। ਮਿੱਟੀ ਵਿੱਚ ਲੂਣ ਦੀ ਮਾਤਰਾ ਵੱਧ ਜਾਣ ਨੂੰ ਮਿੱਟੀ ਦਾ ਖਾਰਾਪਣ ਜਾਂ 'ਸੈਲੇਨਾਈਜ਼ੇਸ਼ਨ'(Salinisation) ਅਤੇ ਮਿੱਟੀ ਦੇ ਤੇਜ਼ੀ ਨਾਲ ਖੁਰਨ ਨੂੰ 'ਲੀਚਿੰਗ'(Leaching), 'ਲੈਸੀਵੀਏਸ਼ਨ'( Lessiviation) ਤੇ ਲੈਟਰਾਈਟ ਹੋ ਜਾਣ ਨੂੰ 'ਚੈਲੀਉਵਿਏਸ਼ਨ'(Cheluviation) ਕਿਹਾ ਜਾਂਦਾ ਹੈ।

**(ੲ) ਸਾਧਨ (ਸਰੋਤ):** ਭੂਗੋਲਿਕ ਤੌਰ 'ਤੇ ਹਰ ਉਹ ਵਸਤੂ ਅਤੇ ਊਰਜਾ ਜੋ ਸਾਨੂੰ ਕੁਦਰਤ ਤੋਂ ਮਿਲਦੀ ਹੈ ਅਤੇ ਮਨੁੱਖ ਸਮੇਤ ਸਾਰੇ ਜੀਵ-ਜੰਤੂ, ਜਿਸ ਨੂੰ ਆਪਣੇ ਫਾਇਦੇ ਲਈ ਵਰਤਦੇ ਹਨ, ਸੋਮਾ(ਸਰੋਤ)ਅਖਵਾਉਂਦੀ ਹੈ। ਦੂਸਰੇ ਸ਼ਬਦਾਂ ਵਿੱਚ ਹਰ ਉਹ ਚੀਜ਼ ਜੋ ਸਾਡੀਆਂ ਜ਼ਰੂਰਤਾਂ ਪੂਰੀਆਂ ਕਰਦੀ ਹੋਵੇ, ਤਕਨੀਕੀ ਤੌਰ 'ਤੇ ਆਸਾਨੀ ਨਾਲ ਮਿਲਣ ਯੋਗ ਹੋਵੇ, ਜੋ ਆਰਥਿਕ ਤੌਰ 'ਤੇ ਵਿਹਾਰਕ ਹੋਵੇ, ਭੂਗੋਲਿਕ ਤੌਰ 'ਤੇ ਮਿਲਣੀ ਸੰਭਵ ਹੋਵੇ ਅਤੇ ਸੱਭਿਆਚਾਰਕ ਤੌਰ 'ਤੇ ਸਾਰਿਆਂ ਨੂੰ ਮਨਜ਼ੂਰ ਹੋਵੇ, ਸੋਮਾ ਅਖਵਾਉਂਦੀ ਹੈ।

**(ਸ) ਮਿੱਟੀ ਦਾ ਆਰਥਿਕ ਮਹੱਤਵ:** ਆਦਿ-ਕਾਲ ਤੋਂ ਹੀ ਉਪਜਾਊ ਮਿੱਟੀ ਮਨੁੱਖ ਦੀ ਖਿੱਚ ਦਾ ਕੇਂਦਰ ਰਹੀ ਹੈ ਅਤੇ ਸਾਰੀਆਂ ਸੱਭਿਆਤਾਵਾਂ ਦਾ ਜਨਮ 'ਤੇ ਵਿਕਾਸ ਵੀ ਉਪਜਾਊ ਮਿੱਟੀ ਵਿੱਚ ਹੀ ਹੋਇਆ ਹੈ। ਸਾਡਾ ਦੇਸ਼ ਖੇਤੀ ਪ੍ਰਧਾਨ ਹੋਣ ਕਰ ਕੇ ਅਜੇ ਵੀ ਮਿੱਟੀ 'ਤੇ ਅਧਾਰਿਤ ਹੈ। ਇਹ ਮਿੱਟੀ ਸਾਡੇ ਦੇਸ਼ ਦੀ ਵੱਡੇ ਜਨਸੰਖਿਅਕ ਆਧਾਰ ਲਈ, ਖਾਣ-ਪੀਣ, ਪਹਿਨਣ ਅਤੇ ਰਹਿਣ ਲਈ ਮੁੱਢਲੀਆਂ ਲੋੜਾਂ ਦੀ ਪੂਰਤੀ ਕਰਨ ਕਰਕੇ, ਇੱਕ ਬਹੁਤ ਹੀ ਮਹੱਤਵਪੂਰਨ ਸਾਧਨ ਬਣ ਗਈ ਹੈ।

**(ਹ) ਭੌਂ-ਖੋਰ ਤੇ ਮਿੱਟੀ ਦੀ ਸੁਰੱਖਿਆ:-** ਜਦੋਂ ਮੀਂਹ ਜਾਂ ਸਿੰਚਾਈ ਦਾ ਪਾਣੀ ਮਿੱਟੀ ਦੀ ਸਭ ਤੋਂ ਉੱਪਰਲੀ ਪਰਤ ਨੂੰ ਖੋਰ ਦਿੰਦਾ ਹੈ ਤਾਂ ਉਸ ਨੂੰ ਭੌਂ- ਖੋਰ ਕਿਹਾ ਜਾਂਦਾ ਹੈ। ਮਿੱਟੀ ਦੀ

ਸਾਂਭ-ਸੰਭਾਲ ਜਾਂ ਸੁਰੱਖਿਆ ਲਈ ਕੁੱਝ ਤਰੀਕੇ ਹੇਠ ਲਿਖੇ ਅਨੁਸਾਰ ਹਨ:

i. ਵੱਧ ਤੋਂ ਵੱਧ ਰੁੱਖ ਲਗਾਉਣਾ
ii. ਪਸ਼ੂਆਂ ਦੇ ਚਾਰੇ ਦਾ ਠੀਕ ਪ੍ਰਬੰਧ ਕਰਨਾ।
iii. ਰੇਤਲੇ ਇਲਾਕੇ ਨੂੰ ਵਧਣ ਤੋਂ ਰੋਕਣ ਲਈ ਦਰੱਖਤਾਂ ਦੀਆਂ ਕਤਾਰਾਂ ਲਗਾਉਣੀਆਂ।
iv. ਖਾਲੀ ਪਈਆਂ ਜ਼ਮੀਨਾਂ ਦਾ ਸਹੀ ਪ੍ਰਬੰਧ ਕਰਨਾ।
v. ਉਦਯੋਗਾਂ ਚੋਂ ਨਿਕਲਣ ਵਾਲੇ ਗੰਦੇ ਪਾਣੀ ਦੇ ਰੋਕ ਲਗਾਉਣਾ।
vi. ਪਹਾੜੀ ਖੇਤਰਾਂ ਵਿੱਚ ਪੌੜੀਨੁਮਾ ਖੇਤ ਬਣਾਉਣੇ।
vii. ਪਿਛਲੀ ਫ਼ਸਲ ਦੀ ਰਹਿੰਦ- ਖੂੰਹਦ ਹਰੀ ਖਾਦ ਨੂੰ ਖੇਤ ਵਿੱਚ ਹੀ ਛੱਡਣਾ।

**9. ਜੈਵਿਕ ਭੂਗੋਲ ਕੀ ਹੈ? ਪਰਿਭਾਸ਼ਾ ਦਿਓ?**

ਉੱਤਰ: ਜੈਵਿਕ ਭੂਗੋਲ ਜਾਨਦਾਰ ਧੜਕਦੀਆਂ ਤੇ ਵੱਧਦੀਆਂ ਜ਼ਿੰਦਗੀਆਂ ਦਾ ਅਧਿਐਨ ਹੈ। ਇਸ ਵਿੱਚ ਜੈਵਿਕ ਸੰਸਾਰ ਦੀ ਸਥਾਨਿਕ ਵੰਡ ਸ਼ਾਮਿਲ ਹੈ। ਜੈਵਿਕ ਭੂਗੋਲ ਨੂੰ ਭੌਤਿਕ ਸਰੂਪ ਵਿੱਚ ਜੰਗਲ, ਪਸ਼ੂ-ਪੰਛੀ, ਜੀਵ-ਜੰਤੂ, ਜ਼ਮੀਨ, ਪਾਣੀ ਅਤੇ ਹਵਾ ਦੇ ਇਲਾਵਾ ਸਾਡੀ ਭੋਜਨ ਲੜੀ ਅਤੇ ਭੋਜਨ ਵੈੱਬ (ਤੰਤਰ) ਦੇ ਵਿਸਥਾਰਤ ਵਿਗਿਆਨ ਦੇ ਤੌਰ 'ਤੇ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ।

**10. ਸੁੰਦਰਬਨ ਉੱਤੇ ਇੱਕ ਨੋਟ ਲਿਖੋ?**

ਉੱਤਰ: ਸੁੰਦਰਬਨ ਦਾ ਗੰਗਾ-ਬ੍ਰਹਮਪੁੱਤਰ ਡੈਲਟਾ ਦੁਨੀਆ ਦਾ ਸਭ ਤੋਂ ਵੱਡਾ ਡੈਲਟਾ ਹੈ। ਇਸ ਨੂੰ ਸੁੰਦਰਬਨ ਡੈਲਟਾ, ਗੰਗਾ ਡੈਲਟਾ, ਬ੍ਰਹਮਪੁੱਤਰ ਡੈਲਟਾ, ਜਾਂ ਬੰਗਾਲ ਡੈਲਟਾ ਵਜੋਂ ਵੀ ਜਾਣਿਆ ਜਾਂਦਾ ਹੈ। ਸੁੰਦਰਬਨ ਡੈਲਟਾ ਵਿਸ਼ਵਵਿਆਪੀ ਮਹੱਤਵ ਰੱਖਦਾ ਹੈ। ਰਾਇਲ ਬੰਗਾਲ ਟਾਈਗਰ ਇੱਥੇ ਪਾਇਆ ਜਾਣ ਵਾਲਾ ਪ੍ਰਮੁੱਖ ਜਾਨਵਰ ਹੈ। ਇਸ ਦਾ ਖੇਤਰਫ਼ਲ 9630 ਵਰਗ ਕਿਲੋਮੀਟਰ ਹੈ। ਦੁਨੀਆ ਦਾ ਇਹ ਇੱਕੋ-ਇੱਕ ਮੈਂਗਰੋਵ ਨਿਵਾਸ ਸਥਾਨ ਹੈ।

**11. ਮੰਨਾਰ ਦੀ ਖਾੜੀ ਉੱਤੇ ਇੱਕ ਨੋਟ ਲਿਖੋ?**

ਉੱਤਰ:-ਮੰਨਾਰ ਦੀ ਖਾੜੀ ਨੂੰ ਸਮੁੰਦਰੀ ਜੈਵ-ਵਿਭਿੰਨਤਾ ਦੇ ਦ੍ਰਿਸ਼ਟੀਕੋਣ ਤੋਂ ਦੁਨੀਆ ਦੇ ਸਭ ਤੋਂ ਅਮੀਰ ਖੇਤਰ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਆਪਣੀ ਇਹ ਵਿਲੱਖਣ ਜੈਵਿਕ ਸੰਪੱਤੀ ਕਰਕੇ ਸਮੁੰਦਰੀ ਵਿਭਿੰਨਤਾ ਦਾ ਭੰਡਾਰ ਹੈ। ਮੰਨਾਰ ਦੀ ਖਾੜੀ ਦਾ ਖੇਤਰਫ਼ਲ 10,500 ਵਰਗ ਕਿਲੋਮੀਟਰ ਹੈ। ਡੁਗੌਂਗ (ਸਮੁੰਦਰੀ ਥਣਧਾਰੀ ਜੀਵ) ਇੱਥੇ ਦਾ ਪ੍ਰਮੁੱਖ ਜਾਨਵਰ ਹੈ। ਮੰਨਾਰ ਦੀ ਖਾੜੀ ਦਾ ਭਾਰਤ ਵਾਲਾ ਹਿੱਸਾ ਕੰਨਿਆਕੁਮਾਰੀ ਦੇ ਉੱਤਰ ਵਿੱਚ ਰਾਮੇਸ਼ਵਰਮ ਟਾਪੂ ਤੋਂ ਤਾਮਿਲਨਾਡੂ ਤੇ ਸ੍ਰੀਲੰਕਾ ਦੇ ਦੱਖਣ ਵੱਲ ਹੈ।

**12. ਪਾਣੀ, ਨਵਿਆਉਣ ਯੋਗ ਸਾਧਨ ਕਿਵੇਂ ਬਣਦਾ ਹੈ?**

ਉੱਤਰ- ਧਰਤੀ ਉੱਤੇ ਪਾਣੀ ਦਾ ਜਲ ਚੱਕਰ ਇਕ ਧਰਮ ਤੰਤਰ (Global Process) ਹੈ ਜਿਸ ਅਧੀਨ ਜਲ ਹਵਾ ਤੋਂ ਧਰਤ ਵੱਲ, ਫਿਰ ਧਰਤ ਤੋਂ ਵਾਪਸ ਵਾਯੂਮੰਡਲ ਵੱਲ ਚੱਲਦਾ ਹੈ। ਇਸ ਚੱਕਰ ਦੇ ਪ੍ਰਮੁੱਖ ਤੱਤਾਂ ਵਿੱਚ ਮਿੱਟੀ ਵਿੱਚ ਪਾਣੀ ਦਾ ਜਜ਼ਬ ਹੋਣਾ, ਧਰਤੀ ਦੀ ਸਤ੍ਹਾ ਉੱਤੇ ਵਹਿਣਾ, ਸਤਹੀ ਜਲ ਦਾ ਜ਼ਮੀਨਦੋਜ਼ ਤੇ ਸਾਗਰੀ ਜਲ ਬਣਨਾ ਅਤੇ ਮਿੱਟੀ ਤੇ ਪੌਦਿਆਂ ਤੋਂ ਵਾਸ਼ਪੀਕਰਨ ਆਦਿ ਦੇ ਹੋਣ ਨਾਲ ਪਾਣੀ ਨਵਿਆਉਣ ਯੋਗ ਸਾਧਨ ਬਣ ਜਾਂਦਾ ਹੈ।

**13. ਪਾਣੀ ਦੀ ਕਮੀ ਦੀ ਪ੍ਰਕਿਰਿਆ ਹੈ ਤੇ ਇਸ ਦਾ ਮੁੱਖ ਕਾਰਨ ਕੀ ਹੈ?**

ਉੱਤਰ - ਪਾਣੀ ਦੀ ਕਮੀ ਦੀ ਪ੍ਰਕਿਰਿਆ ਤੋਂ ਭਾਵ ਹੈ ਕਿ ਜਦੋਂ ਪਾਣੀ ਦੀ ਮੰਗ ਦੀ ਪੂਰਤੀ ਨੂੰ ਪੂਰਾ ਕਰਨ ਲਈ ਧਰਤੀ ਉੱਪਰ ਤਾਜ਼ੇ ਪਾਣੀ ਦੇ ਸਰੋਤਾਂ ਦੀ ਘਾਟ ਹੋਵੇ ਜਾਂ ਉਸ ਮੰਗ ਨੂੰ ਪੂਰਾ ਨਾ ਕੀਤਾ ਜਾ ਸਕੇ। ਪਾਣੀ ਦੀ ਕਮੀ ਦੇ ਮੁੱਖ ਕਾਰਨ ਵੱਧਦੀ ਆਬਾਦੀ ਅਤੇ ਤਾਜ਼ੇ ਪਾਣੀ ਦੀ ਮੰਗ ਵਿੱਚ ਵਿਸ਼ਵ-ਵਿਆਪੀ ਵਾਧਾ, ਪਾਣੀ ਦੀ ਜ਼ਿਆਦਾ ਵਰਤੋਂ ਅਤੇ ਬਰਬਾਦੀ ਅਤੇ ਮੌਸਮੀ ਤਬਦੀਲੀ ਆਦਿ ਮੁੱਖ ਕਾਰਨ ਹਨ।

**14. ਬਹੁ-ਮੰਤਵੀ ਦਰਿਆਈ ਪ੍ਰਾਜੈਕਟਾਂ ਦੇ ਫਾਇਦੇ ਤੇ ਨੁਕਸਾਨ ਕੀ ਹੋ ਸਕਦੇ ਹਨ?**

ਉੱਤਰ: ਬਹੁ-ਮੰਤਵੀ ਦਰਿਆਈ ਪ੍ਰਾਜੈਕਟਾਂ ਦੇ ਫਾਇਦੇ-

- ਮੀਹਾਂ ਦਾ ਪਾਣੀ ਇਕੱਠਾ ਕਰਨ ਲਈ ਸਹਾਇਕ।
- ਬਿਜਲੀ ਉਤਪਾਦਨ ਲਈ ਸਹਾਇਕ।
- ਖੇਤੀ ਕਾਰਜਾਂ ਅਤੇ ਸਿੰਚਾਈ ਲਈ ਸਹਾਇਕ।
- ਘਰੇਗੀ ਤੇ ਸਨਅਤੀ ਖੇਤਰ ਵਿੱਚ ਪਾਣੀ ਦੀ ਜ਼ਰੂਰਤ ਪੂਰੀ ਕਰਨ ਵਿੱਚ ਸਹਾਇਕ।
- ਹੜ੍ਹਾਂ ਨੂੰ ਰੋਕਣ ਲਈ ਸਹਾਇਕ।
- ਜਹਾਜ਼ਰਾਨੀ ਤੇ ਮੱਛੀ ਪਾਲਣ ਦੇ ਕਾਰਜਾਂ ਵਿੱਚ ਸਹਾਇਕ।

**ਬਹੁ-ਮੰਤਵੀ ਦਰਿਆਈ ਪ੍ਰਾਜੈਕਟਾਂ ਦੇ ਨੁਕਸਾਨ:-**

- ਸਿੰਚਾਈ ਪ੍ਰਬੰਧ ਵਿੱਚ ਤਬਦੀਲੀਆਂ।
- ਫ਼ਸਲੀ ਚੱਕਰ ਵਿੱਚ ਤਬਦੀਲੀ।
- ਵਾਤਾਵਰਣ ਅਤੇ ਕੁਦਰਤੀ ਤਬਦੀਲੀਆਂ।
- ਮਿੱਟੀ ਵਿੱਚ ਕੱਲਰ ਅਤੇ ਸੇਮ ਦਾ ਆਉਣਾ।
- ਧਨਾਢ ਜ਼ਿੰਮੀਦਾਰਾਂ ਅਤੇ ਗਰੀਬ ਭੂਮੀਹੀਣਾਂ ਵਿਚਾਲੇ ਪਾੜ੍ਹਾ ਵੱਧਣਾ।
- ਅੰਤਰ-ਰਾਜੀ ਝਗੜੇ ਜਿਵੇਂ ਕਿ ਕਾਵੇਰੀ ਜਲ ਵਿਵਾਦ।

**15. ਪਾਣੀ ਧਰਤੀ ਦਾ ਸਭ ਤੋਂ ਮਹੱਤਵਪੂਰਨ ਤੱਤ ਕਿਵੇਂ ਹੈ?**

**ਉੱਤਰ-** ਪਾਣੀ, ਧਰਤੀ ਦੇ ਸਭ ਤੋਂ ਵੱਧ ਮਹੱਤਵਪੂਰਨ ਤੱਤਾਂ ਵਿੱਚੋਂ ਇੱਕ ਹੈ। ਹਰ ਜੀਵ-ਜੰਤੂ ਤੇ ਪੌਦੇ ਨੂੰ ਜਿਉਣ, ਲਈ ਪਾਣੀ ਦੀ ਜ਼ਰੂਰਤ ਹੁੰਦੀ ਹੈ। ਧਰਤੀ ਉੱਤੇ ਜੇਕਰ ਪਾਣੀ ਨਾ ਹੁੰਦਾ ਤਾਂ ਜੀਵਨ ਵੀ ਨਾ ਹੁੰਦਾ। ਜਿਉਂਦੇ ਰਹਿਣ ਲਈ ਪਾਣੀ ਪੀਣ ਤੋਂ ਇਲਾਵਾ, ਪਾਣੀ ਦੀ ਵਰਤੋਂ ਕਈ ਥਾਵਾਂ ਵਿੱਚ ਹੁੰਦੀ ਹੈ। ਜਿਵੇਂ ਕਿ ਭੋਜਨ ਪਕਾਉਣਾ, ਕੱਪੜੇ ਧੋਣਾ, ਭਾਂਡੇ ਮਾਂਜਣਾ, ਸਾਫ਼ ਸਫਾਈ ਕਰਨਾ, ਬਾਗ਼-ਬਗੀਚੇ ਹਰੇ-ਭਰੇ ਰੱਖਣਾ, ਪਸ਼ੂਆਂ ਅਤੇ ਸਨਅਤੀ ਉਤਪਾਦਨਾਂ ਲਈ ਅਤੇ ਫ਼ਸਲਾਂ ਦੀ ਸਿੰਚਾਈ ਆਦਿ ਲਈ ਪਾਣੀ ਦੀ ਵਰਤੋਂ ਹੁੰਦੀ ਹੈ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਪਾਣੀ ਧਰਤੀ ਦਾ ਸਭ ਤੋਂ ਮਹੱਤਵਪੂਰਨ ਤੱਤ ਹੈ।

**16. ਨੀਲੇ ਪਾਣੀ ਤੇ ਹਰੇ ਪਾਣੀ ਦੇ ਕੀ- ਕੀ ਅਰਥ ਹਨ?**

**ਉੱਤਰ -** ਹਰਾ ਪਾਣੀ ਪੌਦੇ ਦੁਆਰਾ ਸੰਚਾਰਿਤ ਪਾਣੀ ਹੈ, ਜੋ ਮਿੱਟੀ ਵਿੱਚ ਸਟੋਰ ਕੀਤੇ ਮੀਂਹ ਦੇ ਪਾਣੀ ਤੋਂ ਆਉਂਦਾ ਹੈ । ਨੀਲਾ ਪਾਣੀ ਝੀਲਾਂ, ਦਰਿਆਵਾਂ ਤੇ ਜਲਮਈਆਂ (aquifers) ਵਿੱਚ ਪਾਇਆ ਜਾਂਦਾ ਹੈ। ਨੀਲਾ ਪਾਣੀ, ਪੀਣ ਵਾਲੇ ਪਾਣੀ ਸਮੇਤ ਕਈ ਕੰਮਾਂ ਲਈ ਵਰਤਿਆ ਜਾਂਦਾ ਹੈ। ਇਸਦੀ ਵਰਤੋਂ ਘਰਾਂ ਅਤੇ ਕਾਰੋਬਾਰਾਂ ਵਿੱਚ ਕੀਤੀ ਜਾ ਸਕਦੀ ਹੈ।

**17. ਖੇਤੀਬਾੜੀ ਦੇ ਖੇਤਰ ਵਿੱਚ ਪਾਣੀ ਦੀ ਵਰਤੋਂ 'ਤੇ ਨੋਟ ਲਿਖੋ?**

ਉੱਤਰ- ਖੇਤੀਬਾੜੀ ਦੇ ਖੇਤਰ ਲਈ ਪਾਣੀ ਬਹੁਤ ਜ਼ਰੂਰੀ ਹੈ। ਇਹ ਖੇਤੀਬਾੜੀ ਦਾ ਅਨਿੱਖੜਵਾਂ ਅੰਗ ਹੈ। ਖੇਤੀਬਾੜੀ ਦੇ ਖੇਤਰ ਵਿੱਚ ਪਾਣੀ ਦੀ ਵਰਤੋਂ ਫ਼ਸਲਾਂ, ਫਲਾਂ ਅਤੇ ਸਬਜ਼ੀਆਂ ਨੂੰ ਉਗਾਉਣ ਅਤੇ ਪਸ਼ੂ-ਪਾਲਣ ਨੂੰ ਸੰਭਵ ਬਣਾਉਂਦੀ ਹੈ ਜੋ ਕਿ ਸਾਡੀ ਖੁਰਾਕ ਦਾ ਮੁੱਖ ਹਿੱਸਾ ਹੈ। ਜੇਕਰ ਸਿੰਚਾਈ ਦੀ ਗੱਲ ਕਰੀਏ ਤਾਂ ਸਿੰਚਾਈ ਦੇ ਕੰਮਾਂ ਵਿੱਚ ਹੀ 70% ਤਾਜ਼ਾ ਪਾਣੀ ਖਰਚ ਹੋ ਜਾਂਦਾ ਹੈ। ਫ਼ਸਲਾਂ ਦੇ ਝਾੜ ਅਤੇ ਉਤਪਾਦਨ ਨੂੰ ਵਧਾਉਣ ਲਈ ਪਾਣੀ ਦੀ ਸਹੀ ਵਰਤੋਂ ਕਰਨੀ ਬਹੁਤ ਮਹੱਤਵਪੂਰਨ ਹੈ।

**18. ਡੈਮ ਕੀ ਹੁੰਦਾ ਹੈ?**

ਉੱਤਰ- ਡੈਮ, ਉਹ ਬੰਨ੍ਹ ਹੁੰਦਾ ਹੈ ਜੋ ਵੱਗਦੇ ਦਰਿਆ ਦੇ ਪਾਣੀ ਦੇ ਵਹਿਣ ਨੂੰ ਰੋਕ ਕੇ ਉਸ ਨੂੰ ਨਵੀਂ ਦਿਸ਼ਾ ਪ੍ਰਦਾਨ ਕਰਦਾ ਹੈ ਤੇ ਇਸਦੇ ਪਿੱਛੇ ਆਮ ਤੌਰ 'ਤੇ ਵੱਡੀ ਝੀਲ ਪਾਈ ਨੂੰ ਸੰਭਾਲ ਕੇ ਰੱਖਦੀ ਹੈ। ਡੈਮ ਦਾ ਅਰਥ 'ਝੀਲ' ਹੁੰਦਾ ਹੈ।

**19. ਪ੍ਰਾਚੀਨ ਭਾਰਤ ਵਿਚ ਪਾਣੀ ਬੰਨ੍ਹਣ ਦੇ ਕੋਈ ਤਿੰਨ ਤੱਥ ਸਾਂਝੇ ਕਰੋ?**

ਉੱਤਰ:-1. ਚੰਦਰਗੁਪਤ ਮੋਰੀਆ ਦੇ ਸ਼ਾਸਨ ਕਾਲ ਦੌਰਾਨ ਬੰਨ੍ਹ, ਝੀਲਾਂ ਤੇ ਹੋਰ ਅਜਿਹੇ ਪ੍ਰਬੰਧ ਰਾਹੀਂ ਸਿੰਚਾਈ ਦੀ ਕਾਮਯਾਬ ਪ੍ਰਣਾਲੀ ਤਿਆਰ ਕੀਤੀ ਗਈ।

2. ਗਿਆਰਵੀਂ ਸਦੀ ਵਿੱਚ, ਉਸ ਸਮੇਂ ਦੀ ਸਭ ਤੋਂ ਵੱਡੀ ਮਾਨਵ ਨਿਰਮਤ ਝੀਲ, ਭੋਪਾਲ ਵਿਖੇ ਬਣਾਈ ਗਈ ਸੀ।

3. ਚੌਦਵੀਂ ਸਦੀ ਵਿੱਚ ਦਿੱਲੀ ਦੇ ਸ਼ਾਸ਼ਕ ਅਲਤਮਸ਼ ਨੇ ਸ੍ਰੀ ਫੋਰਟ ਖੇਤਰ ਵਿੱਚ ਜਲ ਪ੍ਰਦਾਨ ਕਰਨ ਲਈ ਹੌਜ਼ ਖਾਸ ਨਾਮਕ ਜਲ ਹੌਦੀਆਂ ਬਣਵਾਈਆਂ।

**20 ਭਾਰਤ ਦਾ ਕਿਹੜਾ ਰਾਜ 'ਮਸਾਲਿਆਂ ਦਾ ਬਾਗ਼ ਹੈ' ਤੇ ਕਿਉਂ?**

ਉੱਤਰ:- ਭਾਰਤ ਵਿੱਚ ਕੇਰਲਾ ਨੂੰ 'ਮਸਾਲਿਆਂ ਦੇ ਬਾਗ' ਦੇ ਨਾਮ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਭਾਰਤ ਦਾ ਕੇਰਲ ਰਾਜ ਨੀਵੇਂ ਅਕਸ਼ਾਸ਼ਾਂ ਵਿੱਚ ਸਥਿੱਤ ਹੋਣ ਕਰਕੇ ਗਰਮ ਅਤੇ ਤਰ ਜਲਵਾਯੂ ਵਾਲਾ ਰਾਜ ਹੈ। ਇਸ ਦੇ ਤੱਟੀ ਮੈਦਾਨਾਂ ਵਿੱਚ ਨਦੀਆਂ ਦੁਆਰਾ ਲਿਆ ਕੇ ਉਪਜਾਊ ਜਲੌਢੀ ਮਿੱਟੀ ਦੇ ਮਾਲਾਬਾਰ ਦੇ ਇਲਾਕੇ ਤੇ ਪੱਛਮੀ ਘਾਟ ਦੀਆਂ ਮਿੱਟੀਆਂ ਮਸਾਲਿਆਂ ਦੀ ਖੇਤੀ ਲਈ ਸਭ ਤੋਂ ਬੇਹਤਰੀਨ ਹਨ ।ਕੇਰਲ ਵਿੱਚ ਕਾਲੀ ਮਿਰਚ, ਹਲਦੀ, ਛੋਟੀ ਇਲਾਇਚੀ, ਲੌਂਗ, ਵਨੇਲਾ, ਕੈਮਬੋਜ (ਮਾਲਾਬਾਰ ਦੀ ਇਮਲੀ), ਸੁਪਾਰੀ, ਦਾਲਚੀਨੀ ਅਤੇ ਕੈਮੀਆਂ ਆਦਿ ਦੀ ਪੈਦਾਵਰ ਕੀਤੀ ਜਾਂਦੀ ਹੈ।

**21. ਸਾਡੇ ਲਈ ਖੇਤੀਬਾੜੀ ਦਾ ਕੀ ਮਹੱਤਵ ਹੈ?**

ਉੱਤਰ:- ਭਾਰਤ ਵਿੱਚ ਸੰਸਾਰ ਦੀ ਸਭ ਤੋਂ ਵੱਧ ਵਾਹੀਯੋਗ ਜ਼ਮੀਨ ਹੈ। ਇਸ ਸਮੇਂ 43% ਜ਼ਮੀਨ ਖੇਤੀਬਾੜੀ ਅਧੀਨ ਹੈ। ਪਿੰਡਾਂ ਵਿੱਚ ਰਹਿਣ ਵਾਲੇ ਲਗਭਗ 88 ਕਰੋੜ ਲੋਕਾਂ ਦੀ ਜ਼ਿੰਦਗੀ ਤੇ ਸੁਰੱਖਿਆ ਖੇਤੀ 'ਤੇ ਨਿਰਭਰ ਕਰਦੀ ਹੈ। ਭਾਰਤ ਵਿੱਚ ਵੰਨ-ਸਵੰਨੀ ਜਲਵਾਯੂ ਮਿਲਣ ਕਾਰਨ ਇੱਥੇ ਭਿੰਨ-ਭਿੰਨ ਪ੍ਰਕਾਰ ਦੀਆਂ ਫ਼ਸਲਾਂ ਬੀਜੀਆਂ ਜਾ ਸਕਦੀਆਂ ਹਨ। ਵੱਖ-ਵੱਖ ਖਿੱਤਿਆਂ ਵਿੱਚ ਰਹਿਣ ਵਾਲੇ ਲੋਕਾਂ ਦੀਆਂ ਜ਼ਰੂਰਤਾਂ ਖੇਤੀਬਾੜੀ ਤੋਂ ਹੀ ਪੂਰੀਆਂ ਹੁੰਦੀਆਂ ਹਨ। ਭਾਰਤ ਦੇ ਕੁੱਲ ਘਰੇਲੂ ਉਤਪਾਦਨ ਵਿੱਚ ਖੇਤੀਬਾੜੀ ਖੇਤਰ 20.2 %(2021-22) ਦਾ ਯੋਗਦਾਨ ਦਿੰਦਾ ਹੈ।

**22. ਪਥਰਾਟ ਬਾਲਣ ਕੀ ਹੁੰਦੇ ਹਨ?**

ਉੱਤਰ:- ਪਥਰਾਟ ਬਾਲਣ ਅਸਲ ਵਿੱਚ ਹਾਈਡਰੋਕਾਰਬਨ ਹੁੰਦੇ ਹਨ ਜਿਵੇਂ ਕਿ ਕੋਲਾ, ਪੈਟਰੋਲੀਅਮ ਅਤੇ ਕੁਦਰਤੀ ਗੈਸ। ਇਹ ਨਾਮ ਦਫ਼ਨ ਹੋਏ ਜੈਵਿਕ ਪਦਾਰਥਾਂ ਨੂੰ ਦਿੱਤਾ ਜਾਂਦਾ ਹੈ ਜੋ ਜਾਨਵਰਾਂ ਦੇ ਗਲਣ-ਸੜਨ ਤੋਂ ਕੱਚੇ ਤੇਲ, ਕੋਲੇ, ਕੁਦਰਤੀ ਗੈਸਾਂ ਜਾਂ ਭਾਰੀ ਤੇਲ ਵਿੱਚ ਤਬਦੀਲ ਹੋ ਜਾਂਦੀ ਹੈ। ਇਹ ਤਬਦੀਲੀ ਕਰੋੜਾਂ ਸਾਲ ਧਰਤੀ ਦੀ ਪੇਪੜੀ ਹੇਠ ਦੱਬੇ ਰਹਿ ਕੇ ਦਬਾਅ ਤੇ ਤਾਪ ਕਾਰਨ, ਆਈ ਹੋਣ ਕਾਰਨ ਇਨ੍ਹਾਂ ਨੂੰ ਖਣਿਜ ਬਾਲਣ ਵੀ ਕਿਹਾ ਜਾਂਦਾ ਹੈ।

**23. ਨਿਰਮਾਣ ਤੋਂ ਕੀ ਭਾਵ ਹੈ?**

ਉੱਤਰ:- ਜੋ ਸਨਅਤਾਂ ਕਿਸੇ ਵੀ ਤਰ੍ਹਾਂ ਦੇ ਕੱਚੇ ਮਾਲ ਨੂੰ ਵਧੇਰੇ ਕੀਮਤੀ ਤੇ ਨਿਵੇਕਲੇ ਪੱਖ ਤੋਂ ਵਰਤੋਂਯੋਗ ਵਸਤੂ ਵਿਚ ਤਬਦੀਲ ਕਰਦੀਆਂ ਹਨ, ਨਿਰਮਾਣ ਸਨਅਤਾਂ ਕਹਾਉਂਦੀਆਂ ਹਨ।

**24. ਕਿਸੇ ਸਨਅਤ ਦੀ ਸਥਾਪਨਾ ਲਈ ਕੋਈ ਤਿੰਨ ਮਨੁੱਖੀ ਤੱਤਾਂ ਦੇ ਨਾਂ ਲਿਖੋ?**

ਉੱਤਰ:- ਕਿਸੇ ਸਨਅਤ ਦੀ ਸਥਾਪਨਾ ਲਈ ਤਿੰਨ ਮਨੁੱਖੀ ਤੱਤ ਹੇਠ ਲਿਖੇ ਅਨੁਸਾਰ ਹਨ:-

1. ਨਿਪੁੰਨ ਅਤੇ ਸਿੱਖਿਅਤ ਕਾਮੇ 2. ਪੂੰਜੀਕਾਰੀ 3.ਮੰਡੀ

**25. ਮੁੱਢਲੀਆਂ ਸਨਅਤਾਂ ਕੀ ਹੁੰਦੀਆਂ ਹਨ? ਉਦਾਹਰਣਾਂ ਦਿਓ ।**

ਉੱਤਰ:-ਜੋ ਸਨਅਤਾਂ ਅਜਿਹੇ ਪਦਾਰਥ ਜਾਂ ਵਸਤੂਆਂ ਤਿਆਰ ਕਰਦੀਆਂ ਹਨ ਜੋ ਹੋਰ ਨਿਰਮਾਣ ਸਨਅਤਾਂ ਵਿਚ ਕੱਚੇ ਮਾਲ ਵਜੋਂ ਵਰਤੀਆਂ ਜਾਂਦੀਆਂ ਹਨ ਉਨ੍ਹਾਂ ਨੂੰ ਮੁੱਢਲੀਆਂ ਸਨਅਤਾਂ ਕਿਹਾ ਜਾਂਦਾ ਹੈ। ਜਿਵੇ ਲੋਹੇ ਦੀ ਢਲਾਈ ਸਨਅਤ, ਲੋਹਾ ਤੇ ਇਸਪਾਤ ਸਨਅਤ, ਤਾਂਬਾ ਸ਼ੁੱਧੀਕਰਨ ਸਨਅਤ, ਐਲੂਮੀਨੀਅਮ ਸਨਅਤ ਆਦਿ।

**26. ਸੀਮਿੰਟ ਬਣਾਉਣ ਲਈ ਵਰਤੇ ਜਾਂਦੇ ਜ਼ਰੂਰੀ ਕੱਚੇ ਮਾਲ ਤੋਂ ਜਾਣੂ ਕਰਵਾਓ?**

ਉੱਤਰ:-ਸੀਮਿੰਟ ਬਣਾਉਣ ਲਈ ਚੂਨੇ ਦੇ ਪੱਥਰ ਦਾ ਪ੍ਰਯੋਗ ਕੀਤਾ ਜਾਂਦਾ ਹੈ। ਚੂਨੇ ਦਾ ਪੱਥਰ ਭਾਰਤ ਵਿੱਚ ਲਗਭਗ ਸਾਰੇ ਹੀ ਰਾਜਾਂ ਵਿੱਚੋਂ ਮਿਲਦਾ ਹੈ। ਮੁੱਖ ਉਤਪਾਦਕ ਖੇਤਰਾਂ ਵਿੱਚ ਮੱਧ ਪ੍ਰਦੇਸ਼, ਰਾਜਸਥਾਨ, ਤਾਮਿਲਨਾਡੂ,ਆਂਧਰਾ ਪ੍ਰਦੇਸ਼ ਅਤੇ ਛੱਤੀਸਗੜ੍ਹ ਆਦਿ ਆਉਂਦੇ ਹਨ।

**27.ਸਨਅਤਾਂ ਦੇ ਵਰਗੀਕਰਨ ਦੇ ਮੁੱਢਲੇ ਆਧਾਰ ਕੀ ਹਨ?**

ਉੱਤਰ:- ਸਨਅਤਾਂ ਦੇ ਵਰਗੀਕਰਨ ਦੇ ਮੁੱਢਲੇ ਆਧਾਰ ਹੇਠ ਲਿਖੇ ਅਨੁਸਾਰ ਹਨ:-

1.ਕਿਰਤ ਅਤੇ ਪੂੰਜੀ ਦੇ ਅਧਾਰ 'ਤੇ 2.ਕੱਚੇ ਮਾਲ ਦੇ ਅਧਾਰ 'ਤੇ

3.ਮਲਕੀਅਤ ਦੇ ਆਧਾਰ 'ਤੇ 4. ਕੱਚਾ ਮਾਲ ਸਰੋਤ ਦੇ ਅਧਾਰ 'ਤੇ

**28. ਸੜਕ ਮਾਰਗਾਂ (ਰੋਡਵੇਜ਼) ਦੇ ਕੋਈ ਤਿੰਨ ਗੁਣ ਲਿਖੋ?**

ਉੱਤਰ:- 1. ਸੜਕਾਂ ਦਾ ਨਿਰਮਾਣ ਖ਼ਰਚਾ, ਰੇਲ ਮਾਰਗਾਂ ਦੇ ਨਿਰਮਾਣ ਖਰਚੇ ਤੋਂ ਕਾਫੀ ਘੱਟ ਹੈ।

2. ਸੜਕਾਂ, ਹਿਮਾਲਿਆ ਦੀਆਂ ਉੱਚਾਈਆਂ ਤੇ ਢਲਾਣਾਂ ਵਰਗੀਆਂ ਥਾਵਾਂ ਉੱਤੇ ਵੀ ਉਸਾਰੀਆਂ ਜਾ ਸਕਦੀਆਂ ਹਨ।

3. ਸੜਕੀ ਆਵਾਜਾਈ ਕੁੱਝ ਵਿਅਕਤੀਆਂ ਦੇ ਥੋੜ੍ਹੇ ਮਾਲ ਸਮੇਤ ਘੱਟ ਦੂਰੀਆਂ ਤੈਅ ਕਰਨ ਵਿੱਚ ਸਸਤੀ ਪੈਂਦੀ ਹੈ।

4. ਸੜਕਾਂ ਰੇਲਾਂ ਦੇ ਮੁਕਾਬਲੇ ਵਧੇਰੇ ਅੱਗੜ੍ਹ-ਦੁੱਘੜ੍ਹ ਧਰਾਤਲ ਉੱਤੇ ਉਸਾਰੀਆਂ ਜਾ ਸਕਦੀਆਂ ਹਨ।

**29. ਜਲ ਆਵਾਜਾਈ ਦੇ ਕੋਈ ਚਾਰ ਲਾਭ ਦੱਸੋ?**

ਉੱਤਰ:-1. ਜਲ ਮਾਰਗਾਂ ਦੇ ਨਿਰਮਾਣ ਤੇ ਸਾਂਭ-ਸੰਭਾਲ ਦਾ ਖਰਚਾ ਲਗਭਗ ਨਾਂਹ ਦੇ ਬਰਾਬਰ ਹੁੰਦਾ ਹੈ।

2. ਰੇਲ ਤੇ ਸੜਕੀ ਆਵਾਜਾਈ ਸਾਧਨਾਂ ਦੇ ਮੁਕਾਬਲੇ ਜਲ ਆਵਾਜਾਈ ਸਾਧਨ ਬਹੁਤ ਸਸਤੇ ਪੈਂਦੇ ਹਨ।

3. ਜਲ ਆਵਾਜਾਈ ਰਾਹੀਂ ਭਾਰੀਆਂ ਵਸਤੂਆਂ ਦੀ ਢੋਆ-ਢੁਆਈ ਕਾਫੀ ਸੌਖੀ ਤੇ ਹੋਰ ਸਾਧਨਾਂ ਦੇ ਮੁਕਾਬਲੇ ਵਧੇਰੇ ਲਾਹੇਵੰਦ ਰਹਿੰਦੀ ਹੈ।

4. ਵਿਦੇਸ਼ੀ ਵਪਾਰ ਵੀ ਜ਼ਿਆਦਾਤਰ ਸਮੁੰਦਰੀ ਜ਼ਹਾਜ਼ਰਾਨੀ 'ਤੇ ਨਿਰਭਰ ਕਰਦਾ ਹੈ।

**30. ਸੁਨਹਿਰੀ ਚਤਰਭੁੱਜ ਉੱਪਰ ਇੱਕ ਨੋਟ ਲਿਖੋ?**

ਉੱਤਰ:- ਸਰਕਾਰ ਨੇ ਦਿੱਲੀ-ਕੋਲਕਾਤਾ-ਚੇਨੱਈ-ਮੁੰਬਈ-ਦਿੱਲੀ ਸੁਪਰ ਹਾਈਵੇਅ ਨੂੰ ਛੇ ਮਾਰਗੀ ਬਣਾਉਣ ਦਾ ਪ੍ਰੋਜੈਕਟ ਆਰੰਭਿਆ ਹੈ। ਉੱਤਰ-ਦੱਖਣ ਗਲਿਆਰਾ, ਸ੍ਰੀਨਗਰ(ਜ਼ੰਮੂ ਤੇ ਕਸ਼ਮੀਰ)ਤੋਂ ਕੰਨਿਆ ਕੁਮਾਰੀ(ਤਾਮਿਲਨਾਡੂ) ਤੱਕ, ਪੂਰਬ-ਪੱਛਮ ਗਲਿਆਰਾ ਸਿਲਚਰ (ਆਸਾਮ) ਤੋਂ ਪੋਰਬੰਦਰ (ਗੁਜਰਾਤ) ਤੱਕ, ਇਸ ਸੁਨਹਿਰੀ ਚਤਰਭੁੱਜ ਪ੍ਰੋਜੈਕਟ ਦਾ ਹਿੱਸਾ ਹਨ। ਇਸ ਉੱਪਰ ਹਾਈਵੇਅਜ਼ ਪ੍ਰੋਜੈਕਟ ਦਾ ਮਨੋਰਥ ਦੇਸ਼ ਦੇ ਮਹਾਂਨਗਰਾਂ ਵਿਚਾਲੇ ਸਮਾਂ ਅਤੇ ਫਾਸਲਾ ਘਟਾਉਣਾ ਹੈ। ਇਹ ਹਾਈਵੇਅਜ਼ ਪ੍ਰੋਜੈਕਟ ਨੈਸ਼ਨਲ ਹਾਈਵੇਅ ਅਥਾਰਟੀ ਆਫ਼ ਇੰਡੀਆ ਵੱਲੋਂ ਲਾਗੂ ਕੀਤੇ ਜਾ ਰਹੇ ਹਨ।

**31. ਭਾਰਤ ਦੀਆਂ ਪ੍ਰਮੁੱਖ ਹਵਾਈ ਆਵਾਜਾਈ ਕੰਪਨੀਆਂ ਦੇ ਨਾਮ ਲਿਖੋ?**

ਉੱਤਰ -ਭਾਰਤ ਵਿੱਚ ਇਸ ਸਮੇਂ ਹੇਠ ਲਿਖੀਆਂ ਹਵਾਈ ਕੰਪਨੀਆਂ ਹਵਾਈ ਸੇਵਾਵਾਂ ਨਿਭਾ ਰਹੀਆਂ ਹਨ:-

1.ਵਿਸਤਰਾ 2.ਇੰਡੀਗੋ 3.ਏਅਰ ਇੰਡੀਆ 4.ਸਪਾਈਸ ਜੈੱਟ

5.ਗੋ ਏਅਰ 6. ਏਅਰ ਏਸ਼ੀਆ 7.ਅਲਾਇੰਸ ਏਅਰ 8.ਇੰਡੀਅਨ ਏਅਰ ਐਕਸਪ੍ਰੈਸ

## ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 100-120 ਸ਼ਬਦਾਂ ਵਿੱਚ ਦਿਓ:

**1. ਭਾਰਤ ਦੀ ਜੈਵਿਕ ਵਿਭਿੰਨਤਾ ਦੇ ਮਹੱਤਵਪੂਰਨ ਤੱਥਾਂ ਤੋਂ ਜਾਣੂ ਕਰਵਾਓ।**

ਉੱਤਰ:-ਭਾਰਤ ਵਿੱਚ ਜੈਵਿਕ ਵਿਭਿੰਨਤਾ ਬਾਰੇ ਕੁੱਝ ਜ਼ਰੂਰੀ ਤੱਥ ਹੇਠ ਲਿਖੇ ਅਨੁਸਾਰ ਹਨ:

1. ਭਾਰਤ ਸੰਸਾਰ ਦੇ 17 ਮੈਗਾ ਵਿਭਿੰਨਤਾ ਵਾਲੇ ਦੇਸ਼ਾਂ ਵਿੱਚੋ ਇੱਕ ਹੈ, ਸੰਸਾਰ ਦੀ 33% ਜ਼ਿੰਦਗੀ ਨਿਵਾਸ ਕਰਦੀ ਹੈ।

2. ਭਾਰਤ ਵਿੱਚ ਸੰਸਾਰ ਦੇ ਕੁੱਲ ਰਕਬੇ ਦਾ ਸਿਰਫ਼ 2.4% ਹੋਣ ਦੇ ਬਾਵਜੂਦ ਇੱਥੇ 8% ਪ੍ਰਜਾਤੀਆਂ ਪਾਈਆਂ ਜਾਂਦੀਆਂ ਹਨ।

3. ਭਾਰਤ ਨੂੰ 10 ਜੈਵ ਭੂਗੋਲਿਕ ਜ਼ੋਨਾਂ, 26 ਜੈਵਿਕ ਸੂਬਿਆਂ ਵਿੱਚ ਵੰਡਿਆ ਜਾ ਸਕਦਾ ਹੈ, ਜਿਨ੍ਹਾਂ ਵਿੱਚ ਸੰਸਾਰ ਦੇ ਲਗਭਗ ਹਰ ਕਿਸਮ ਦੇ ਪਾਰਿਸਥਿਕ ਤੰਤਰ ਮਿਲਦੇ ਹਨ।

4.ਭਾਰਤ ਵਿੱਚ 122 ਬੋਟੈਨੀਕਲ ਬਾਗ਼, 106 ਰਾਸ਼ਟਰੀ ਪਾਰਕ, 347 ਚਿੜੀਆਘਰ, 573 ਜੰਗਲੀ ਜੀਵ ਰੱਖਾਂ ਅਤੇ 18 ਜੈਵ-ਮੰਡਲ ਰਿਜ਼ਰਵ ਹਨ।

5. ਸਾਡੇ ਦੇਸ਼ ਵਿਚ ਪੌਦਿਆਂ ਦੀਆਂ ਲਗਭਗ 50,000 ਤੇ ਜੀਵ ਜੰਤੂਆਂ ਦੀਆਂ 81,000 ਪ੍ਰਜਾਤੀਆਂ ਦੀ ਪਛਾਣ ਹੋ ਚੁੱਕੀ ਹੈ ।

6. ਭਾਰਤ ਦੇ ਪੱਛਮੀ ਘਾਟ ਵਿੱਚ ਲਗਭਗ 60% ਜੈਵ-ਵਿਭਿੰਨਤਾ ਪਾਈ ਜਾਂਦੀ ਹੈ। ਇਹ ਖਿੱਤਾ ਜੈਵ-ਵਿਭਿੰਨਤਾ ਦਾ ਤੀਖਣ ਬਿੰਦੂ ਹੈ।

7. ਭਾਰਤ ਅਲੋਪ ਹੋਣ ਕੰਢੇ ਪੁੱਜੀਆਂ ਕਈ ਪਰਜਾਤੀਆਂ ਦੇ ਗ਼ੈਰ-ਕਾਨੂੰਨੀ ਵਪਾਰ ਨੂੰ ਰੋਕਣ ਲਈ ਕੌਮਾਂਤਰੀ ਸੰਧੀਆਂ 'ਤੇ ਹਸਤਾਖ਼ਰ ਕਰ ਚੁੱਕਾ ਹੈ।

8.ਭਾਰਤ ਵਿੱਚ 40 ਵਿਸ਼ਵ ਵਿਰਾਸਤੀ ਸਥਾਨ ਅਤੇ 85 ਰਾਮਸਰ ਜਲਗਾਹਾਂ ਵੀ ਹਨ।

**2. ਬਹੁ-ਮੰਤਵੀ ਪ੍ਰਾਜੈਕਟਾਂ ਨੇ ਖੇਤੀ ਖੇਤਰ ਵਿਚ ਕੀ-ਕੀ ਤਬਦੀਲੀਆਂ ਲਿਆਂਦੀਆਂ ਹਨ?**

ਉੱਤਰ:- ਬਹੁ-ਮੰਤਵੀ ਪ੍ਰਾਜੈਕਟਾਂ ਨੇ ਖੇਤੀ ਖੇਤਰ ਵਿੱਚ ਫ਼ਸਲੀ, ਵਾਤਾਵਰਣ, ਸਮਾਜਿਕ ਅਤੇ ਰਾਜਨੀਤਿਕ ਤਬਦੀਲੀਆਂ ਵਿੱਚ ਹੇਠ ਲਿਖੇ ਅਨੁਸਾਰ ਤਬਦੀਲੀਆਂ ਲਿਆਂਦੀਆਂ ਹਨ:

1. ਬਹੁ-ਮੰਤਵੀ ਪ੍ਰੋਜੈਕਟਾਂ ਵਿੱਚ ਸਿੰਚਾਈ ਪ੍ਰਬੰਧ ਵਿੱਚ ਤਬਦੀਲੀ ਆਉਣ ਨਾਲ ਫ਼ਸਲੀ ਚੱਕਰ ਵੀ ਤਬਦੀਲ ਹੋ ਗਿਆ ਹੈ।

2. ਕਿਸਾਨ ਸੰਘਣੀ ਖੇਤੀ ਅਤੇ ਨਕਦ ਫਸਲਾਂ ਦੇ ਵੱਲ ਜ਼ਿਆਦਾ ਧਿਆਨ ਦੇਣ ਲੱਗ ਪਏ ਹਨ।

3. ਵਾਤਾਵਰਣ ਅਤੇ ਕੁਦਰਤੀ ਤਬਦੀਲੀਆਂ ਸਾਹਮਣੇ ਆ ਰਹੀਆਂ ਹਨ ਜਿਵੇਂ ਮਿੱਟੀ ਵਿੱਚ ਕੱਲਰ ਅਤੇ ਸੇਮ ਆਉਣਾ।

4. ਧਨਾਢ ਜ਼ਿੰਮੀਦਾਰਾ ਅਤੇ ਗਰੀਬ ਭੂਮੀਹੀਣਾਂ ਵਿਚਕਾਰ ਪਾੜਾ ਵੱਧਣਾ।

5. ਡੈਮਾਂ ਕਾਰਨ, ਇੱਕ ਹੀ ਜਲ ਸਾਧਨ ਦੀ ਵਰਤੋਂ ਤੇ ਉਸ ਦੇ ਫ਼ਾਇਦਿਆਂ ਵਿੱਚੋਂ ਹਿੱਸਾ ਵੰਡਾਉਣ ਲਈ ਵੱਖੋ-ਵੱਖ ਸਮਾਜਿਕ ਤੇ ਰਾਜਨੀਤਿਕ ਇਕਾਈਆਂ ਵਿੱਚ ਆਪਸੀ ਉਲਝੇਵੇਂ ਆਉਣੇ।

6. ਰਾਜਾਂ ਵਿਚ ਆਪਸੀ ਅੰਤਰ-ਰਾਜੀ ਝਗੜੇ। ਜਿਵੇਂ ਕਿ ਕਰਨਾਟਕ ਤੇ ਤਾਮਿਲਨਾਡੂ ਵਿਚਕਾਰ 'ਕਾਵੇਰੀ ਜਲ ਵਿਵਾਦ'।

**3. ਜਲ ਸ਼ੁੱਧੀਕਰਨ ਲਈ ਸੀਚੇਵਾਲ ਮਾਡਲ ਕੀ ਸੀ ਤੇ ਇਹ ਜਲ ਸੰਭਾਲ ਕਿਵੇਂ ਕਰਦਾ ਹੈ?**

ਉੱਤਰ:- ਸੀਚੇਵਾਲ ਮਾਡਲ ਜੋ ਕਿ ਸਧਾਰਨ ਪਾਈਪ ਅਤੇ ਪੰਪ ਫਾਰਮੂਲਾ ਹੈ। ਸੀਚੇਵਾਲ ਮਾਡਲ ਪਾਣੀ ਦੀ ਸ਼ੁੱਧੀਕਰਨ ਵਰਗੀ ਸੰਗੀਨ ਔਕੜ ਦਾ ਹੱਲ ਹੈ। ਇਹ ਤਰੀਕਾ ਜ਼ਿਲ੍ਹਾ ਜਲੰਧਰ ਦੇ ਪਿੰਡ ਸੀਚੇਵਾਲ ਤੇ ਜ਼ਿਲ੍ਹਾ ਕਪੂਰਥਲਾ ਵਿੱਚ ਸੁਲਤਾਨਪੁਰ ਲੋਧੀ ਸਮੇਤ ਕਈ ਥਾਂਵਾਂ 'ਤੇ ਲਾਗੂ ਕੀਤਾ ਗਿਆ ਹੈ। ਭਾਰਤ ਸਰਕਾਰ ਨੇ ਇਸ ਨੂੰ 'ਸੀਚੇਵਾਲ ਮਾਡਲ' ਦਾ ਨਾਮ ਦਿੱਤਾ ਹੈ ਤੇ ਗੰਗਾ ਸਮੇਤ ਕਈ ਭਾਰਤੀ ਦਰਿਆਵਾਂ ਦੀ ਸਫ਼ਾਈ ਕਰਨ ਹਿੱਤ ਇਸ ਨੂੰ ਲਾਗੂ ਕਰ ਦਿੱਤਾ ਗਿਆ ਹੈ। ਸੀਚੇਵਾਲ ਮਾਡਲ ਦਾ ਮਨੋਰਥ ਪਿੰਡਾਂ ਨੂੰ ਸਾਫ਼-ਸੁਥਰਾ ਅਤੇ ਹਰੇ-ਭਰੇ ਰੱਖਣਾ ਹੈ।

**ਸੀਚੇਵਾਲ ਮਾਡਲ:-**

1. ਪਿੰਡਾਂ ਦਾ ਗੰਦਾ ਪਾਣੀ/ ਤਰਲ ਇੱਕ ਟੋਭੇ ਵਿੱਚ ਇਕੱਤਰ ਕਰ ਲਿਆ ਜਾਂਦਾ ਹੈ।

2. ਪਾਣੀ ਦੀ ਸਤਹ ਉੱਤੇ ਤੈਰਦੇ ਪਦਾਰਥਾਂ ਨੂੰ, ਨਿਤਾਰਨ ਦੀ ਵਿਧੀ ਰਾਹੀਂ ਇਕੱਤਰ ਕਰ ਲਿਆ ਜਾਂਦਾ ਹੈ।

3. ਦੂਸ਼ਿਤ ਪਾਣੀ ਨੂੰ ਤਿੰਨ ਖੂਹਾਂ ਵਿਚ ਪਾਇਆ ਜਾਂਦਾ ਹੈ। ਪਹਿਲੇ ਖੂਹ ਵਿਚ ਸਾਰੇ ਮਾਦੇ ਨੂੰ ਘੜੀ ਦੀਆਂ ਸੂਈਆਂ ਦੇ ਸਮਾਨਅੰਤਰ ਘੁਮਾਇਆ ਜਾਂਦਾ ਹੈ, ਜਿਸ ਵਿੱਚ ਗਾਧ ਤੇ ਪੱਥਰ ਵੱਖ ਹੋ ਜਾਂਦੇ ਹਨ। ਦੂਜੇ ਖੂਹ ਵਿੱਚ ਘੜੀ ਦੀਆਂ ਸੂਈਆਂ ਦੀ ਹਰਕਤ ਦੇ ਵਿਰੁੱਧ ਘੁੰਮਾਉਣ ਨਾਲ ਦੂਸ਼ਿਤ ਪਾਣੀ ਵਿੱਚਲੇ ਤੇਲ ਅਧਾਰਿਤ ਪਦਾਰਥ ਜਿਵੇਂ ਕਿ ਤੇਲ, ਚਰਬੀ ਤੇ ਘਿਉ ਵੱਖਰੇ ਹੋ ਜਾਂਦੇ ਹਨ। ਤੀਜੇ ਖੂਹ ਵਿਚ ਪਾਣੀ ਮੁੱਖ ਤਲਾਅ ਵਿੱਚ ਚਲਾ ਜਾਂਦਾ ਹੈ।

4.ਪ੍ਰਮੁੱਖ ਤਲਾਅ ਵਿੱਚਲਾ ਪਾਣੀ ਸੂਰਜੀ ਕਿਰਨਾਂ ਨਾਲ ਸਾਫ਼ ਕੀਤਾ ਜਾਂਦਾ ਹੈ।

5. ਤਲਾਅ ਵਿੱਚੋਂ ਜਲ ਦੇ ਨਿਕਾਸ ਵਾਲੇ ਪਾਸਿਓ, ਮੋਟਰ ਪੰਪ ਦੀ ਸਹਾਇਤਾ ਦਾ ਪਾਣੀ ਚੁੱਕ ਕੇ ਸਿੰਚਾਈ ਲਈ ਭੇਜ ਦਿੱਤਾ ਜਾਂਦਾ ਹੈ।

6. ਜਲ ਸੋਧਕ ਸਹੂਲਤ ਦੇ ਚਾਰੇ ਪਾਸੇ ਵੀ ਪੌਦੇ ਲਗਾਏ ਜਾਂਦੇ ਹਨ।

**4. ਖੇਤੀਬਾੜੀ ਦੀਆਂ ਕਿਸਮਾਂ ਉੱਤੇ ਵਿਸਤ੍ਰਿਤ ਨੋਟ ਲਿਖੋ?**

ਉੱਤਰ:- ਭਾਰਤ ਵਿਚ ਭਿੰਨ-ਭਿੰਨ ਪ੍ਰਕਾਰ ਦੇ ਭੂਗੋਲਿਕ ਅਤੇ ਵਾਤਾਵਰਨ ਵਖਰੇਵਿਆਂ ਕਾਰਨ ਕਈ ਪ੍ਰਕਾਰ ਦੀ ਖੇਤੀ ਕੀਤੀ ਜਾਂਦੀ ਹੈ:-

**1.ਸਥਾਨ-ਅੰਤਰੀ ਖੇਤੀ**: ਸਥਾਨ-ਅੰਤਰੀ ਖੇਤੀ ਸਿਰਫ਼ ਪੱਛੜੇ ਜੰਗਲੀ ਇਲਾਕਿਆਂ ਵਿੱਚ ਕੀਤੀ ਜਾਂਦੀ ਹੈ।ਅਜਿਹੀ ਖੇਤੀ ਵਿੱਚ ਕਿਸਾਨ ਜੰਗਲਾਂ ਨੂੰ ਸਾੜ ਕੇ ਜਾਂ ਦਰੱਖਤ ਕੱਟ ਕੇ ਜ਼ਮੀਨ ਨੂੰ ਵਾਹੀ ਯੋਗ ਬਣਾਉਂਦਾ ਹੈ ਅਤੇ ਰਵਾਇਤੀ ਸੰਦਾਂ ਨਾਲ ਦੋ-ਤਿੰਨ ਸਾਲ ਤੱਕ ਖੇਤੀ ਕਰਦਾ ਹੈ।

**2.ਨਿਰਬਾਹ ਖੇਤੀ**: ਕਿਸਾਨ ਦੁਆਰਾ ਜਦੋਂ ਸਿਰਫ਼ ਆਪਣੇ ਪਰਿਵਾਰ ਦੇ ਗੁਜ਼ਾਰੇ ਲਈ ਫ਼ਸਲਾਂ ਉਗਾਈਆ ਜਾਣ ਤੇ ਉਪਜ ਨੂੰ ਬਾਜ਼ਾਰ ਵਿੱਚ ਵਿਕਰੀ ਲਈ ਨਾ ਲੈ ਕੇ ਜਾਇਆ ਜਾਵੇ, ਕਿਸ ਕਿਸਮ ਦੀ ਖੇਤੀ ਨੂੰ ਨਿਰਬਾਹ ਖੇਤੀ ਕਿਹਾ ਜ਼ਾਂਦਾ ਹੈ।

**3. ਸੰਘਣੀ ਖੇਤੀ** :-ਅਬਾਦੀ ਦੇ ਵੱਧਣ ਨਾਲ ਜੋਤਾਂ ਲਗਾਤਾਰ ਛੋਟੀਆਂ ਹੁੰਦੀਆਂ ਜਾ ਰਹੀਆਂ ਹਨ। ਕਿਸਾਨ ਅਜਿਹੇ ਛੋਟੇ ਜ਼ਮੀਨ ਦੇ ਟੁੱਕੜਿਆਂ ਵਿੱਚੋਂ ਵੱਧ ਝਾੜ ਦੇਣ ਵਾਲੇ ਬੀਜ, ਰੂੜੀ ਦੀ ਖਾਦ, ਰਸਾਇਣਿਕ ਖਾਦਾਂ, ਕੀਟ ਨਾਸ਼ਕ ਤੇ ਸਿੰਚਾਈ ਸਹੂਲਤਾਂ ਦੀ ਵਰਤੋਂ ਨਾਲ ਵੱਧ ਤੋਂ ਵੱਧ ਝਾੜ ਲੈਣ ਦੀ ਕੋਸ਼ਿਸ਼ ਕਰਦੇ ਹਨ।

**4. ਵਿਆਪਕ ਖੇਤੀ:-** ਵਿਆਪਕ ਖੇਤੀ ਵਿੱਚ ਜੋਤਾਂ ਦਾ ਆਕਾਰ ਵੱਡਾ ਹੁੰਦਾ ਹੈ। ਬੀਜ ਬੀਜਣ ਤੋਂ ਲੈ ਕੇ ਫ਼ਸਲ ਦੇ ਕੱਟਣ ਤੱਕ ਜ਼ਿਆਦਾਤਰ ਕੰਮ ਮਸ਼ੀਨਾਂ ਨਾਲ ਕੀਤੇ ਜਾਂਦੇ ਹਨ।

**5. ਵਪਾਰਕ ਖੇਤੀ:-** ਇਸ ਕਿਸਮ ਦੀ ਖੇਤੀ, ਉਤਪਾਦਾਂ ਨੂੰ ਸਿੱਧੇ ਬਾਜ਼ਾਰ ਵਿੱਚ ਵੇਚਣ ਲਈ ਕੀਤੀ ਜਾਂਦੀ ਹੈ। ਇਸ ਤਰ੍ਹਾਂ ਦੀ ਖੇਤੀ ਘੱਟ ਵਸੋਂ ਵਾਲੇ ਖੇਤਰਾਂ ਵਿੱਚ ਆਧੁਨਿਕ ਤਰੀਕਿਆਂ ਨਾਲ ਕੀਤੀ ਜਾਂਦੀ ਹੈ।

**6. ਰੋਪਣ ਖੇਤੀ:-** ਰੋਪਣ ਖੇਤੀ ਵਿੱਚ ਵਿਗਿਆਨਕ ਢੰਗਾਂ ਨਾਲ ਫਸਲਾਂ ਰੋਪਿਤ ਕਰ ਕੇ ਉਗਾਈਆਂ ਜਾਂਦੀਆਂ ਹਨ। ਅਜਿਹੀ ਖੇਤੀ ਦਾ ਮੰਤਵ ਉਪਜਾਂ ਤੋਂ ਵੱਧ ਤੋਂ ਵੱਧ ਮੁਨਾਫਾ ਕਮਾਉਣਾ ਹੁੰਦਾ ਹੈ।

**7. ਲੰਬਕਾਰੀ ਜਾ ਖੜ੍ਹੀ ਖੇਤੀ**:- ਲੰਬਕਾਰੀ ਖੇਤੀ ਖਾਸ ਵਾਤਾਵਰਨ ਹਾਲਾਤਾਂ ਵਿਚ ਟਰੇਆਂ ਵਿੱਚ ਮਿੱਟੀ, ਪਾਣੀ 'ਤੇ ਉੱਨਤ ਬੀਜਾਂ ਦਾ ਇਸਤੇਮਾਲ ਕਰਕੇ ਕੀਤੀ ਜਾਂਦੀ ਹੈ। ਖੇਤੀ ਮਜ਼ਦੂਰਾਂ ਦਾ ਸਿੱਖਿਅਤ ਹੋਣਾ ਜ਼ਰੂਰੀ ਹੈ।

**8. ਮਿਸ਼ਰਤ ਖੇਤੀ**:- ਮਿਸ਼ਰਤ ਖੇਤੀ ਵਿੱਚ ਫ਼ਸਲਾਂ ਉਗਾਉਣ ਦੇ ਨਾਲ-ਨਾਲ ਪਸ਼ੂ ਪਾਲਣ ਵੀ ਸ਼ਾਮਿਲ ਹੈ। ਅਜਿਹੀ ਖੇਤੀ ਜ਼ਿਆਦਾ ਵੱਸੋਂ ਵਾਲੇ ਖੇਤਰਾਂ ਵਿੱਚ ਕੀਤੀ ਜਾਂਦੀ ਹੈ।

**(5) ਭਾਰਤ ਵਿੱਚ ਖੇਤੀਬਾੜੀ ਦੇ ਮੌਸਮਾਂ ਬਾਰੇ ਵਿਆਖਿਆ ਕਰੋ?**

**ਉੱਤਰ:-**ਭਾਰਤ ਵਿੱਚ ਵੰਨ-ਸੁਵੰਨੀ ਜਲਵਾਯੂ ਮਿਲਣ ਕਾਰਨ, ਵੱਖੋ-ਵੱਖਰੇ ਭੌਤਿਕ, ਸਮਾਜਿਕ ਅਤੇ ਆਰਥਿਕ ਹਾਲਤਾਂ ਵਿੱਚ ਵੱਖੋ-ਵੱਖਰੀਆਂ ਫ਼ਸਲਾਂ ਬੀਜੀਆਂ ਜਾਂਦੀਆਂ ਹਨ। ਭਾਰਤ ਵਿੱਚ ਖੇਤੀਬਾੜੀ ਦੇ ਮੁੱਖ ਮੌਸਮਾਂ ਵਿੱਚ ਖਰੀਫ਼ ਜਾਂ ਸਾਉਣੀ ਦੀ ਫ਼ਸਲ, ਜ਼ਾਇਦ/ ਜ਼ੈਦ-। ਫ਼ਸਲ, ਰੱਬੀ ਜਾਂ ਹਾੜ੍ਹੀ ਦੀ ਫ਼ਸਲ ਅਤੇ ਜ਼ਾਇਦ/ ਜ਼ੈਦ-2 ਫ਼ਸਲਾਂ ਹਨ।

**1.ਖਰੀਫ਼ ਜਾਂ ਸਾਉਣੀ ਦੀ ਫ਼ਸਲ**:- ਸਾਉਣੀ ਜਾਂ ਖ਼ਰੀਫ਼ ਦੀਆਂ ਫ਼ਸਲਾਂ ਵਿੱਚ ਮੁੱਖ ਤੌਰ 'ਤੇ ਝੋਨਾ, ਅਰਹਰ, ਮੂੰਗੀ, ਮਾਂਹ, ਗੰਨਾ, ਸੋਇਆਬੀਨ, ਜਵਾਰ, ਬਾਜਰਾ, ਮੂੰਗਫਲੀ, ਪਟਸਨ, ਤਿੱਲ ਆਦਿ ਮੁੱਖ ਫਸਲਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਇਨ੍ਹਾਂ ਫ਼ਸਲਾਂ ਨੂੰ ਬੀਜਣ ਦਾ ਸਮਾਂ 01 ਜੂਨ ਤੋਂ ਅਕਤੂਬਰ ਦੇ ਮੱਧ ਤੱਕ ਹੁੰਦਾ ਹੈ। ਇਨ੍ਹਾਂ ਫ਼ਸਲਾਂ ਲਈ ਨਮੀ ਭਰਪੂਰ ਦੱਖਣ-ਪੱਛਮੀ ਮੌਨਸੂਨ ਵਰਖਾ ਕਾਫੀ ਲਾਭਦਾਇਕ ਸਿੱਧ ਹੁੰਦੀ ਹੈ। ਇਹ ਫਸਲਾਂ ਜ਼ਿਆਦਾਤਰ ਗਰਮ ਅਤੇ ਤਰ ਮੌਸਮ ਉੱਤੇ ਨਿਰਭਰ ਕਰਦੀਆਂ ਹਨ।

**2. ਜ਼ਾਇਦ/ ਜ਼ੈਦ-। ਫ਼ਸਲਾਂ:-** ਜ਼ੈਦ ਫ਼ਸਲਾਂ ਵਿੱਚ ਮੁੱਖ ਤੌਰ 'ਤੇ ਸ਼ਬਜੀਆਂ ਅਤੇ ਚਾਰਾ ਸ਼ਾਮਿਲ ਕੀਤਾ ਗਿਆ ਹੈ। ਇਨ੍ਹਾਂ ਫ਼ਸਲਾਂ ਨੂੰ ਬੀਜਣ ਦਾ ਸਮਾਂ ਅਕਤੂਬਰ ਤੋਂ ਨਵੰਬਰ ਤੱਕ ਹੁੰਦਾ ਹੈ। ਮੌਨਸੂਨ ਦੀ ਵਾਪਸੀ, ਘੱਟਦਾ ਤਾਪਮਾਨ ਤੇ ਵੱਧ ਨਮੀ ਵਾਲਾ ਜਲਵਾਯੂ ਇਹਨਾਂ ਫ਼ਸਲਾਂ ਲਈ ਲਾਹੇਵੰਦ ਹੁੰਦਾ ਹੈ।

**3.ਰੱਬੀ ਜਾਂ ਹਾੜ੍ਹੀ ਦੀ ਫ਼ਸਲ:-** ਰੱਬੀ ਜਾਂ ਹਾੜ੍ਹੀ ਦੀਆਂ ਫ਼ਸਲਾਂ ਵਿੱਚ ਮੁੱਖ ਤੌਰ 'ਤੇ ਜੌਂ, ਸਰੋਂ, ਕਣਕ, ਅਲਸੀ, ਮਟਰ, ਸੂਰਜਮੁਖੀ, ਮਸਰ ਤੇ ਛੋਲੇ ਆਦਿ ਸ਼ਾਮਿਲ ਹਨ। ਇਹ ਫ਼ਸਲਾਂ ਨਵੰਬਰ ਤੋਂ ਲੈ ਕੇ ਮੱਧ ਮਾਰਚ ਤੱਕ ਸਰਦੀਆਂ ਦੇ ਮਹੀਨਿਆਂ ਵਿੱਚ ਬੀਜੀਆਂ ਜਾਂਦੀਆਂ ਹਨ।

**4. ਜ਼ਾਇਦ/ ਜ਼ੈਦ-2 ਫ਼ਸਲਾਂ:-** ਜ਼ੈਦ ਫ਼ਸਲਾਂ ਵਿੱਚ ਮੁੱਖ ਤੌਰ 'ਤੇ ਸ਼ਬਜੀਆਂ ਅਤੇ ਚਾਰਾ ਸ਼ਾਮਿਲ ਕੀਤਾ ਗਿਆ ਹੈ। ਇਨ੍ਹਾਂ ਫ਼ਸਲਾਂ ਨੂੰ ਬੀਜਣ ਦਾ ਸਮਾਂ ਮੱਧ ਮਾਰਚ ਤੋਂ ਮਈ ਤੱਕ ਹੁੰਦਾ ਹੈ। ਨਿੱਘੀ ਧੁੱਪ, ਗਰਮ ਅਤੇ ਖੁਸ਼ਕ ਮੌਸਮ ਵਾਲਾ ਜਲਵਾਯੂ ਇਹਨਾਂ ਫ਼ਸਲਾਂ ਲਈ ਲਾਹੇਵੰਦ ਹੁੰਦਾ ਹੈ।

**(6) ਭਾਰਤ ਵਿਚ ਕਪਾਹ ਉਤਪਾਦਨ ਬਾਰੇ ਵਿਸਥਾਰ ਨਾਲ ਲਿਖੋ?**

ਉੱਤਰ:- ਕਪਾਹ ਨੂੰ ਰੇਸ਼ੇ ਵਾਲੀਆਂ ਫ਼ਸਲਾਂ ਵਿੱਚ ਸ਼ਾਮਿਲ ਕੀਤਾ ਗਿਆ ਹੈ। ਕਪਾਹ ਦੇ ਉਤਪਾਦਨ ਲਈ ਲੋੜੀਂਦੀਆਂ ਹਾਲਤਾਂ ਦਾ ਵਰਣਨ ਹੇਠ ਲਿਖੇ ਅਨੁਸਾਰ ਹੈ:-

1. **ਤਾਪਮਾਨ**- ਕਪਾਹ ਦੇ ਉਤਪਾਦਨ ਲਈ ਤਾਪਮਾਨ 20° ਤੋਂ 30° ਸੈਲਸੀਅਸ ਤੱਕ ਹੋਣਾ ਚਾਹੀਦਾ ਹੈ। ਕੋਹਰੇ ਤੋਂ ਬਗੈਰ ਮੌਸਮ ਦੇ ਘੱਟੋਂ-ਘੱਟ 210 ਦਿਨ ਹੋਣੇ ਚਾਹੀਦੇ ਹਨ।
2. **ਮਿੱਟੀ**:- ਕਪਾਹ ਦੇ ਉਤਪਾਦਨ ਲਈ ਕਾਲੀ ਮਿੱਟੀ ਜਾਂ ਰੇਗੂਰ ਮਿੱਟੀ ਕਾਫੀ ਫਾਇਦੇਮੰਦ ਮੰਨੀ ਜਾਂਦੀ ਹੈ।
3. **ਕਿਸਮਾਂ**:-ਕਪਾਹ ਦੀਆਂ ਪ੍ਰਮੁੱਖ ਤੌਰ 'ਤੇ ਤਿੰਨ ਕਿਸਮਾਂ ਹੁੰਦੀਆਂ ਹਨ। ਲੰਬੇ ਰੇਸ਼ੇ ਵਾਲੀ ਕਪਾਹ, ਦਰਮਿਆਨੇ ਰੇਸ਼ੇ ਵਾਲੀ ਕਪਾਹ, ਛੋਟੇ ਰੇਸ਼ੇ ਵਾਲੀ ਕਪਾਹ। ਲੰਬੇ ਰੇਸ਼ੇ ਵਾਲੀ ਕਪਾਹ ਨੂੰ ਸਭ ਤੋਂ ਉੱਤਮ ਕਿਸਮ ਦੀ ਕਪਾਹ ਮੰਨਿਆ ਜਾਂਦਾ ਹੈ।
4. **ਕਪਾਹ ਉਤਪਾਦਕ ਰਾਜ**:- ਭਾਰਤ ਦੇ ਪ੍ਰਮੁੱਖ ਕਪਾਹ ਉਤਪਾਦਕ ਰਾਜਾਂ ਵਿੱਚ ਗੁਜਰਾਤ, ਤਾਮਿਲਨਾਡੂ, ਪੰਜਾਬ, ਹਰਿਆਣਾ, ਰਾਜਸਥਾਨ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼ ਤੇ ਆਂਧਰਾ ਪ੍ਰਦੇਸ਼ ਰਾਜ ਹਨ।

**(7) ਹੇਠ ਲਿਖਿਆ ਤੋਂ ਜਾਣੂ ਕਰਵਾਓ -**

**(ੳ) ਦੇਸ਼ ਦਾ ਕੌਫੀ ਹਾਊਸ -** ਕਰਨਾਟਕ ਨੂੰ ਭਾਰਤ ਦਾ ਕੌਫੀ ਹਾਊਸ ਕਿਹਾ ਜਾਂਦਾ ਹੈ। ਭਾਰਤ ਦੀ ਦੋ ਤਿਹਾਈ ਕੌਫੀ ਸਿਰਫ਼ ਕਰਨਾਟਕਾ ਵਿੱਚ ਪੈਦਾ ਹੁੰਦੀ ਹੈ। ਕਰਨਾਟਕ ਦੇ ਚਿਕਮੰਗਲੂਰ, ਕੌਂਡਗੂ ਅਤੇ ਹਸਨ ਜ਼ਿਲ੍ਹੇ ਕੌਫੀ ਦੀ ਖੇਤੀ ਲਈ ਸਭ ਤੋਂ ਜ਼ਿਆਦਾ ਮਹੱਤਵਪੂਰਨ ਹਨ। ਕੌਂਡਗੂ ਜ਼ਿਲ੍ਹੇ ਵਿੱਚ ਕਰਨਾਟਕ ਦੀ 50%ਕੌਫੀ ਪੈਦਾ ਹੁੰਦੀ ਹੈ। ਮੈਸੂਰ ਅਤੇ ਸ਼ਿਮੋਗਾ ਜ਼ਿਲ੍ਹੇ ਵੀ ਕੌਫੀ ਦੇ ਉਤਪਾਦਨ ਲਈ ਪ੍ਰਸਿੱਧ ਹਨ। ਰੋਬਸਟਾ ਅਤੇ ਅਰੇਬਿਕਾ ਕਿਸਮ ਦੀ ਕੌਫੀ ਦੀ ਸੰਸਾਰ ਵਿੱਚ ਕਾਫੀ ਮੰਗ ਹੈ। 80% ਕੌਫੀ ਪੱਛਮੀ ਦੇਸ਼ਾਂ ਨੂੰ ਨਿਰਯਾਤ ਕੀਤੀ ਜਾਂਦੀ ਹੈ।

**(ਅ) ਭਾਰਤ ਦਾ ਚਾਹ ਬਾਗ**- ਆਸਾਮ ਨੂੰ ਭਾਰਤ ਦੇ ਚਾਹ ਦੇ ਬਾਗ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਚਾਹ ਦੀ ਝਾੜੀ ਊਸ਼ਣ ਅਤੇ ਉਪ-ਊਸ਼ਣ ਜਲਵਾਯੂ ਦਾ ਪੌਦਾ ਹੈ ਅਤੇ ਆਸਾਮ ਦੀ ਗਰਮ ਅਤੇ ਤਰ ਜਲਵਾਯੂ ਵਿੱਚ ਵਧੀਆ ਵੱਧਦਾ-ਫੁੱਲਦਾ ਹੈ। 20° ਤੋਂ 30° ਸੈਲਸੀਅਸ ਤਾਪਮਾਨ ਅਤੇ 150 ਤੋਂ 300 ਸੈਂਟੀਮੀਟਰ ਸਾਲਾਨਾ ਵਰਖਾ ਚਾਹ ਦੀ ਖੇਤੀ ਲਈ ਬੇਹਰਤੀਨ ਹੈ। ਇਸ ਤੋਂ ਇਲਾਵਾ ਨਮੀ, ਤ੍ਰੇਲ ਅਤੇ ਸਵੇਰ ਦੀ ਧੁੰਦ ਚਾਹ ਦੇ ਪੌਦੇ ਦੇ ਵਧਣ-ਫੁੱਲਣ ਲਈ ਵਧੀਆ ਹਨ। ਇਹ ਸਾਰੀਆਂ ਜਲਵਾਯੂ ਵਿਸ਼ੇਸ਼ਤਾਵਾਂ ਅਸਾਮ ਰਾਜ ਦੇ ਵਿੱਚ ਪਾਈਆਂ ਜਾਂਦੀਆਂ ਹਨ। ਭਾਰਤ ਦੇ ਕੁੱਲ ਚਾਹ ਉਤਪਾਦਨ ਦਾ 52% ਹਿੱਸਾ ਆਸਾਮ ਵਿੱਚ ਪੈਦਾ ਹੁੰਦਾ ਹੈ।

**(ੲ) ਅਨਾਜ ਸੁਰੱਖਿਆ -** ਸੰਸਾਰ ਅਨਾਜ ਸੁਰੱਖਿਆ ਦਾ ਸੂਚਕ ਅੰਕ ਸਾਲ 2012 ਵਿੱਚ ਸ਼ੁਰੂ ਕੀਤਾ ਗਿਆ ਸੀ। ਇਸ ਸੂਚੀ ਵਿੱਚ ਦਰਜ 70% ਮੁਲਕ ਆਪਣੀ ਵੱਧਦੀ ਹੋਈ ਆਬਾਦੀ ਨੂੰ ਅਨਾਜ ਮੁੱਹਈਆ ਕਰਵਾਉਣ ਦੀ ਬਹੁਤ ਕੋਸ਼ਿਸ਼ ਕਰ ਰਹੇ ਹਨ । ਸੰਸਾਰ ਦੀ ਤੇਜ਼ੀ ਨਾਲ ਵੱਧਦੀ ਅਬਾਦੀ ਤੇ ਘੱਟ ਰਹੇ ਅਨਾਜ ਦੇ ਉਤਪਾਦਨ ਨਾਲ ਦਿਨੋਂ-ਦਿਨ ਅਨਾਜ ਮੁਹੱਈਆ ਕਰਵਾਉਣ ਦੀ ਕੋਸ਼ਿਸ ਅਸਫ਼ਲ ਹੁੰਦੀ ਨਜ਼ਰ ਆ ਰਹੀ ਹੈ। ਸੰਸਾਰ ਦਾ ਇਹ ਅਨਾਜ ਸੁਰੱਖਿਆ ਦਾ ਸੂਚਕ ਅੰਕ 113 ਦੇਸ਼ਾਂ ਚੋਂ ਇਕੱਠਾ ਕੀਤਾ ਜਾਂਦਾ ਹੈ ਅਤੇ ਇਹ 28 ਸੰਕੇਤਾਂ 'ਤੇ ਆਧਾਰਿਤ ਹੈ। ਵਿਕਸਿਤ ਅਤੇ ਵਿਕਾਸਸ਼ੀਲ ਦੇਸ਼ਾਂ ਵਿੱਚ ਅਨਾਜ ਸੁਰੱਖਿਆ ਦਾ ਅਧਿਐਨ ਇਹਨਾਂ ਸੰਕੇਤਾਂ 'ਤੇ ਅਧਾਰਤ ਹੁੰਦਾ ਹੈ। ਸਾਲ 2022 ਵਿੱਚ, ਭਾਰਤ ਦਾ 113 ਦੇਸ਼ਾਂ ਵਿੱਚੋਂ 71 ਵਾਂ ਸਥਾਨ ਹੈ।

**(ਸ) ਰਵਾਇਤੀ ਗੰਨਾ ਉਤਪਾਦਕ ਪੇਟੀ**- ਤਰਾਈ ਦੇ ਖੇਤਰ ਨੂੰ ਰਵਾਇਤੀ ਗੰਨਾ ਉਤਪਾਦਕ ਪੇਟੀ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਤਰਾਈ ਦਾ ਇਲਾਕਾ ਹਿਮਾਲਿਆ ਦੇ ਪੈਰਾਂ ਵਿੱਚ ਦਲਦਲੀ ਭੂਮੀ ਵਾਲਾ ਇਲਾਕਾ ਹੈ ਜੋ ਪੱਛਮ ਤੋਂ ਪੂਰਬ ਤੱਕ ਹਿਮਾਲਿਆ ਦੇ ਨਾਲ-ਨਾਲ ਚੱਲਦਾ ਹੈ। ਤਰਾਈ ਦੀ

ਗੰਨਾ ਪੇਟੀ ਉੱਤਰਾਖੰਡ, ਉੱਤਰ ਪ੍ਰਦੇਸ਼, ਬਿਹਾਰ ਅਤੇ ਆਸਾਮ ਰਾਜਾਂ ਵਿੱਚ ਯਮੁਨਾ ਤੋਂ ਬ੍ਰਹਮਪੁੱਤਰ ਦਰਿਆਵਾਂ ਵਿਚਾਲੇ ਚੱਲਦੀ ਹੈ। ਇੱਥੇ ਗਰਮ ਅਤੇ ਤਰ ਜਲਵਾਯੂ ਹਾਲਾਤਾਂ ਗੰਨੇ ਦੀ ਖੇਤੀ ਨੂੰ ਉਤਸ਼ਾਹਿਤ ਕਰਦੀਆਂ ਹਨ। ਉੱਤਰ ਪ੍ਰਦੇਸ਼ ਸਭ ਤੋਂ ਜ਼ਿਆਦਾ ਉਤਪਾਦਨ ਕਰਨ ਵਾਲਾ ਰਾਜ ਹੈ।

**(8) ਭਾਰਤੀ ਖੇਤੀਬਾੜੀ ਦੇ ਵਿਕਾਸ ਵਿੱਚ ਯੂਨੀਵਰਸਿਟੀਆਂ ਦੀ ਕੀ ਭੂਮਿਕਾ ਹੈ?**

ਉੱਤਰ:-ਯੂਨੀਵਰਸਿਟੀਆਂ ਨੇ ਭਾਰਤੀ ਖੇਤੀਬਾੜੀ ਦੇ ਵਿਕਾਸ ਵਿੱਚ ਅਹਿਮ ਰੋਲ ਅਦਾ ਕੀਤਾ ਹੈ। ਅਨਾਜ ਦੇ ਉਤਪਾਦਨ ਅਤੇ ਹਰੀ ਕ੍ਰਾਂਤੀ ਦੇ ਉਤਪਾਦਨ ਦੀ ਕਾਮਯਾਬੀ ਵਿੱਚ ਭਾਰਤੀ ਯੂਨੀਵਰਸਿਟੀਆਂ ਨੇ ਅਹਿਮ ਰੋਲ ਅਦਾ ਕੀਤਾ ਹੈ। ਦੁਧਾਰੂ ਪਸ਼ੂਆਂ ਅਤੇ ਮੁਰਗੀ ਪਾਲਣ ਦੇ ਵਿਕਾਸ ਵਿੱਚ ਵੀ ਯੂਨੀਵਰਸਿਟੀਆਂ ਨੇ ਆਪਣੀ ਅਹਿਮ ਭੂਮਿਕਾ ਨਿਭਾਈ ਹੈ। ਫਸਲਾਂ ਦੀ ਕਟਾਈ ਤੋਂ ਬਾਅਦ ਜਿਣਸਾਂ ਦੀ ਬਰਬਾਦੀ ਨੂੰ ਰੋਕਣਾ, ਕਿਸਾਨਾਂ ਦੇ ਮੁਨਾਫੇ ਅਤੇ ਰੁਜ਼ਗਾਰ ਦੇ ਹੋਰ ਮੌਕੇ ਪੈਦਾ ਕਰਨ ਕਰਨੇ, ਖੇਤੀ ਬਿਜ਼ਨੈੱਸ, ਸੁਰੱਖਿਅਤ ਖਾਣੇ ਨੂੰ ਘਰੇਲੂ ਅਤੇ ਵਿਦੇਸ਼ੀ ਮੰਡੀਆਂ ਵਿੱਚ ਬਰਾਮਦ ਕਰਨ ਵਿੱਚ ਵੀ ਯੂਨੀਵਰਸਿਟੀਆਂ ਨੇ ਅਹਿਮ ਭੂਮਿਕਾ ਨਿਭਾਈ ਹੈ।

**(9) ਭਾਰਤ ਵਿਚ ਗੈਰ-ਰਵਾਇਤੀ ਊਰਜਾ ਸਾਧਨਾਂ ਦੀ ਵਿਆਖਿਆ ਕਰੋ?**

**ਉੱਤਰ:-** ਊਰਜਾ ਦੀ ਮੰਗ ਵੱਧਣ ਅਤੇ ਰਵਾਇਤੀ ਸਾਧਨਾਂ ਦੇ ਭੰਡਾਰ ਘੱਟਣ ਕਾਰਨ, ਊਰਜਾ ਦੇ ਕਈ ਨਵੇਂ ਗੈਰ-ਰਵਾਇਤੀ ਸਰੋਤਾਂ ਦੇ ਮਹੱਤਵ ਨੇ ਜ਼ੋਰ ਫੜ ਲਿਆ ਹੈ। ਇਹਨਾਂ ਗੈਰ-ਰਵਾਇਤੀ ਸਰੋਤਾਂ ਵਿੱਚ ਸ਼ਾਮਿਲ ਹਨ: ਸੂਰਜੀ ਊਰਜਾ, ਪੌਣ ਊਰਜਾ, ਭੌਂ-ਤਾਪੀ ਊਰਜਾ, ਜਵਾਰੀ ਊਰਜਾ, ਸਾਗਰੀ ਛੱਲ ਊਰਜਾ, ਪਣ ਬਿਜਲਈ ਊਰਜਾ ਤੇ ਜੈਵ ਪੁੰਜ ਊਰਜਾ ਆਦਿ।

1. **ਸੂਰਜੀ ਊਰਜਾ:-** ਧਰਤੀ ਦੀ ਸਤ੍ਹਾ ਉੱਤੇ ਊਰਜਾ ਦਾ ਮੁੱਖ ਸੋਮਾ ਸੂਰਜ ਹੈ। ਭਾਰਤ ਊਸ਼ਣ-ਖੰਡੀ ਦੇਸ਼ ਹੋਣ ਕਾਰਨ ਇਸ ਨੂੰ ਸੂਰਜੀ ਊਰਜਾ ਦਾ ਅਥਾਹ ਭੰਡਾਰ ਮਿਲਿਆ ਹੈ। ਦੇਸ਼ ਦੇ ਬਹੁਤੇ ਹਿੱਸਿਆਂ ਵਿੱਚ ਸਾਲ ਭਰ ਕਾਫੀ ਧੁੱਪ ਮਿਲਦੀ ਰਹਿੰਦੀ ਹੈ। ਨਵੀਨਤਮ ਤਕਨੀਕ ਦੀ ਵਰਤੋਂ ਨਾਲ ਸੂਰਜੀ ਊਰਜਾ ਨੂੰ ਕਈ ਤਰੀਕਿਆਂ ਨਾਲ ਵਰਤਿਆ ਜਾ ਰਿਹਾ ਹੈ।

**2. ਪੌਣ ਊਰਜਾ**:- ਗੈਰ-ਰਵਾਇਤੀ ਊਰਜਾ ਦਾ ਇੱਕ ਹੋਰ ਮਹੱਤਵਪੂਰਨ ਸਰੋਤ ਪੌਣ ਊਰਜਾ ਹੈ। ਜਿਸ ਲਈ ਭਾਰਤ ਕੋਲ ਬਹੁਤ ਵਧੀਆ ਸੰਭਾਵਨਾਵਾਂ ਹਨ। ਪੌਣ ਊਰਜਾ ਉਤਪਾਦਨ ਪ੍ਰਾਜੈਕਟ ਸਥਾਪਿਤ ਕਰਨ ਵੇਲੇ ਹੀ ਸਿਰਫ਼ ਪੂੰਜੀ ਦੀ ਲੋੜ ਹੁੰਦੀ ਹੈ, ਪ੍ਰਾਜੈਕਟ ਸਥਾਪਿਤ ਹੋਣ ਮਗਰੋਂ ਲਗਭਗ 20 ਸਾਲ ਤੱਕ ਵੱਡੇ ਪੱਧਰ 'ਤੇ ਇਸ ਤੋਂ ਉਤਪਾਦਨ ਕੀਤਾ ਜਾ ਸਕਦਾ ਹੈ। ਭਾਰਤ ਦੇ ਤੱਟੀ ਰਾਜਾਂ ਤਾਮਿਲਨਾਡੂ, ਕਰਨਾਟਕ, ਕੇਰਲ, ਆਂਧਰਾ ਪ੍ਰਦੇਸ਼, ਮਹਾਰਾਸ਼ਟਰ ਅਤੇ ਰਾਜਸਥਾਨ ਵਿੱਚ ਪੌਣ ਊਰਜਾ ਨਾਲ ਬਿਜਲੀ ਉਤਪਾਦਨ ਆਰੰਭਿਆ ਜਾ ਚੁੱਕਾ ਹੈ।

**3. ਜਵਾਰੀ ਊਰਜਾ:-** ਭਾਰਤੀ ਸਾਗਰਾਂ ਵਿੱਚ ਜਵਾਰਾਂ ਦਾ ਉਛਾਲ ਨਿਯਮਿਤ ਤਰੀਕੇ ਨਾਲ ਹੁੰਦਾ ਹੈ। ਜਵਾਰੀ ਊਰਜਾ ਤੋਂ ਵੀ ਬਿਜਲੀ ਪੈਦਾ ਕੀਤੀ ਜਾਂਦੀ ਹੈ। ਜਵਾਰ ਆਉਣ ਸਮੇਂ,ਸਾਗਰੀ ਛੱਲਾਂ ਦੇ ਜ਼ੋਰ ਨੂੰ ਟਰਬਾਈਨਾਂ ਚਲਾਉਣ ਲਈ ਵਰਤਿਆ ਜਾਂਦਾ ਹੈ ਜਿਸ ਨਾਲ ਬਿਜਲੀ ਪੈਦਾ ਹੁੰਦੀ ਹੈ।

**4. ਭੌਂ-ਤਾਪੀ ਊਰਜਾ:-** ਇਸ ਕਿਸਮ ਦੇ ਊਰਜਾ ਉਤਪਾਦਨ ਵਿੱਚ ਧਰਤੀ ਦੀ ਤਾਪ-ਊਰਜਾ ਨੂੰ ਵਰਤਿਆ ਜਾਂਦਾ ਹੈ ਜੋ ਕਿ ਸਿੱਧੇ ਤਾਪ ਦੀ ਵਰਤੋਂ ਲਈ ਤੇ ਊਰਜਾ ਉਤਪਾਦਨ ਲਈ ਵੀ ਸਹਾਈ ਹੁੰਦਾ ਹੈ।

**5. ਜੈਵਿਕ ਗੈਸ:-** ਜੈਵਿਕ ਗੈਸ ਤੋਂ ਭਾਵ, ਆਕਸੀਜਨ ਦੀ ਅਣਹੋਂਦ ਵਿੱਚ ਜੈਵਿਕ ਰਹਿੰਦ ਖੂੰਹਦ ਦੇ ਅਣੂਆਂ ਦੀ ਟੁੱਟ-ਭੱਜ ਕਾਰਨ ਪੈਦਾ ਹੁੰਦੀਆਂ ਗੈਸਾਂ ਦਾ ਮਿਸ਼ਰਣ। ਬਾਇਓ ਗੈਸ ਦੇ ਉਤਪਾਦਨ ਲਈ ਕੱਚੇ ਮਾਲ ਵਜੋਂ ਡੰਗਰਾਂ ਦੇ ਗੋਹੇ, ਮੁਰਗੀਖਾਨੇ ਦੀ ਰਹਿੰਦ-ਖੂੰਹਦ, ਰਸੋਈਆਂ ਦੀ ਰਹਿੰਦ -ਖੂੰਹਦ, ਖੇਤਾਂ ਦੀ ਰਹਿੰਦ-ਖੂੰਹਦ, ਮਿਊਂਸਪਲ ਰਹਿੰਦ- ਖੂੰਹਦ ਆਦਿ ਦੀ ਵਰਤੋਂ ਕੀਤੀ ਜਾਂਦੀ ਹੈ। ਬਾਇਓ ਗੈਸ ਉਤਪਾਦਨ ਪਲਾਂਟ ਤਿੰਨ ਦਹਾਕਿਆਂ ਤੋਂ ਵਰਤੋਂ ਵਿੱਚ ਹਨ।

**(10)ਖਣਿਜ ਪਦਾਰਥਾਂ ਦੀ ਬੱਚਤ ਤੋਂ ਕੀ ਭਾਵ ਹੈ ਇਸ ਲਈ ਕੀ ਕਦਮ ਚੁੱਕੇ ਜਾ ਸਕਦੇ?**

ਉੱਤਰ:- ਖਣਿਜ ਪਦਾਰਥ, ਕੁਦਰਤ ਦਾ ਮੁਫ਼ਤ ਤੋਹਫ਼ਾ ਹੁੰਦੇ ਹਨ। ਖਣਿਜਾਂ ਨੂੰ ਆਪਣਾ ਰੂਪ ਧਾਰਨ ਕਰਨ ਵਿੱਚ ਲੱਖਾਂ ਸਾਲ ਲੱਗ ਜਾਂਦੇ ਹਨ। ਇਹਨਾਂ ਦੇ ਭੰਡਾਰ ਸੀਮਿਤ ਹਨ ਤੇ ਨਵਿਆਉਣਯੋਗ ਵੀ ਨਹੀਂ। ਇਨ੍ਹਾਂ ਦਾ ਸੌਖਾ ਬਦਲ ਵੀ ਸੰਭਵ ਨਹੀਂ ਹੈ। ਮਨੁੱਖ ਬੇਹੱਦ ਤੇਜ਼ੀ ਨਾਲ, ਨਾ ਸਿਰਫ਼ ਖਣਿਜ ਖੋਜ ਰਿਹਾ ਹੈ, ਸਗੋਂ ਅਗਲੀਆਂ ਪੀੜ੍ਹੀਆਂ ਦੀਆਂ ਲੋੜਾਂ ਬਾਰੇ ਸੋਚੇ ਬਗੈਰ ਹੀ ਇਨ੍ਹਾਂ ਦੀ ਵਰਤੋਂ ਕਰ ਰਿਹਾ ਹੈ। ਇਸੇ ਲਈ ਖਣਿਜਾਂ ਦੀ ਸੰਜਮ ਤੇ ਸੂਝ ਨਾਲ ਵਰਤੋਂ ਵੱਡੀ ਲੋੜ ਬਣ ਗਈ ਹੈ। ਖਣਿਜਾਂ ਦੀ ਸਾਂਭ-ਸੰਭਾਲ ਜਾਂ ਬੱਚਤ ਲਈ ਕੁੱਝ ਕਦਮ :-

1.ਖਣਿਜਾਂ ਦੀ ਵਰਤੋਂ ਬੱਚਤ ਅਤੇ ਯੋਜਨਾਬੱਧ ਤਰੀਕੇ ਅਨੁਸਾਰ ਕਰਨੀ ਚਾਹੀਦੀ ਹੈ।

2. ਧਾਤਾਂ ਦੀ ਮੁੜ ਵਰਤੋਂ ਦੇ ਢੰਗ ਅਪਣਾਉਣੇ ਚਾਹੀਦੇ ਹਨ।

3. ਨਵਿਆਉਣਯੋਗ ਬਦਲ ਲੱਭਣੇ 'ਤੇ ਉਨ੍ਹਾਂ ਦੀ ਵਰਤੋਂ ਕਰਨੀ ਚਾਹੀਦੀ ਹੈ।

4. ਨਿਮਨ ਦਰਜੇ ਦੇ ਖਣਿਜਾਂ ਨੂੰ ਲਾਹੇਵੰਦ ਤਰੀਕੇ ਨਾਲ ਵਰਤਣ ਦੀ ਤਕਨੀਕ ਅਪਣਾਉਣੀ ਚਾਹੀਦੀ ਹੈ।

5. ਖਣਿਜ ਸਾਧਨਾਂ ਦੀ ਅਜਾਈਂ ਵਰਤੋਂ ਪੂਰੀ ਤਰ੍ਹਾਂ ਰੋਕ ਕੇ, ਸੰਜਮ ਨਾਲ ਵਰਤਣਾ ਹੀ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ।

(11). **ਰਵਾਇਤੀ ਤੇ ਗੈਰ-ਰਵਾਇਤੀ ਊਰਜਾ ਸਾਧਨਾਂ ਦੀ ਤੁਲਨਾ ਕਰੋ ?**

ਉੱਤਰ:-ਖਣਿਜਾਂ ਦੀ ਪ੍ਰਕਿਰਤੀ ਦੇ ਅਧਾਰ 'ਤੇ ਊਰਜਾ ਸਾਧਨਾਂ ਨੂੰ ਦੋ ਵੱਖਰੀਆਂ ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ: ਰਵਾਇਤੀ ਅਤੇ ਗੈਰ-ਰਵਾਇਤੀ ਸਾਧਨ।

| ਰਵਾਇਤੀ ਸਾਧਨ | ਗੈਰ-ਰਵਾਇਤੀ ਸਾਧਨ |
|---|---|
| 1. ਇਹ ਨਾ-ਨਵਿਆਉਣਯੋਗ ਹਨ। | 1. ਇਹ ਨਵਿਆਉਣਯੋਗ ਹਨ। |
| 2. ਇਸ ਤਰ੍ਹਾਂ ਦੇ ਊਰਜਾ ਸਾਧਨ ਲੰਬੇ ਸਮੇਂ ਤੋਂ ਵਰਤੋਂ ਵਿੱਚ ਹਨ। | 2. ਊਰਜਾ ਦੀ ਮੰਗ ਵੱਧਣ ਅਤੇ ਰਵਾਇਤੀ ਸਾਧਨਾਂ ਦੇ ਭੰਡਾਰ ਘੱਟਣ ਕਾਰਨ, ਊਰਜਾ ਦੇ ਕਈ ਨਵੇਂ ਗੈਰ-ਰਵਾਇਤੀ ਸਰੋਤਾਂ ਦੇ ਮਹੱਤਵ ਨੇ ਜ਼ੋਰ ਫੜ੍ਹ ਲਿਆ ਹੈ। |
| 3. ਇਹਨਾਂ ਵਿੱਚ ਕੋਲਾ, ਪੈਟਰੋਲੀਅਮ, ਕੁਦਰਤੀ ਗੈਸ ਅਤੇ ਤਾਪ ਬਿਜਲੀ ਰਵਾਇਤੀ ਊਰਜਾ ਸਾਧਨਾਂ ਵਜੋਂ ਸ਼ਾਮਿਲ ਕੀਤੇ ਜਾ ਸਕਦੇ ਹਨ। | 3. ਇਹਨਾਂ ਗੈਰ-ਰਵਾਇਤੀ ਸਰੋਤਾਂ ਵਿੱਚ ਸ਼ਾਮਿਲ ਹਨ: ਸੂਰਜੀ ਊਰਜਾ, ਪੌਣ ਊਰਜਾ, ਭੌਂ-ਤਾਪੀ ਊਰਜਾ, ਜਵਾਰੀ ਊਰਜਾ, ਸਾਗਰੀ ਛੱਲ ਊਰਜਾ, ਪਣ ਬਿਜਲਈ ਊਰਜਾ ਤੇ ਜੈਵ-ਪੁੰਜ ਊਰਜਾ ਆਦਿ। |

**(12) ਸੰਯੁਕਤ ਇਸਪਾਤ ਕਾਰਖਾਨੇ ਤੇ ਮਿੰਨੀ ਇਸਪਾਤ ਕਾਰਖਾਨੇ ਵਿੱਚ ਕੀ-ਕੀ ਅੰਤਰ ਹੁੰਦੇ ਹਨ?**

**ਉੱਤਰ - ਸੰਯੁਕਤ ਇਸਪਾਤ ਕਾਰਖਾਨੇ ਤੇ ਮਿੰਨੀ ਇਸਪਾਤ ਕਾਰਖਾਨੇ ਵਿੱਚ ਅੰਤਰ ਇਸ ਪ੍ਰਕਾਰ ਹੈ:-**

| ਸੰਯੁਕਤ ਇਸਪਾਤ ਕਾਰਖਾਨੇ | ਮਿੰਨੀ ਇਸਪਾਤ ਕਾਰਖਾਨੇ |
|---|---|
| **1.** ਸੰਯੁਕਤ ਇਸਪਾਤ ਕਾਰਖਾਨੇ ਵੱਡੇ ਕਾਰਖ਼ਾਨੇ ਹੁੰਦੇ ਹਨ, ਜਿਨ੍ਹਾਂ ਵਿੱਚ ਲੋਹਾ ਅਤੇ ਇਸਪਾਤ ਉਦਯੋਗ ਨੂੰ ਸ਼ਾਮਿਲ ਕੀਤਾ ਜਾਂਦਾ ਹੈ। | **1.** ਮਿੰਨੀ ਇਸਪਾਤ ਕਾਰਖਾਨੇ ਛੋਟੇ ਪੱਧਰ ਦੇ ਕਾਰਖ਼ਾਨੇ ਹੁੰਦੇ ਹਨ, ਜਿਨ੍ਹਾਂ ਵਿੱਚ ਬਿਜਲੀ ਅਤੇ ਬਲਬ ਬਣਾਉਣ ਵਾਲੇ ਉਦਯੋਗ ਨੂੰ ਸ਼ਾਮਿਲ ਕੀਤਾ ਜਾਂਦਾ ਹੈ। |
| **2.** ਇਨ੍ਹਾਂ ਕਾਰਖਾਨਿਆਂ ਵਿੱਚ ਵੱਧ ਪੂੰਜੀ ਦਾ ਨਿਵੇਸ਼ ਕੀਤਾ ਜਾਂਦਾ ਹੈ। | **2.** ਇਹਨਾਂ ਕਾਰਖਾਨਿਆਂ ਵਿੱਚ ਘੱਟ ਪੂੰਜੀ ਦਾ ਨਿਵੇਸ਼ ਹੁੰਦਾ ਹੈ। |
| **3.** ਇਹ ਕਾਰਖਾਨੇ ਭਾਰੀ ਸਨਅਤਾਂ ਨਾਲ ਜੁੜੇ ਹੋਏ ਹੁੰਦੇ ਹਨ। | **3.** ਇਹ ਕਾਰਖਾਨੇ ਹਲਕੀ ਸਨਅਤਾਂ ਦਾ ਹਿੱਸਾ ਹੁੰਦੇ ਹਨ। |
| **4.** ਇਹਨਾਂ ਕਾਰਖਾਨਿਆਂ ਵਿੱਚ ਵੱਡੀ ਗਿਣਤੀ ਵਿੱਚ ਕਾਮਿਆਂ ਨੂੰ ਰੁਜ਼ਗਾਰ ਮਿਲਦਾ ਹੈ। | **4.** ਇਹਨਾਂ ਕਾਰਖਾਨਿਆਂ ਵਿੱਚ ਕਾਮਿਆਂ ਦੀ ਗਿਣਤੀ ਘੱਟ ਹੁੰਦੀ ਹੈ। |

**(13) ਸਨਅਤਾਂ ਨੂੰ ਕੀ-ਕੀ ਔਕੜਾਂ ਦਰਪੇਸ਼ ਹਨ?**

**ਉੱਤਰ:- ਸਨਅਤਾਂ ਨੂੰ ਦਰਪੇਸ਼ ਆਉਣ ਵਾਲੀਆਂ ਔਕੜਾਂ ਦਾ ਵਰਣਨ ਇਸ ਪ੍ਰਕਾਰ ਹੈ:-**

1. ਵੱਡੇ ਪੱਧਰ 'ਤੇ ਪੂੰਜੀਕਾਰੀ ਦੀ ਕਮੀ।
2. ਨਵੀਨਤਮ ਤਕਨੀਕ ਦੀ ਕਮੀ।
3. ਮਹਿੰਗੇ ਖਰਚੇ ਦੇ ਬਾਵਜੂਦ ਨਿਮਨ ਉਤਪਾਦਕਤਾ।
4. ਸਰਕਾਰੀ ਅਦਾਰਿਆਂ ਦੀ ਘੱਟ ਨਿਪੁੰਨਤਾ।
5. ਇਸਪਾਤ ਯੂਨਿਟਾਂ ਦੀ ਸੰਪੂਰਨ ਵਰਤੋਂ ਨਾ ਕਰ ਸਕਣਾ।
6. ਸ਼ੁੱਧ ਕੋਲੇ ਦੀ ਭਾਰੀ ਮੰਗ।
7. ਉਤਪਾਦਨਾਂ ਦਾ ਨੀਵਾਂ ਪੱਧਰ।
8. ਭਾਰੀ ਮੰਗ।
9. ਇਸਪਾਤ ਕਾਰਖਾਨਿਆਂ ਦਾ ਭਾਰੀ ਕਰਜ਼ੇ ਹੇਠ ਹੋਣਾ।
10. ਚੀਨ, ਕੋਰੀਆ ਤੇ ਹੋਰ ਦੇਸ਼ਾਂ ਵੱਲੋਂ ਸਸਤਾ ਵਪਾਰ।

**(14) ਦੇਸ਼ ਵਿਚ ਨਿਰਮਾਣ ਸਮਰੱਥਾ ਵਿੱਚ ਆਏ ਉਛਾਲ ਪਿੱਛੇ ਕਿਹੜੀਆਂ- ਕਿਹੜੀਆਂ ਨਵੀਆਂ ਗਤੀਵਿਧੀਆਂ ਦਾ ਹੱਥ ਹੈ?**

ਉੱਤਰ:-1. ਵਿਸ਼ਵੀਕਰਨ ਦੇ ਪ੍ਰਭਾਵ ਨੇ ਵੀ ਸਾਡੀਆਂ ਸਨਅਤਾਂ ਨੂੰ ਵਧੇਰੇ ਨਿਪੁੰਨ ਅਤੇ ਮੁਕਾਬਲੇਬਾਜ਼ੀ ਦੀ ਭਾਵਨਾ ਦਿੱਤੀ ਹੈ, ਜਿਸ ਨਾਲ ਦੇਸ਼ ਵਿੱਚ ਨਿਰਮਾਣ ਸਨਅਤਾਂ ਨੂੰ ਉਤਸ਼ਾਹ ਮਿਲਿਆ ਹੈ।

2. ਸਰਕਾਰਾਂ ਦੁਆਰਾ ਨਿਰਮਾਣ ਸਨਅਤਾਂ ਨੂੰ ਵਧੇਰੇ ਪ੍ਰਫੁੱਲਿਤ ਕਰਨ ਲਈ ਸਸਤੇ ਦਰ੍ਹਾਂ ਤੇ ਵਿਸ਼ੇਸ ਬੈਂਕਿੰਗ ਸੁਵਿਧਾਵਾਂ ਮੁੱਹਈਆ ਕਰਵਾਈਆਂ ਗਈਆਂ ਹਨ।

3. ਵਿਦੇਸ਼ੀ ਪੂੰਜੀਕਾਰਾਂ ਵੱਲੋਂ ਸਿੱਧੇ ਨਿਵੇਸ਼ ਕਰਨ ਅਤੇ ਸਰਕਾਰਾਂ ਵੱਲੋਂ ਉਦਾਰੀਕਰਨ ਦੀ ਨੀਤੀ ਅਪਨਾਉਣ ਨਾਲ ਭਾਰਤੀ ਸਨਅਤ ਨਿਰਮਾਣ ਨੂੰ ਹੋਰ ਜ਼ਿਆਦਾ ਉਤਸ਼ਾਹ ਮਿਲਿਆ।

4. ਉਤਪਾਦਨ ਨੂੰ ਵਧਾਉਣ ਲਈ ਸਰਕਾਰਾਂ ਦੁਆਰਾ ਵੱਖ-ਵੱਖ ਥਾਵਾਂ 'ਤੇ ਖੋਜ ਕੇਂਦਰ ਖੋਲ੍ਹੇ ਗਏ ਹਨ।

5. ਹਰੀ ਕ੍ਰਾਂਤੀ ਤੋਂ ਬਾਅਦ, ਖੇਤੀਬਾੜੀ ਵਿੱਚ ਖੇਤੀ ਆਧਾਰਿਤ ਉਦਯੋਗਾਂ ਨੂੰ ਪ੍ਰਫੁੱਲਤ ਕਰਨ ਲਈ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ ।

6. ਪੱਛੜੇ ਇਲਾਕਿਆਂ ਅਤੇ ਕਬਾਇਲੀ ਇਲਾਕਿਆਂ ਵਿੱਚ ਵੀ ਸਰਕਾਰਾਂ ਦੁਆਰਾ ਸਨਅਤੀ ਵਿਕਾਸ ਕੀਤਾ ਗਿਆ ਹੈ।

**(15) ਸਨਅਤਾਂ ਵਾਤਾਵਰਣ ਨੂੰ ਕਿਵੇਂ ਪਲੀਤ ਕਰਦੀਆਂ ਹਨ?**

ਉੱਤਰ- ਸਨਅਤਾਂ ਨੇ ਬੇਸ਼ੱਕ, ਭਾਰਤੀ ਅਰਥਚਾਰੇ ਦੇ ਵਿਕਾਸ ਤੇ ਵਾਧੇ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ ਪਰ ਇਸਦੇ ਨਾਲ-ਨਾਲ ਹੀ ਧਰਤੀ ਪ੍ਰਦੂਸ਼ਣ, ਪਾਣੀ ਪ੍ਰਦੂਸ਼ਣ, ਹਵਾ ਪ੍ਰਦੂਸ਼ਣ, ਆਵਾਜ਼ ਪ੍ਰਦੂਸ਼ਣ ਅਤੇ ਵਾਤਾਵਰਣ ਦੇ ਮਿਆਰ ਵਿੱਚ ਵੀ ਗਿਰਾਵਟ ਲਿਆਂਦੀ ਹੈ। ਸਨਅਤਾਂ ਚਾਰ ਪ੍ਰਕਾਰ ਦੇ ਪ੍ਰਦੂਸ਼ਣ ਲਈ ਜ਼ਿੰਮੇਵਾਰ ਹਨ:-

**1. ਹਵਾ ਜਾਂ ਵਾਯੂ ਪ੍ਰਦੂਸ਼ਣ**:- ਹਵਾ ਪ੍ਰਦੂਸ਼ਣ ਸਲਫ਼ਰ ਡਾਇਆਕਸਾਈਡ ਜਾਂ ਕਾਰਬਨ ਮੋਨੋਆਕਸਾਈਡ ਜਿਹੀਆਂ ਬੇਲੋੜੀਆਂ ਗੈਸਾਂ ਦੀ ਮਿਕਦਾਰ ਹਵਾ ਵਿੱਚ ਵੱਧ ਜਾਣ ਕਾਰਨ ਫੈਲਦਾ ਹੈ।

**2. ਪਾਣੀ ਜਾਂ ਜਲ ਪ੍ਰਦੂਸ਼ਣ**:- ਪਾਣੀ ਜਾਂ ਜਲ ਪ੍ਰਦੂਸ਼ਣ, ਸਨਅਤਾਂ ਵੱਲੋਂ ਦਰਿਆਵਾਂ ਵਿੱਚ ਛੱਡੀ ਗਈ ਆਪਣੀ ਜੈਵਿਕ ਅਤੇ ਅਜੈਵਿਕ ਰਹਿੰਦ-ਖੂੰਹਦ ਕਾਰਨ ਵਾਪਰਦਾ ਹੈ।

**3. ਭੂਮੀ ਜਾਂ ਮਿੱਟੀ ਪ੍ਰਦੂਸ਼ਣ**:- ਸ਼ੀਸਾ, ਨੁਕਸਾਨਦਾਇਕ ਰਸਾਇਣ, ਸਨਅਤੀ ਰਹਿੰਦ-ਖੂੰਹਦ, ਪੈਕੇਜਿੰਗ ਦਾ ਸਾਮਾਨ, ਲੂਣ ਅਤੇ ਕੂੜਾ-ਕਰਕਟ ਆਦਿ ਮਿੱਟੀ ਵਿੱਚ ਮਿਲ ਕੇ ਮਿੱਟੀ ਨੂੰ ਪ੍ਰਦੂਸ਼ਿਤ ਕਰਦੇ ਹਨ।

**4. ਆਵਾਜ਼ ਜਾਂ ਸ਼ੋਰ ਪ੍ਰਦੂਸ਼ਣ**:-ਆਵਾਜ਼ ਜਾਂ ਸ਼ੋਰ ਪ੍ਰਦੂਸ਼ਣ ਨਾ ਸਿਰਫ਼ ਮਨੁੱਖੀ ਮਨਾਂ ਵਿੱਚ ਕਾਹਲ ਪੈਦਾ ਕਰਦਾ ਹੈ ਸਗੋਂ ਗੁੱਸਾ 'ਤੇ ਉਦਾਸੀ ਵਧਾਉਣ ਤੋਂ ਇਲਾਵਾ ਦਿਲ ਦੀ ਧੜਕਨ ਵਧਾਉਣ, ਖ਼ੂਨ ਦਾ ਦੌਰਾ ਤੇਜ਼ ਕਰਨ ਤੋਂ ਇਲਾਵਾ ਮਨੋਰੋਗਾਂ ਦਾ ਅਧਾਰ ਵੀ ਬਣਦਾ ਹੈ।

**(16) ਸਨਅਤਾਂ ਕਾਰਨ ਵਾਤਾਵਰਨ ਪਲੀਤ ਹੋਣ ਦੇ ਅਸਰ ਘਟਾਉਣ ਲਈ ਕੀ-ਕੀ ਕਦਮ ਚੁੱਕੇ ਜਾ ਸਕਦੇ ਹਨ?**

ਉੱਤਰ:- 1. ਪਾਣੀ ਦੀ ਰੀਸਾਈਕਲਿੰਗ ਅਤੇ ਮੁੜ-ਵਰਤੋਂ ਰਾਹੀਂ ਉਸੇ ਪਾਣੀ ਨੂੰ ਮੁੜ-ਮੁੜ ਵਰਤਿਆ ਜਾਵੇ।

2. ਤਾਜ਼ੇ ਪਾਣੀ ਨੂੰ ਅਜਾਈਂ ਨਾ ਗਵਾਇਆ ਜਾਵੇ।

3. ਪਾਣੀ ਦੀ ਲੋੜ ਪੂਰੀ ਕਰਨ ਲਈ ਮੀਂਹ ਦੇ ਪਾਣੀ ਦੀ ਸੰਭਾਲ ਕਰ ਕੇ, ਉਸ ਨੂੰ ਵਰਤਿਆ ਜਾਵੇ।

4. ਭਾਰੇ ਤੇ ਗਰਮ ਪਾਣੀ ਨੂੰ ਦਰਿਆਵਾਂ ਜਾਂ ਟੋਭਿਆਂ ਵਿੱਚ ਛੱਡਣ ਤੋਂ ਪਹਿਲਾਂ ਉਸਨੂੰ ਸਾਫ਼ ਕੀਤਾ ਜਾਵੇ।

5. ਫੈਕਟਰੀਆਂ ਵਿੱਚ ਕੋਲੇ ਦੀ ਥਾਂ, ਤੇਲ ਅਤੇ ਗੈਸ ਦੀ ਵਰਤੋਂ ਕਰਨ ਨਾਲ ਵੀ, ਧੂੰਆਂ ਘਟਾਇਆ ਜਾ ਸਕਦਾ ਹੈ।

6. ਹਵਾ ਵਿੱਚ ਛੱਡੀਆਂ ਜਾਂਦੀਆਂ ਅਸ਼ੁੱਧੀਆਂ ਨੂੰ ਇਲੈਕਟ੍ਰੋਸਟੈਟਿਕ ਪ੍ਰੀਸੈਪਟਰਜ਼, ਫੈਬਰਿਕ ਫਿਲਟਰ ਆਦਿ ਤਕਨੀਕਾਂ ਦੀ ਵਰਤੋਂ ਕਰਕੇ ਹਵਾ ਨੂੰ ਸਾਫ਼ ਕੀਤਾ ਜਾ ਸਕਦਾ ਹੈ।

7. ਸ਼ੋਰ ਪ੍ਰਦੂਸ਼ਣ ਨੂੰ ਘੱਟ ਕਰਨ ਲਈ ਘੱਟ ਆਵਾਜ਼ ਵਾਲੀ ਮਸ਼ੀਨਰੀ ਨੂੰ ਮੁੜ ਡਿਜ਼ਾਇਨ ਕੀਤਾ ਜਾ ਸਕਦਾ ਹੈ।


**(17) ਭਾਰਤ ਦੀ ਸੂਤੀ ਕੱਪੜਾ ਸਨਅਤ ਉੱਤੇ ਵਿਸਤ੍ਰਿਤ ਨੋਟ ਲਿਖੋ?**

ਉੱਤਰ:-ਭਾਰਤ ਦੀ ਆਰਥਿਕਤਾ ਵਿੱਚ ਕੱਪੜਾ ਸਨਅਤ ਦਾ ਵਿਲੱਖਣ ਸਥਾਨ ਹੈ ਕਿਉਂਕਿ ਇਹ ਸਨਅਤ ਉਤਪਾਦਨ, ਰੁਜ਼ਗਾਰ ਮੌਕਿਆਂ ਤੇ ਵਿਦੇਸ਼ੀ ਧਨ ਕਮਾਉਣ ਦੇ ਪੱਖਾਂ ਤੋਂ ਵੱਡਾ ਯੋਗਦਾਨ ਪਾਉਂਦੀ ਹੈ। ਪ੍ਰਾਚੀਨ ਭਾਰਤ ਦੇ ਸਮੇਂ ਤੋਂ ਹੀ ਸੂਤੀ ਕੱਪੜਾ ਹੱਥਾਂ ਨਾਲ ਸੂਤ ਕੱਤ ਕੇ ਅਤੇ ਹੱਥ-ਖੱਡੀ 'ਤੇ ਬੁਣਨ ਦੀ ਤਕਨੀਕ ਨਾਲ ਤਿਆਰ ਕੀਤਾ ਜਾਂਦਾ ਰਿਹਾ ਹੈ। ਮੁੱਢਲੇ ਸਾਲਾਂ ਵਿੱਚ ਸੂਤੀ ਕੱਪੜਾ ਸਨਅਤ ਮਹਾਂਰਾਸ਼ਟਰ ਅਤੇ ਗੁਜਰਾਤ ਦੇ ਕਪਾਹ ਉਤਪਾਦਨ ਇਲਾਕੇ ਨੇੜੇ ਹੀ ਸਥਾਪਤ ਸੀ। ਇਸ ਦਾ ਮੁੱਖ ਕਾਰਨ ਇੱਥੇ ਪ੍ਰਾਪਤ ਸਹੂਲਤਾਂ ਸਨ ਜਿਵੇਂ ਕਿ ਕਪਾਹ ਦੀ ਹੋਂਦ, ਮੰਡੀ ਦੀ ਸਹੂਲਤ, ਆਵਾਜਾਈ ਦੇ ਸਾਧਨ ਅਤੇ ਕਿਰਤੀਆਂ ਦੀ ਹੋਂਦ ਆਦਿ।

ਭਾਰਤ, ਜਪਾਨ ਨੂੰ ਸੂਤ ਦਰਾਮਦ ਕਰਦਾ ਹੈ। ਭਾਰਤ ਤੋਂ ਸੂਤ ਦਰਾਮਦ ਕਰਨ ਵਾਲੇ ਹੋਰ ਦੇਸ਼- ਸੰਯੁਕਤ ਰਾਜ ਅਮਰੀਕਾ, ਬਰਤਾਨੀਆ, ਰੂਸ, ਫ਼ਰਾਂਸ, ਨੇਪਾਲ, ਸਿੰਗਾਪੁਰ, ਸ੍ਰੀਲੰਕਾ, ਪੂਰਬੀ ਯੂਰਪੀ ਦੇਸ਼ ਅਤੇ ਅਫ਼ਰੀਕੀ ਦੇਸ਼ ਵੀ ਸ਼ਾਮਿਲ ਹਨ। ਸੂਤ ਦੇ ਕੌਮਾਂਤਰੀ ਵਪਾਰ ਵਿੱਚ ਭਾਰਤ ਦਾ ਵੱਡਾ ਹਿੱਸਾ ਹੈ। ਭਾਰਤੀ ਕਤਾਈ ਮਿੱਲਾਂ ਕੌਮਾਂਤਰੀ ਪੱਧਰ ਦੇ ਮੁਕਾਬਲੇ ਦੀਆਂ ਹਨ ਅਤੇ ਦੇਸ਼ ਵਿੱਚ ਉਪਜੇ ਹਰ ਕਿਸਮ ਦੇ ਸਾਰੇ ਧਾਗੇ ਨੂੰ ਵਰਤਣ ਦੇ ਯੋਗ ਹਨ। ਭਾਰਤ ਦੇ ਉੱਚ ਮਿਆਰੀ ਤੇ ਲੰਬੇ ਰੇਸ਼ੇ ਵਾਲੀ ਕਪਾਹ ਕਾਰਨ ਸੂਤ ਉਤਪਾਦਨ ਵਿੱਚ ਪਹਿਲਾਂ ਦੇ ਮੁਕਾਬਲੇ ਕਾਫੀ ਵਾਧਾ ਹੋਇਆ ਹੈ ਪਰ ਹਾਲੇ ਵੀ ਦਰਾਮਦਾਂ ਦੀ ਲੋੜ ਬਣੀ ਹੋਈ ਹੈ।

**(18) ਭਾਰਤੀ ਸਨਅਤਾਂ ਦੇ ਵਰਗੀਕਰਨ ਦਾ ਫ਼ਲੋ ਚਾਰਟ ਬਣਾਓ।**

ਉੱਤਰ:-



**(19) ਇਹਨਾਂ ਉੱਤੇ ਨੋਟ ਲਿਖੋ:-**

**(ੳ) ਖਾਦ ਸਨਅਤ:-** ਦੇਸ਼ ਦੀ ਖਾਦ ਉਤਪਾਦਨ ਸਨਅਤ ਜ਼ਿਆਦਾਤਰ ਨਾਈਟ੍ਰੋਜਨ ਅਧਾਰਿਤ ਖਾਦਾਂ ਜਿਨ੍ਹਾਂ ਵਿੱਚੋਂ ਪ੍ਰਮੁੱਖ ਹਨ- ਯੂਰੀਆ ਫਾਸਫੇਟਿਕ ਖਾਦਾਂ, ਅਮੋਨੀਅਮ ਸਲਫੇਟ ਅਤੇ ਮਿਸ਼ਰਤ ਖਾਦ ਜੋ ਕਿ ਨਾਈਟ੍ਰੋਜਨ, ਫਾਸਫੇਟ ਅਤੇ ਪੋਟਾਸ਼ ਦਾ ਮਿਸ਼ਰਨ ਹੁੰਦੀ ਹੈ। ਇਸ ਵਿੱਚ ਪੋਟਾਸ਼, ਭਾਰਤ ਨੂੰ ਪੂਰਾ ਹੀ ਦਰਾਮਦ ਕਰਨਾ ਪੈਂਦਾ ਹੈ ਕਿਉਂਕਿ ਦੇਸ਼ ਵਿੱਚ ਪੋਟਾਸ਼ੀਅਮ ਦੇ ਕਿਸੇ ਰੂਪ ਦੇ ਭੰਡਾਰ ਮੌਜੂਦ ਨਹੀਂ ਹੈ। ਦੇਸ਼ ਵਿੱਚ 'ਹਰੀ ਕ੍ਰਾਂਤੀ' ਮਗਰੋਂ ਇਹ ਸਨਅਤ ਕਾਫ਼ੀ ਪ੍ਰਫੁੱਲਤ ਹੋਈ ਹੈ। ਗੁਜਰਾਤ, ਤਾਮਿਲਨਾਡੂ, ਉੱਤਰ ਪ੍ਰਦੇਸ਼, ਪੰਜਾਬ ਅਤੇ ਕੇਰਲ ਇਸ ਦੇਸ਼ ਦੀ ਅੱਧੀ ਦੇ ਲਗਭਗ ਖਾਦ ਤਿਆਰ ਕਰਦੇ ਹਨ। ਹੋਰ ਮਹੱਤਵਪੂਰਨ ਉਤਪਾਦਕ ਰਾਜ ਹਨ: ਆਂਧਰਾ ਪ੍ਰਦੇਸ਼, ਉੜੀਸਾ, ਰਾਜਸਥਾਨ, ਬਿਹਾਰ, ਮਹਾਂਰਾਸ਼ਟਰ, ਆਸਾਮ, ਪੱਛਮੀ ਬੰਗਾਲ, ਗੋਆ, ਦਿੱਲੀ, ਮੱਧ ਪ੍ਰਦੇਸ਼ ਅਤੇ ਕਰਨਾਟਕ।

**(ਅ) ਸਾਗਰੀ ਜਹਾਜ਼ ਨਿਰਮਾਣ ਸਨਅਤ**:- ਸਾਗਰੀ ਜਹਾਜ਼ ਜਾਂ ਸਮੁੰਦਰੀ ਜਹਾਜ਼ ਪਾਣੀ ਵਿੱਚ ਆਵਾਜਾਈ ਲਈ ਉਹ ਸਾਧਨ ਹੁੰਦਾ ਹੈ ਜੋ ਦੁਨੀਆਂ ਭਰ ਦੇ ਸਾਗਰਾਂ, ਮਹਾਂਸਾਗਰਾਂ ਤੇ ਡੂੰਘੇ ਜਲ ਮਾਰਗਾਂ ਉੱਤੇ, ਯਾਤਰੀ ਤੇ ਮਾਲ ਲੈ ਕੇ ਜਾਂ ਫਿਰ ਕਿਸੇ ਉਚੇਚੇ ਮਨੋਰਥ ਨਾਲ ਕਿਸੇ ਕਾਰਜ ਲਈ ਜਿਵੇਂ ਸੁਰੱਖਿਆ, ਖੋਜ, ਮੱਛੀਆਂ ਫੜਨਾ ਆਦਿ ਲਈ ਤੈਰਦਾ ਹੈ। ਦੇਸ਼ ਦਾ ਲਗਭਗ 90% ਵਿਦੇਸ਼ੀ ਜਾਂ ਕੌਮਾਂਤਰੀ ਵਪਾਰ ਸਮੁੰਦਰੀ ਜਹਾਜ਼ਾਂ ਦੇ ਜ਼ਰੀਏ ਹੀ ਹੁੰਦਾ ਹੈ। ਜਿਸ ਨਾਲ ਇਹ ਸਾਗਰੀ ਆਵਾਜਾਈ ਦੇਸ਼ ਦੀ ਆਰਥਿਕਤਾ ਵਿੱਚ ਵੱਡਾ ਰੋਲ ਅਦਾ ਕਰਦੀ ਹੈ। ਭਾਰਤੀ ਸਮੁੰਦਰੀ ਜਹਾਜ਼ਾਂ ਦਾ ਨਿਰਮਾਣ ਮੱਧ-ਕਾਲ ਤੋਂ ਹੀ ਜਾਰੀ ਹੈ ਜਦੋਂ ਪਹਿਲੀ ਵਾਰ ਸਮੁੰਦਰੀ ਜਹਾਜ਼ ਸਿਰਫ਼ ਜਲ ਸੈਨਾ ਦੇ ਜਹਾਜ਼ਾਂ ਵਜੋਂ ਜੰਗ ਦੇ ਮਨੋਰਥ ਨਾਲ ਹੀ ਬਣਾਏ ਗਏ ਸਨ। ਸਮੁੰਦਰੀ ਜਹਾਜ ਨਿਰਮਾਣ ਸਮਰੱਥਾ ਵਿੱਚ ਭਾਰਤ ਏਸ਼ੀਆ ਵਿੱਚ ਦੂਜਾ ਸਥਾਨ ਰੱਖਦਾ ਹੈ। ਕੋਚੀਨ ਸ਼ਿੱਪਯਾਰਡ ਲਿਮਟਿਡ, ਕੇਰਲ ਦੇਸ਼ ਦੀ ਸਭ ਤੋਂ ਵੱਡੀ ਸਮੁੰਦਰੀ ਜਹਾਜ਼ ਨਿਰਮਾਣ ਤੇ ਸੰਭਾਲ ਕੰਪਨੀ ਹੈ।

ਭਾਰਤੀ ਸਾਗਰੀ ਜਹਾਜ਼ ਨਿਰਮਾਣ ਸਨਅਤਾਂ ਦੀਆਂ ਸਰਕਾਰੀ ਕੰਪਨੀਆਂ:-

1. ਸ਼ਿਪਿੰਗ ਕਾਰਪੋਰੇਸ਼ਨ ਆਫ ਇੰਡੀਆ, ਮੁੰਬਈ
2. ਹਿੰਦੋਸਤਾਨ ਸ਼ਿੱਪਯਾਰਡ ਲਿਮਟਿਡ, ਵਿਸ਼ਾਖਾਪਟਨਮ
3. ਕੋਚੀਨ ਸ਼ਿੱਪਯਾਰਡ ਲਿਮਟਿਡ, ਕੋਚੀਨ
4. ਡਰੈਸਿੰਗ ਕਾਰਪੋਰੇਸ਼ਨ ਆਫ਼ ਇੰਡੀਆ ਲਿਮਟਿਡ, ਵਿਸ਼ਾਖਾਪਟਨਮ
5. ਹੁਗਲੀ ਡੌਕ ਐਂਡ ਪੋਰਟ ਇੰਜਨੀਅਰਜ਼ ਲਿਮਟਿਡ, ਕੋਲਕਾਤਾ
6. ਸੈਂਟਰਲ ਇਨਲੈਂਡ ਵਾਟਰ ਟਰਾਂਸਪੋਰਟ ਕਾਰਪੋਰੇਸ਼ਨ ਲਿਮਟਿਡ, ਕੋਲਕਾਤਾ
7. ਐਨੋਰ ਪੋਰਟ ਲਿਮਟਿਡ, ਚੇਨੱਈ।

**(ੲ) ਮੈਗਾ ਫੂਡ ਪਾਰਕ**:- ਮੈਗਾ ਫੂਡ ਪਾਰਕ ਯੋਜਨਾ, ਭਾਰਤ ਸਰਕਾਰ ਦੇ ਫੂਡ ਪ੍ਰੋਸੈਸਿੰਗ ਇੰਡਸ਼ਟਰੀਜ਼ ਮੰਤਰਾਲੇ ਦਾ ਪ੍ਰਭਾਵਸ਼ਾਲੀ ਪ੍ਰੋਗਰਾਮ ਹੈ। ਇਸ ਯੋਜਨਾ ਅਧੀਨ ਮੰਗ ਦੇ ਆਧਾਰ 'ਤੇ ਪ੍ਰੋਸੈਸ ਕੀਤੇ ਭੋਜਨ ਦੀ ਨਿਰੰਤਰ ਸਪਲਾਈ ਦਾ ਮਾਡਲ ਤਿਆਰ ਕੀਤਾ ਜਾਂਦਾ ਹੈ। ਸਰਕਾਰ ਨੇ ਦੇਸ਼ ਭਰ ਵਿੱਚ 42 ਮੈਗਾ ਫੂਡ ਪਾਰਕ ਸਥਾਪਤ ਕਰਨ ਦੀ ਇਜਾਜ਼ਤ ਦਿੱਤੀ ਹੈ। ਸਰਕਾਰ ਦਾ ਇਹ ਕਦਮ ਫੂਡ ਪ੍ਰੋਸੈਸਿੰਗ ਦੇ ਖੇਤਰ ਵਿੱਚ ਵਿਸਤ੍ਰਿਤ ਬੁਨਿਆਦੀ ਢਾਂਚਾ ਪੈਦਾ ਕਰ ਦੇਵੇਗਾ ਅਤੇ ਇਸ ਨਾਲ ਇਹ ਖੇਤਰ ਹੋਰ ਵਿਕਸਿਤ ਹੋ ਜਾਵੇਗਾ। ਪੰਜਾਬ ਵਿੱਚ ਅਜਿਹਾ ਇੱਕ ਮੈਗਾ ਫੂਡ ਪਾਰਕ ਲੁਧਿਆਣਾ ਵਿਖੇ ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਲਿਮਟਿਡ ਦੇ ਨਾਮ ਹੇਠ ਸਥਾਪਤ ਕੀਤਾ ਗਿਆ ਹੈ, ਜਿਸ ਦਾ ਉਦੇਸ਼ ਖੇਤੀ ਅਧਾਰਿਤ ਸਨਅਤਾਂ ਨੂੰ ਉਤਸ਼ਾਹਿਤ ਕਰਨਾ ਅਤੇ ਹੁਲਾਰਾ ਦੇਣਾ ਹੈ। ਅਜਿਹੇ ਦੋ ਹੋਰ ਪਾਰਕ ਫਾਜ਼ਿਲਕਾ ਅਤੇ ਫਗਵਾੜਾ ਵਿਖੇ ਵੀ ਸਥਾਪਿਤ ਕੀਤੇ ਗਏ ਹਨ।

**(ਸ) ਸਨਅਤਾਂ ਨੂੰ ਦਰਪੇਸ਼ ਆਉਣ ਵਾਲੀਆਂ ਔਕੜਾਂ -**

1. ਵੱਡੇ ਪੱਧਰ 'ਤੇ ਪੂੰਜੀਕਾਰੀ ਦੀ ਕਮੀ।
2. ਨਵੀਨਤਮ ਤਕਨੀਕ ਦੀ ਕਮੀ।
3. ਮਹਿੰਗੇ ਖਰਚੇ ਦੇ ਬਾਵਜੂਦ ਨਿਮਨ ਉਤਪਾਦਕਤਾ।
4. ਸਰਕਾਰੀ ਅਦਾਰਿਆਂ ਦੀ ਘੱਟ ਨਿਪੁੰਨਤਾ।
5. ਇਸਪਾਤ ਯੂਨਿਟਾਂ ਦੀ ਸੰਪੂਰਨ ਵਰਤੋਂ ਨਾ ਕਰ ਸਕਣਾ।
6. ਸ਼ੁੱਧ ਕੋਲੇ ਦੀ ਭਾਰੀ ਮੰਗ।
7. ਉਤਪਾਦਨਾਂ ਦਾ ਨੀਵਾਂ ਪੱਧਰ।
8. ਭਾਰੀ ਮੰਗ।
9. ਇਸਪਾਤ ਕਾਰਖਾਨਿਆਂ ਦਾ ਭਾਰੀ ਕਰਜ਼ੇ ਹੇਠ ਹੋਣਾ।
10. ਚੀਨ, ਕੋਰੀਆ ਤੇ ਹੋਰ ਦੇਸ਼ਾਂ ਵੱਲੋਂ ਸਸਤਾ ਵਪਾਰ।

**20. ਆਵਾਜਾਈ ਤੇ ਸੰਚਾਰ ਦੇ ਸਾਧਨ ਕਿਸੇ ਦੇਸ਼ ਤੇ ਉੱਥੋਂ ਦੀ ਆਰਥਿਕਤਾ ਦੀ ਜਿੰਦ-ਜਾਨ ਕਿਉਂ ਮੰਨੇ ਜਾਂਦੇ ਹਨ?**

ਉੱਤਰ:- ਆਵਾਜਾਈ ਅਤੇ ਸੰਚਾਰ ਦੇ ਸਾਧਨ ਕਿਸੇ ਵੀ ਦੇਸ਼ ਦੀ ਤਰੱਕੀ, ਵਿਕਾਸ ਅਤੇ ਉਸਦੀ ਆਰਥਿਕ ਖੁਸ਼ਹਾਲੀ ਦੀ ਜਿੰਦ-ਜਾਨ ਮੰਨੇ ਜਾਂਦੇ ਹਨ। ਰੋਜ਼ਾਨਾ ਜ਼ਿੰਦਗੀ ਵਿੱਚ ਵਸਤੂਆਂ, ਸੇਵਾਵਾਂ ਅਤੇ ਮਨੁੱਖਾਂ ਨੂੰ ਥਾਂ ਤੋਂ ਦੂਜੀ ਥਾਂ ਲੈ ਲਈ ਆਵਾਜਾਈ ਸਾਧਨ ਆਪਣਾ ਮਹੱਤਵਪੂਰਨ ਰੋਲ ਨਿਭਾਉਂਦੇ ਹਨ ਅਤੇ ਇਸੇ ਤਰ੍ਹਾਂ ਸੂਚਨਾਵਾਂ ਦਾ ਆਦਾਨ-ਪ੍ਰਦਾਨ ਕਰਨ ਲਈ ਸੰਚਾਰ ਦੇ ਸਾਧਨ ਆਪਣਾ ਮਹੱਤਵਪੂਰਨ ਰੋਲ ਨਿਭਾਉਂਦੇ ਹਨ। ਅਸਲ ਵਿੱਚ ਆਵਾਜਾਈ ਅਤੇ ਸੰਚਾਰ ਦੇ ਸਾਧਨ ਇੱਕ ਦੂਜੇ ਦੇ ਪੂਰਕ ਹੋ ਨਿੱਬੜੇ ਹਨ। ਆਵਾਜਾਈ ਅਤੇ ਸੰਚਾਰ ਦੇ ਸਾਧਨਾਂ ਨੂੰ ਕਿਸੇ ਦੇਸ਼ ਤੇ ਉੱਥੋਂ ਦੀ ਆਰਥਿਕਤਾ ਦੀ ਜਿੰਦ-ਜਾਨ ਮੰਨੇ ਜਾਣ ਦੇ ਕਾਰਨ ਇਸ ਪ੍ਰਕਾਰ ਹਨ:-

1.ਆਵਾਜਾਈ ਅਤੇ ਸੰਚਾਰ ਦੇ ਸਾਧਨਾਂ ਕਰਕੇ ਸਾਡਾ ਸੰਸਾਰ ਇੱਕ ਗਲੋਬਲ ਪਿੰਡ ਬਣ ਗਿਆ ਹੈ ਅੱਜ ਅਸੀਂ ਘਰ ਬੈਠੇ ਪੂਰੇ ਸੰਸਾਰ ਨਾਲ ਜੁੜ ਚੁੱਕੇ ਹਾਂ।

2. ਸੜਕਾਂ, ਹਵਾਈ ਮਾਰਗ, ਜਲ ਮਾਰਗ, ਅਖਬਾਰਾਂ, ਰੇਡੀਓ, ਟੈਲੀਵੀਜਨ ਅਤੇ ਇੰਟਰਨੈੱਟ ਆਦਿ ਨੇ ਵੀ ਦੇਸ਼ ਦੇ ਆਰਥਿਕ ਅਤੇ ਸਮਾਜਿਕ ਤਰੱਕੀ ਵਿੱਚ ਆਪਣਾ ਮਹੱਤਵਪੂਰਨ ਯੋਗਦਾਨ ਦਿੱਤਾ ਹੈ।

3. ਸਥਾਨਕ ਅਤੇ ਕੌਮੀ ਵਪਾਰ ਵੀ, ਆਵਾਜਾਈ ਅਤੇ ਸੰਚਾਰ ਦੇ ਸਾਧਨਾਂ ਕਾਰਨ ਹੀ ਸੰਭਵ ਹੋਇਆ ਹੈ।

4. ਆਵਾਜਾਈ ਅਤੇ ਸੰਚਾਰ ਦੇ ਨੈੱਟਵਰਕ ਕਾਰਨ ਕੌਮਾਂਤਰੀ ਵਪਾਰ ਸੰਭਵ ਹੋਇਆ ਅਤੇ ਇਸ ਕਾਰਨ ਦੇਸ਼ ਦੀ ਅਰਥ-ਵਿਵਸਥਾ ਨੂੰ ਚੰਗਾ ਹੁਲਾਰਾ ਮਿਲਿਆ ਹੈ।

5. ਆਵਾਜਾਈ ਅਤੇ ਸੰਚਾਰ ਦੇ ਸਾਧਨਾਂ ਰਾਹੀਂ ਹੀ ਅਸੀਂ ਆਪਣੇ ਜੀਵਨ ਦੀਆਂ ਸੁੱਖ-ਸਹੂਲਤਾਂ ਨੂੰ ਮਾਣ ਰਹੇ ਹਾਂ।

**21.ਸੜਕ ਮਾਰਗਾਂ ਦੇ ਸੁਧਾਰ ਲਈ ਕੀ-ਕੀ ਕਦਮ ਚੁੱਕੇ ਜਾ ਰਹੇ ਹਨ?**

ਉੱਤਰ:- ਸੜਕ ਮਾਰਗਾਂ ਦੇ ਸੁਧਾਰ ਲਈ ਕੇਂਦਰ ਸਰਕਾਰ ਵੱਲੋਂ ਚੁੱਕੇ ਜਾ ਰਹੇ ਕਦਮ :-

1. ਲਗਭਗ 350 ਰੇਲਵੇ ਪੁੱਲਾਂ ਤੇ ਕਰਾਸਿੰਗਾਂ।

2. ਸੇਤੂ ਭਾਰਤਮ ਪ੍ਰਾਜੈਕਟ ਅਧੀਨ 150 ਰੇਲਵੇ ਓਵਰਬ੍ਰਿਜ ਅਤੇ 204 ਲੈਵਲ ਕਰਾਸਿੰਗਾਂ।

3. ਰਾਸ਼ਟਰੀ ਰਾਜ ਮਾਰਗ ਅਧੀਨ 5600 ਕਿਲੋਮੀਟਰ ਸੜਕਾਂ 123 ਜ਼ਿਲ੍ਹਾ ਹੈਡਕੁਆਟਰਾਂ ਨੂੰ ਕੌਮੀ ਮਾਰਗ ਨਾਲ ਜੋੜਨਾ।

4. 'ਭਾਰਤ ਮਾਲਾ' ਯੋਜਨਾ ਅਧੀਨ 5500 ਨਵੀਆਂ ਸੜਕਾਂ ਦਾ ਨਿਰਮਾਣ ਅਤੇ ਸਰਹੱਦੀ ਰਾਜਾਂ ਨੂੰ ਆਪਸ ਵਿੱਚ ਜੋੜਨਾ।

5.ਸੜਕੀ ਆਵਾਜਾਈ ਅਤੇ ਸੈਰ-ਸਪਾਟਾ ਮੰਤਰਾਲੇ ਦੁਆਰਾ ਨੰਦੇੜ ਅਤੇ ਕੱਟੜਾ ਜਿਹੇ ਸਥਾਨਾਂ ਨੂੰ ਜੋੜਨਾ।

**22.ਬੈਲਟ ਤੇ ਰੋਡ ਇਨੀਸ਼ੀਏਟਿਵ ਕੀ ਹੈ ਤੇ ਇਸ ਸਬੰਧੀ ਭਾਰਤ ਦੇ ਖਦਸ਼ੇ ਕੀ ਹਨ?**

ਉੱਤਰ:- ਚੀਨ ਵੱਲੋਂ ਕਿਸੇ ਵੇਲੇ ਅਰੰਭਿਆ ਗਿਆ ਵਨ ਬੈਲਟ, ਵਨ ਰੋਡ ਇਨੀਸ਼ੀਏਟਿਵ ਹੁਣ ਬੈਲਟ ਐਂਡ ਰੋਡ ਇਨੀਸ਼ੀਏਟਿਵ ਕਹਾਉਂਦਾ ਹੈ। ਜਿਸ ਦਾ ਮਨੋਰਥ ਏਸ਼ੀਆ, ਯੂਰਪ, ਅਫ਼ਰੀਕਾ ਅਤੇ ਉੱਤਰੀ ਤੇ ਦੱਖਣੀ ਅਮਰੀਕਾ ਦੇ ਦੇਸ਼ਾਂ ਵਿੱਚ ਮੁੱਢਲੇ ਢਾਂਚੇ ਦੇ ਵਿਕਾਸ ਲਈ ਪੂੰਜੀਕਾਰੀ ਕਰਨਾ ਹੈ। ਇਹ ਯੋਜਨਾ ਚੀਨ ਦੇ ਰਾਸ਼ਟਰਪਤੀ ਸ਼ੀ ਜ਼ਿਗਪਿੰਗ ਵੱਲੋਂ 2013 ਵਿਚ ਐਲਾਨੀ ਗਈ ਸੀ। ਇਸ ਦਾ ਮੁੱਖ ਟੀਚਾ ਇੱਕ ਵੱਡੀ ਏਕੀਕ੍ਰਿਤ ਮੰਡੀ ਦਾ ਗਠਨ ਕਰਨਾ ਜੋ ਕੌਮਾਂਤਰੀ ਅਤੇ ਘਰੇਲੂ ਦੋਵੇਂ ਪ੍ਰਕਾਰ ਦੀਆਂ ਮੰਡੀਆਂ ਦਾ ਫਾਇਦਾ ਲੈ ਸਕਣ। ਬੈਲਟ ਐਂਡ ਰੋਡ ਇਨੀਸ਼ੀਏਟਿਵ ਦਾ ਭਾਰਤ ਨੇ ਹਮੇਸ਼ਾਂ ਵਿਰੋਧ ਕੀਤਾ ਹੈ ਕਿਉਂਕਿ ਭਾਰਤ ਨੂੰ ਇਸ ਸੰਬੰਧੀ ਕੁੱਝ ਖਦਸ਼ੇ ਹਨ:-

1. ਭਾਰਤੀ ਕੂਟਨੀਤਿਕ ਵਿਚਾਰਵਾਨਾਂ ਨੇ ਚੀਨ ਵੱਲੋਂ ਕਿਸੇ ਵੀ ਸਰਹੱਦੀ ਇਲਾਕਿਆਂ ਵਿਚ ਸੜਕਾਂ ਦੀ ਕਾਰਵਾਈ ਦਾ ਵਿਰੋਧ ਕੀਤਾ ਹੈ ਕਿਉਂਕਿ ਭਾਰਤ ਨੂੰ ਖਦਸ਼ਾ ਹੈ ਕਿ ਇਹ ਚੀਨ ਵੱਲੋਂ ਏਸ਼ੀਆ ਨੂੰ ਘੇਰੇ ਜਾਣ ਦੀ ਕਾਰਵਾਈ ਹੈ।
2. ਚੀਨ-ਪਾਕਿਸਤਾਨ ਆਰਥਿਕ ਗਲਿਆਰੇ ਦਾ ਵੀ ਭਾਰਤ ਨੇ ਵਿਰੋਧ ਕੀਤਾ ਹੈ ਕਿਉਂਕਿ ਭਾਰਤ ਨੂੰ ਖਦਸ਼ਾ ਹੈ ਕਿ ਇਹ ਚੀਨ ਵੱਲੋਂ ਏਸ਼ਿਆਈ ਖਿੱਤੇ ਨੂੰ ਘੇਰੇ ਜਾਣ ਦੀ ਯੋਜਨਾ ਦਾ ਹੀ ਹਿੱਸਾ ਹੈ।
3. ਭਾਰਤ ਨੂੰ ਇਹ ਵੀ ਖਦਸ਼ਾ ਹੈ ਕਿ ਇਸ ਨਾਲ ਭਾਰਤ ਦੀ ਆਰਥਿਕਤਾ ਨੂੰ ਨੁਕਸਾਨ ਹੋਵੇਗਾ ਕਿਉਂਕਿ ਚੀਨ ਵੱਡੇ ਪੱਧਰ 'ਤੇ ਇਸ ਪ੍ਰਾਜੈਕਟ ਵਿੱਚ ਨਿਵੇਸ਼ ਕਰ ਰਿਹਾ ਹੈ।

**23.ਸੜਕ ਮਾਰਗਾਂ ਦਾ ਵਿਸਥਾਰ ਵਿੱਚ ਵਰਗੀਕਰਨ ਕਰੋ?**

ਉੱਤਰ:- ਭਾਰਤ ਸੰਸਾਰ ਭਰ ਦੇ ਸਭ ਤੋਂ ਵੱਡੇ ਸੜਕ ਮਾਰਗਾਂ ਦੇ ਜਾਲ ਵਾਲੇ ਦੇਸ਼ਾਂ ਵਿੱਚੋਂ ਇੱਕ ਹੈ, ਜਿੱਥੇ ਲਗਭਗ 56 ਲੱਖ ਕਿਲੋਮੀਟਰ ਲੰਬਾਈ ਦੀਆਂ ਸੜਕਾਂ ਹਨ।

1. **ਕੌਮੀ ਮਾਰਗ**:- ਕੌਮੀ ਮਾਰਗ, ਉਹ ਸੜਕਾਂ ਹਨ ਜੋ ਕੂਟਨੀਤਿਕ ਆਵਾਜਾਈ ਨਾਲ ਲੋੜੀਂਦੀਆਂ ਹੁੰਦੀਆਂ ਹਨ, ਜਿਨ੍ਹਾਂ ਉੱਤੇ ਸਫ਼ਰ ਕਰਨ ਨਾਲ ਸਮਾਂ ਬੱਚਦਾ ਹੈ, ਪੱਛੜੇ ਇਲਾਕੇ ਤੱਕ ਪੁੱਜਿਆ ਜਾ ਸਕਦਾ ਹੈ, ਆਰਥਿਕ ਵਿਕਾਸ ਵਿੱਚ ਯੋਗਦਾਨ ਪਾਉਂਦੀਆਂ ਹਨ, ਕੌਮੀ ਮਾਰਗ ਕਹਾਉਂਦੀਆਂ ਹਨ।
2. **ਰਾਜਮਾਰਗ:-** ਇਹ ਰਾਜਾਂ ਦੀਆਂ ਪ੍ਰਮੁੱਖ ਸੜਕਾਂ ਹੁੰਦੀਆਂ ਹਨ ਜੋ ਕੌਮੀ ਮਾਰਗਾਂ, ਜ਼ਿਲ੍ਹਾ ਮੁੱਖ ਕੇਂਦਰਾਂ ਤੇ ਮਹੱਤਵਪੂਰਨ ਸ਼ਹਿਰਾਂ ਨੂੰ ਆਪਸ ਵਿੱਚ ਜੋੜਦੀਆਂ ਹਨ ਅਤੇ ਜ਼ਿਲ੍ਹਾ ਸੜਕਾਂ ਨੂੰ ਵੀ ਜੋੜਦੀਆਂ ਹਨ।
3. **ਪ੍ਰਮੁੱਖ ਜ਼ਿਲ੍ਹਾ ਸੜਕਾਂ**:- ਇਹ ਸੜਕਾਂ ਵੱਡੇ ਨਿਰਮਾਣ ਤੇ ਉਤਪਾਦਨ ਖੇਤਰਾਂ, ਮੁੱਖ ਮੰਡੀਆਂ ਤੇ ਜ਼ਿਲ੍ਹੇ ਵਿੱਚੋਂ ਲੰਘਦੇ ਕੌਮੀ ਰਾਜਮਾਰਗਾਂ ਨੂੰ ਆਪਸ ਵਿੱਚ ਜੋੜਦੀਆਂ ਹਨ।
4. **ਪੇਂਡੂ ਸੜਕਾਂ:-** ਇਹ ਸੜਕਾਂ ਪਿੰਡਾਂ ਨੂੰ ਆਪੋ ਵਿੱਚ ਅਤੇ ਪ੍ਰਮੁੱਖ ਜ਼ਿਲ੍ਹਾ ਪੱਧਰੀ ਸੜਕਾਂ ਨਾਲ ਜੋੜ੍ਹਦੀਆਂ ਹਨ।
5. **ਐਕਸਪ੍ਰੈਸ ਮਾਰਗ:-** ਕੇਂਦਰ ਸਰਕਾਰ ਵੱਲੋਂ ਐਕਸਪ੍ਰੈਸ ਮਾਰਗਾਂ ਦੀ ਸ਼ੁਰੂਆਤ ਕੀਤੀ ਗਈ ਹੈ। 'ਭਾਰਤਮਾਲਾ' ਪ੍ਰੋਜੈਕਟ ਅਧੀਨ ਸਰਹੱਦੀ ਰਾਜਾਂ ਨੂੰ ਆਪਸ ਵਿੱਚ ਜੋੜਿਆ ਜਾਣਾ ਹੈ।

**24. 'ਪਾਈਪ ਲਾਈਨਾਂ' ਆਵਾਜਾਈ ਦਾ ਅਜੋਕਾ ਤੇ ਚੰਗੇਰਾ ਢੰਗ ਹਨ, ਕਿਵੇਂ?**

ਉੱਤਰ:- ਭਾਰਤ ਦੇ ਆਵਾਜਾਈ ਨਕਸ਼ੇ ਉੱਤੇ ਪਾਈਪਲਾਈਨ ਆਵਾਜਾਈ ਨੈੱਟਵਰਕ ਨਵੀਂ ਚੀਜ਼ ਹੈ। ਪੁਰਾਣੇ ਸਮੇਂ ਦੌਰਾਨ ਸ਼ਹਿਰਾਂ ਤੇ ਸਨਅਤਾਂ ਨੂੰ ਸਿਰਫ਼ ਪਾਣੀ ਮੁੱਹਈਆ ਕਰਵਾਉਣ ਲਈ ਪਾਈਪਲਾਈਨ ਪ੍ਰਬੰਧ ਵਰਤਿਆਂ ਜਾਂਦਾ ਸੀ ਪ੍ਰੰਤੂ ਹੁਣ ਇਸ ਢੰਗ ਰਾਹੀ ਕੱਚਾ ਤੇਲ, ਪੈਟਰੋਲੀਅਮ ਪਦਾਰਥ ਤੇ ਕੁਦਰਤੀ ਗੈਸ ਆਦਿ ਅਤੇ ਗੈਸ ਦੇ ਖੂਹਾਂ ਤੋਂ ਰਿਫਾਇਨਰੀਆਂ, ਖਾਦ ਦੇ ਕਾਰਖਾਨਿਆਂ ਤੇ ਵੱਡੇ ਤਾਪ-ਬਿਜਲੀ ਘਰਾਂ ਆਦਿ ਨੂੰ ਵਸਤਾਂ ਭੇਜੀਆਂ ਜਾਂਦੀਆਂ ਹਨ। ਪਾਈਪਲਾਈਨਾਂ ਰਾਹੀਂ ਠੋਸ ਪਦਾਰਥ ਵੀ ਭੇਜੇ ਜਾ ਸਕਦੇ ਹਨ ਪਰ ਉਹਨਾਂ ਨੂੰ ਪਹਿਲਾ ਅਰਧ-ਤਰਲ ਰੂਪ ਵਿੱਚ ਤਬਦੀਲ ਕਰਨਾ ਪੈਂਦਾ ਹੈ। ਪਾਈਪ ਲਾਈਨਾਂ ਵਿਛਾਉਣ ਦੀ ਸ਼ੁਰੂਆਤੀ ਕੀਮਤ ਭਾਵੇਂ ਵੱਧ ਹੁੰਦੀ ਹੈ ਪਰ ਇੱਕ ਵਾਰ ਪਾਈਪਲਾਈਨਾਂ ਵਿਛਾਉਣ ਤੋਂ ਅਤੇ ਸ਼ੁਰੂ ਹੋਣ ਜਾਣ ਤੋਂ ਬਾਅਦ, ਇਸ ਦੀ ਸਾਂਭ-ਸੰਭਾਲ ਤੇ ਕਾਰਜ ਦੀ ਕੀਮਤ ਬਹੁਤੀ ਨਹੀਂ ਹੁੰਦੀ ਅਤੇ ਆਵਾਜਾਈ ਦੌਰਾਨ ਵਸਤਾਂ ਦੇ ਨੁਕਸਾਨ ਜਾਂ ਦੇਰੀ ਹੋਣ ਦੇ ਖਦਸ਼ੇ ਬਹੁਤ ਘੱਟ ਜਾਂਦੇ ਹਨ।

**25. ਜਲ ਆਵਾਜਾਈ ਦੇ ਲਾਭ ਤੇ ਕਮੀਆਂ ਦਾ ਆਪਸੀ ਮੁਕਾਬਲਾ ਕਰੋ?**

**ਉੱਤਰ:- ਜਲ ਆਵਾਜਾਈ ਦੇ ਲਾਭ:-**

1. ਜਲ ਮਾਰਗਾਂ ਦੇ ਨਿਰਮਾਣ ਤੇ ਸਾਂਭ-ਸੰਭਾਲ ਦਾ ਖਰਚਾ ਲਗਭਗ ਨਾਂਹ ਦੇ ਬਰਾਬਰ ਹੁੰਦਾ ਹੈ।
2. ਰੇਲ ਤੇ ਸੜਕੀ ਆਵਾਜਾਈ ਸਾਧਨਾਂ ਦੇ ਮੁਕਾਬਲੇ ਜਲ ਆਵਾਜਾਈ ਸਾਧਨ ਬਹੁਤ ਸਸਤੇ ਪੈਂਦੇ ਹਨ।
3. ਜਲ ਆਵਾਜਾਈ ਰਾਹੀਂ ਭਾਰੀਆਂ ਵਸਤੂਆਂ ਦੀ ਢੋਆ-ਢੁਆਈ ਕਾਫੀ ਸੌਖੀ ਤੇ ਹੋਰ ਸਾਧਨਾਂ ਦੇ ਮੁਕਾਬਲੇ ਵਧੇਰੇ ਲਾਹੇਵੰਦ ਰਹਿੰਦੀ ਹੈ।
4. ਵਿਦੇਸ਼ੀ ਵਪਾਰ ਵੀ ਜ਼ਿਆਦਾਤਰ ਸਮੁੰਦਰੀ ਜ਼ਹਾਜ਼ਰਾਨੀ 'ਤੇ ਨਿਰਭਰ ਕਰਦਾ ਹੈ।

**ਜਲ ਆਵਾਜਾਈ ਦੀਆਂ ਕਮੀਆਂ:-**

1. ਜਲ ਆਵਾਜਾਈ ਘੱਟ ਰਫ਼ਤਾਰ ਵਾਲਾ ਆਵਾਜਾਈ ਸਾਧਨ ਹੈ।
2. ਜਲ ਅਵਾਜਾਈ ਮੁੱਖ ਤੌਰ ਤੇ ਮੌਨਸੂਨ ਜਾਂ ਵਰਖਾ 'ਤੇ ਨਿਰਭਰ ਹੋਣ ਵਾਲਾ ਸਾਧਨ ਹੈ। ਘੱਟ ਮੀਂਹ ਪੈਣ ਦੀ ਸੂਰਤ ਵਿੱਚ ਜਲਗਾਹਾਂ ਵਿੱਚ ਪਾਣੀ ਦੀ ਮਾਤਰਾ ਘੱਟ ਜਾਂਦੀ ਹੈ ਇਸ ਨਾਲ ਜਹਾਜ਼ਰਾਨੀ ਦਾ ਕਾਰਜ ਬਹੁਤ ਔਖਾ ਹੋ ਜਾਂਦਾ ਹੈ।
3. ਜਲ ਸਾਧਨ ਹੋਰ ਸਾਧਨਾਂ ਦੇ ਮੁਕਾਬਲੇ ਵੱਧ ਜੋਖ਼ਮ ਭਰਿਆ ਕੰਮ ਹੁੰਦਾ ਹੈ। ਪਾਣੀ ਵਿਚ ਡੁੱਬ ਜਾਣ ਦਾ ਖ਼ਦਸ਼ਾ ਬਣਿਆ ਰਹਿੰਦਾ ਹੈ।

## ਨਕਸ਼ਾ ਅਭਿਆਸ

1. ਭਾਰਤ ਦੇ ਨਕਸ਼ੇ ਵਿੱਚ ਜੰਗਲਾਂ ਹੇਠ ਰਕਬਾ:2021(ਸਭ ਤੋਂ ਵੱਧ ਅਤੇ ਘੱਟ ਜੰਗਲਾਂ ਵਾਲਾ ਰਾਜ ਅਤੇ ਕੇਂਦਰ ਸ਼ਾਸਤ ਪ੍ਰਦੇਸ਼),ਕਾਲੀ ਮਿੱਟੀ, ਲਾਲ ਮਿੱਟੀ, ਜਲੋਢ ਮਿੱਟੀ, ਲੈਟਰਾਈਟ ਮਿੱਟੀ, ਖੁਸ਼ਕ ਅਤੇ ਪਰਬਤੀ ਮਿੱਟੀ ਦਾ ਇੱਕ-ਇੱਕ ਖੇਤਰ ਦਰਸਾਓ:-

2. ਭਾਰਤ ਦੇ ਨਕਸ਼ੇ ਵਿੱਚ ਵੱਖ-ਵੱਖ ਜੈਵ-ਵਿਭਿੰਨਤਾ ਜ਼ੋਨ, ਰਾਮਸਰ ਸੰਮੇਲਨ ਕੇਂਦਰ ਅਤੇ ਜੈਵ-ਰੱਖਾਂ ਖੇਤਰ ਅੰਕਿਤ ਕਰੋ।


3. ਭਾਰਤ ਦੇ ਨਕਸ਼ੇ ਵਿੱਚ ਪ੍ਰਮੁੱਖ ਦਰਿਆਈ ਬਹੁ-ਮੁਖੀ ਪਰਿਯੋਜਨਾਵਾਂ ਅਤੇ ਝੀਲਾਂ ਅੰਕਿਤ ਕਰੋ।

4.ਭਾਰਤ ਦੇ ਨਕਸ਼ੇ ਵਿੱਚ ਪ੍ਰਮੁੱਖ ਸਨਅਤੀ ਉਦਯੋਗ, ਲੋਹਾ ਅਤੇ ਇਸਪਾਤ ਪਲਾਂਟ, ਸੂਤੀ ਕੱਪੜਾ ਉਦਯੋਗ, ਖਾਦ ਦੇ ਕਾਰਖਾਨੇ ਅਤੇ ਚੀਨੀ ਉਦਯੋਗ ਦੇ ਕੋਈ ਦੋ-ਦੋ ਸਥਾਨ ਅੰਕਿਤ ਕਰੋ।

**For Practice of Maps Scan this QR Code**

MGSS10

5. ਭਾਰਤ ਦੇ ਨਕਸ਼ੇ ਵਿੱਚ ਕੋਲਾ ਖੇਤਰ, ਤਾਂਬਾ ਖੇਤਰ, ਲੋਹਾ ਖੇਤਰ, ਬਾਕਸਾਈਟ ਖੇਤਰ, ਤੇਲ ਰਿਫਾਇਨਰੀ ਆਦਿ ਖੇਤਰਾਂ ਦੇ ਕੋਈ ਦੋ-ਦੋ ਸਥਾਨ ਅੰਕਿਤ ਕਰੋ।



**ਭਾਗ-ਅ (ਅਰਥ ਸ਼ਾਸਤਰ)**

**ਬਹੁ-ਵਿਕਲਪੀ ਪ੍ਰਸ਼ਨ:-**

**(1)ਅਰਥ ਸ਼ਾਸਤਰ ਦੀ ਧਨ ਸੰਬੰਧੀ ਪਰਿਭਾਸ਼ਾ ਕਿਸਨੇ ਦਿੱਤੀ?**

(ੳ) ਐਲਫ੍ਰਡ ਮਾਰਸ਼ਲ **(ਅ) ਐਡਮ ਸਮਿਥ** (ੲ) ਏ.ਸੀ.ਪੀਗੂ (ਸ)ਸੈਮੂਅਲਸਨ

**(2)ਅਰਥਸ਼ਾਸਤਰ ਦੀ ਭੌਤਿਕ ਕਲਿਆਣ ਸੰਬੰਧੀ ਪਰਿਭਾਸ਼ਾ ਕਿਸਨੇ ਦਿੱਤੀ?**

**(ੳ) ਐਲਫ੍ਰਡ ਮਾਰਸ਼ਲ** (ਅ) ਐਡਮ ਸਮਿਥ (ੲ) ਏ.ਸੀ.ਪੀਗੂ (ਸ)ਸੈਮੂਅਲਸਨ

**(3) ਸਰਵਜਨਕ ਕਰਜ਼ ਦੇ ਮੁੱਖ ਸਾਧਨ ਕਿਹੜੇ ਹਨ?**

(ੳ) ਅੰਦਰੂਨੀ ਸਾਧਨ (ਅ) ਬਾਹਰੀ ਸਾਧਨ **(ੲ) ੳ ਅਤੇ ਅ ਦੋਵੇਂ** (ਸ)ਉਪਰੋਕਤ ਵਿੱਚੋਂ ਕੋਈ ਨਹੀਂ

**(4) ਭੁਗਤਾਨ ਬਾਕੀ ਦਾ ਸੰਬੰਧ ਕਿਹੜੀ ਅਰਥਵਿਵਸਥਾ ਨਾਲ ਹੈ?**

**ੳ. ਖੁੱਲ੍ਹੀ ਅਰਥਵਿਵਸਥਾ** (ਅ) ਬੰਦ ਅਰਥਵਿਵਸਥਾ (ੲ) ਨਿੱਜੀ ਅਰਥਵਿਵਸਥਾ (ਸ)ਮੁਕਤ ਅਰਥਵਿਵਸਥਾ

**(5) ਸਰਕਾਰ ਦੀ ਮੌਦਰਿਕ ਨੀਤੀ ਦਾ ਸੰਬੰਧ ਕਿਸ ਨਾਲ ਹੈ?**

(ੳ) ਸਰਕਾਰ ਦੀ ਆਮਦਨ (ਅ)ਸਰਕਾਰ ਦੇ ਖਰਚ **(ੲ)ਮੁਦਰਾ ਦੀ ਮੰਗ ਅਤੇ ਪੂਰਤੀ** (ਸ)ਭੁਗਤਾਨ ਬਾਕੀ

**(6) ਆਰਥਿਕ ਵਿਕਾਸ ਵਿੱਚ ਹੇਠਾਂ ਲਿਖਿਆਂ ਵਿੱਚੋਂ ਕਿਸਨੂੰ ਸ਼ਾਮਿਲ ਕੀਤਾ ਜਾਂਦਾ ਹੈ?**

(ੳ) ਮਾਤਰਾਤਮਕ ਬਦਲਾਅ (ਅ) ਗੁਣਾਤਮਕ ਬਦਲਾਅ **(ੲ) ੳ ਅਤੇ ਅ ਦੋਵੇਂ** (ਸ) ਜੀਵਨ ਪੱਧਰ

**(7) ਸ਼ਿਸੂ ਮੌਤ ਦਰ ਵਿੱਚ ਕਿੰਨ੍ਹੇ ਸਾਲ ਤੋਂ ਛੋਟੀ ਉਮਰ ਦੇ ਬੱਚਿਆਂ ਦੀ ਮੌਤ ਦਰ ਨੂੰ ਸ਼ਾਮਿਲ ਕੀਤਾ ਜਾਂਦਾ ਹੈ ?**

(ੳ) **1 ਸਾਲ** (ਅ) 2 ਸਾਲ (ੲ)3ਸਾਲ (ਸ) 4 ਸਾਲ

**(8) ਜੀਵਨ ਦੇ ਭੌਤਿਕ ਗੁਣਵੱਤਾ ਸੂਚਕ ਅੰਕ ਦਾ ਨਿਰਮਾਣ ਕਿਸ ਦੁਆਰਾ ਕੀਤਾ ਗਿਆ?**

(ੳ) **ਮੌਰਿਸ ਡੀ. ਮੌਰਿਸ** (ਅ) ਸੰਯੁਕਤ ਰਾਸ਼ਟਰ ਵਿਕਾਸ ਕਾਰਜਕ੍ਰਮ

(ੲ) ਸੰਯੁਕਤ ਰਾਸ਼ਟਰ ਸੰਘ (ਸ) ਸੰਯੁਕਤ ਰਾਸ਼ਟਰ ਬਾਲ ਫੰਡ

**(9) 2023 ਵਿੱਚ ਭਾਰਤ ਦਾ ਮਾਨਵ ਵਿਕਾਸ ਸੂਚਕ ਅੰਕ ਵਿੱਚ ਕੀ ਦਰਜਾ ਸੀ?**

(ੳ) 129 (ਅ) 130 (ੲ) 131 **(ਸ)132**

**(10)ਕੇਰਲ ਵਿੱਚ ਗ਼ਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੀ ਜਨਸੰਖਿਆ ਦਾ ਅਨੁਪਾਤ ਕਿੰਨ੍ਹਾ ਹੈ ?**

(ੳ) 6.05% (ਅ) 7.00% **(ੲ) 7.05%** (ਸ) 7.10%

**(11) 2011 ਦੀ ਜਨਗਣਨਾ ਮੁਤਾਬਕ ਭਾਰਤ ਦੀ ਕਿੰਨ੍ਹੇ ਪ੍ਰਤੀਸ਼ਤ ਜਨਸੰਖਿਆ ਗ਼ਰੀਬੀ ਰੇਖਾ ਤੋਂ ਹੇਠਾਂ ਰਹਿੰਦੀ ਸੀ?**

(ੳ) 20.9% **(ਅ) 21.9%** (ੲ) 22.9% (ਸ)23.9%

**(12)ਮਾਤਾ ਮੌਤ ਦਰ ਤੋਂ ਭਾਵ ਪ੍ਰਤੀ............................ਬੱਚਿਆਂ ਨੂੰ ਜਨਮ ਦਿੰਦੇ ਸਮੇਂ ਮਾਤਾਵਾਂ ਦੀ ਹੋਣ ਵਾਲੀ ਮੌਤ ਦੀ ਦਰ ਤੋਂ ਹੈ।**

(ੳ) 1000 (ਅ) 10000 **(ੲ) 100000** (ਸ)1000000

**(13) ਕਿਸ ਸਮੇਂ ਗਾਹਕਾਂ ਨੂੰ ਉਨ੍ਹਾਂ ਦੀ ਮੰਗ, ਜਮ੍ਹਾਂ ਖਾਤੇ ਵਿਚੋਂ ਪੈਸੇ ਵਾਪਸ ਲੈਣ ਦੀ ਆਗਿਆ ਹੁੰਦੀ ਹੈ?**

**(ੳ) ਕਦੇ ਵੀ** (ਅ) ਸਮੇਂ ਦੀ ਸਮਾਪਤੀ ਤੋਂ ਪਹਿਲਾਂ

(ੲ) ਸਮੇਂ ਦੀ ਸਮਾਪਤੀ ਤੋਂ ਬਾਅਦ (ਸ) ਕਦੇ ਨਹੀਂ

**(14) ਹੇਠ ਲਿਖਿਆਂ ਵਿੱਚੋਂ ਕਿਹੜਾ ਮੁਦਰਾ ਦਾ ਕਾਰਜ ਨਹੀਂ ਹੈ?**

(ੳ) ਵਟਾਂਦਰੇ ਦਾ ਸਾਧਨ (ਅ) ਮੁੱਲ ਦਾ ਮਾਪ (ੲ) ਮੁੱਲ ਦਾ ਭੰਡਾਰ **(ਸ) ਬੱਚਤ ਖਾਤਾ**

**(15) ਹੇਠ ਲਿਖਿਆਂ ਵਿੱਚੋਂ ਕਿਹੜਾ ਉਧਾਰ ਦਾ ਰਸਮੀ ਸਰੋਤ ਨਹੀਂ ਹੈ ?**

(ੳ)ਰਾਸ਼ਟਰੀਕ੍ਰਿਤ ਬੈਂਕ (ਅ) ਸਹਿਕਾਰੀ ਬੈਂਕ (ੲ) ਨਿੱਜੀ ਬੈਂਕ **(ਸ) ਮਹਾਜਨ**

**(16)ਹੇਠਾਂ ਲਿਖਿਆਂ ਵਿੱਚੋਂ ਕਿਹੜੀ ਆਰਥਿਕ ਕਿਰਿਆ ਨੂੰ ਗੌਣ ਖੇਤਰ ਵਿੱਚ ਸ਼ਾਮਿਲ ਕੀਤਾ ਜਾਂਦਾ ਹੈ?**

(ੳ) ਖੁਦਾਈ **(ਅ)ਨਿਰਮਾਣ** (ੲ)ਯਾਤਾਯਾਤ ਤੇ ਸੰਚਾਰ (ਸ) ਉਪਰੋਕਤ ਸਾਰੇ

**(17) 2020-21 ਵਿੱਚ ਸੇਵਾ ਖੇਤਰ ਦਾ ਭਾਰਤ ਦੇ ਕੁੱਲ ਘਰੇਲੂ ਉਤਪਾਦਨ ਵਿੱਚ ਯੋਗਦਾਨ ਕਿੰਨ੍ਹੇ ਪ੍ਰਤੀਸ਼ਤ ਸੀ?**

(ੳ) 50.4% (ਅ)51.3% (ੲ)52.8% **(ਸ)53.89%**

**(18)ਯੋਜਨਾਕਾਲ ਦੇ ਦੌਰਾਨ, ਭਾਰਤ ਵਿੱਚ ਸੇਵਾ ਖੇਤਰ ਦੀ ਵਿਕਾਸ ਦਰ ਕਿੰਨ੍ਹੇ ਪ੍ਰਤੀਸ਼ਤ ਰਹੀ ਹੈ?**

(ੳ) 8% **(ਅ)9%** (ੲ)10% (ਸ) 11%

**(19)ਹੇਠ ਲਿਖਿਆਂ ਵਿੱਚੋਂ ਕਿਸ ਨੂੰ ਮਨੁੱਖੀ ਪੂੰਜੀ ਵਿੱਚ ਸ਼ਾਮਿਲ ਕੀਤਾ ਜਾਂਦਾ ਹੈ?**

(ੳ) ਅਧਿਆਪਕ (ਅ)ਡਾਕਟਰ (ੲ) ਇੰਜੀਨੀਅਰ **(ਸ)ਉਪਰੋਕਤ ਸਾਰੇ**

**(20)ਭਾਰਤ ਦੀ ਜਨਸੰਖਿਆ ਦੀ ਸਾਲਾਨਾ ਵਾਧਾ ਦਰ ਕਿੰਨ੍ਹੇ ਪ੍ਰਤੀਸ਼ਤ ਹੈ?**

(ੳ)1.6% **(ਅ)1.7%** (ੲ)1.8% (ਸ) 1.9%

**(21)ਵਰਤਮਾਨ ਸਮੇਂ ਵਿਚ ਸਰਕਾਰ ਦੁਆਰਾ ਸਿਹਤ ਅਤੇ ਸਿੱਖਿਆ ਤੇ ਕੁੱਲ ਘਰੇਲੂ ਉਤਪਾਦਨ ਦਾ ਕਿੰਨ੍ਹੇ ਪ੍ਰਤੀਸ਼ਤ ਖਰਚ ਕੀਤਾ ਜਾ ਰਿਹਾ ਹੈ?**

(ੳ) **3%** (ਅ)4% (ੲ)5% (ਸ) 6%

**(22)ਸੇਵਾ ਖੇਤਰ, ਭਾਰਤ ਦੇ ਵਿਦੇਸ਼ੀ ਵਪਾਰ ਵਿੱਚ ....................... ਯੋਗਦਾਨ ਦੇ ਰਿਹਾ ਹੈ।**

(ੳ) 19% **(ਅ)20%** (ੲ)21% (ਸ) 22%

**(23) ਉਹ ਵਪਾਰ ਜੋ ਦੇਸ਼ਾਂ ਵਿਚਕਾਰ ਹੁੰਦਾ ਹੈ, ਨੂੰ ਕਹਿੰਦੇ ਹਨ-**

(ੳ) **ਵਿਦੇਸ਼ੀ ਵਪਾਰ** (ਅ) ਖੇਤਰੀ ਵਪਾਰ (ੲ) ੳ ਅਤੇ ਅ ਦੋਵੇਂ (ਸ)ਇਹਨਾਂ ਵਿਚੋਂ ਕੋਈ ਨਹੀਂ

**(24) ਨਵੀਂ ਆਰਥਿਕ ਨੀਤੀ ਨੂੰ ਅਪਣਾਉਣ ਦੇ ਪਿੱਛੇ ਮੁੱਖ ਕਾਰਨ ਕੀ ਸਨ?**

(ੳ) ਭੁਗਤਾਨ ਸੰਤੁਲਨ ਵਿੱਚ ਘਾਟਾ (ਅ) ਮੁਦਰਾ ਸਫੀਤੀ ਦੀ ਦਰ ਵਿੱਚ ਵਾਧਾ

(ੲ) ਵਿਦੇਸ਼ੀ ਮੁਦਰਾ ਭੰਡਾਰ ਵਿੱਚ ਘਾਟਾ **(ਸ) ਉਪਰੋਕਤ ਸਾਰੇ**

**(25) ਭਾਰਤ ਵਿਸ਼ਵ ਵਪਾਰ ਸੰਗਠਨ ਦਾ ਮੈਂਬਰ ਕਦੋਂ ਬਣਿਆ ?**

(ੳ) 1 ਜਨਵਰੀ, 1994 **(ਅ) 1 ਜਨਵਰੀ, 1995** (ੲ) 1 ਜਨਵਰੀ, 1996 (ਸ) 1 ਜਨਵਰੀ, 1997

**(26) ਨਿਰਪੱਖ ਵਿਸ਼ਵੀਕਰਨ ਕੀ ਹੈ?**

(ੳ) ਸਾਰਿਆਂ ਲਈ ਬਰਾਬਰ ਲਾਭ (ਅ)ਮੁਹਾਰਤ ਅਤੇ ਗੈਰ-ਮੁਹਾਰਤ ਕਿਰਤ ਲਈ ਬਰਾਬਰ ਮੌਕੇ

**(ੲ) ੳ ਅਤੇ ਅ ਦੋਵੇਂ** (ਸ)ਇਨ੍ਹਾਂ ਵਿਚੋਂ ਕੋਈ ਨਹੀਂ

**(27) ਭਾਰਤ ਵਿੱਚ ਹਰ ਸਾਲ 'ਰਾਸ਼ਟਰੀ ਉਪਭੋਗਤਾ ਦਿਵਸ' ਕਦੋਂ ਮਨਾਇਆ ਜਾਂਦਾ ਹੈ?**

(ੳ) 15 ਅਗਸਤ (ਅ)26 ਜਨਵਰੀ **(ੲ)24 ਦਸੰਬਰ** (ਸ)15 ਮਾਰਚ

**(28) 'ਐਗਮਾਰਕ ਲੋਗੋ' ਹੇਠ ਲਿਖਿਆਂ ਵਿੱਚੋਂ ਕਿਸ ਲਈ ਵਰਤਿਆ ਜਾਂਦਾ ਹੈ?**

(ੳ) ਸੁਰੱਖਿਆ ਉਤਪਾਦਾਂ ਲਈ (ਅ) ਗਹਿਣਿਆਂ ਲਈ **(ੲ)ਖੇਤੀ ਉਤਪਾਦਾਂ ਲਈ** (ਸ)ਡੱਬਾ ਬੰਦ ਭੋਜਨ ਲਈ

**(29) ਕੋਪਰਾ----------- ਸਾਲ ਵਿੱਚ ਲਾਗੂ ਕੀਤਾ ਗਿਆ ਸੀ।**

**ੳ. 1986** (ਅ) 1960 (ੲ) 1947 (ਸ) 1990

**(30)ਰਾਸ਼ਟਰੀ ਪੱਧਰ ਦੀਆਂ ਉਪਭੋਗਤਾ ਅਦਾਲਤਾਂ ਹੇਠ ਲਿਖਿਆਂ ਵਿੱਚੋਂ ਕਿਸ ਰਕਮ ਤੋਂ ਵੱਧ ਦੇ ਦਾਅਵਿਆਂ ਨਾਲ ਨਜਿੱਠਦੀਆਂ ਹਨ?**

(ੳ) 25 ਲੱਖ **(ਅ) 1 ਕਰੋੜ** (ੲ)50 ਲੱਖ (ਸ) 5 ਲੱਖ

**(31) ਹੇਠਾਂ ਲਿਖਿਆਂ ਵਿੱਚੋਂ ਕਿਹੜਾ ਬੀਮੇ ਦਾ ਇੱਕ ਲਾਭ ਹੈ?**

**(ੳ) ਇਹ ਜੋਖ਼ਮ ਦੇ ਸਮੇਂ ਸੁਰੱਖਿਆ ਪ੍ਰਦਾਨ ਕਰਦਾ ਹੈ।** (ਅ) ਇਹ ਸ਼ੇਅਰਾਂ ਦੀ ਖਰੀਦ-ਵੇਚ ਵਿੱਚ ਮਦਦ ਕਰਦਾ ਹੈ।

(ੲ) ਇਸ ਤੋਂ ਵਿਅਕਤੀ ਜਦੋਂ ਚਾਹੇ ਧਨ ਪ੍ਰਾਪਤ ਕਰ ਸਕਦਾ ਹੈ। (ਸ)ਇਸ ਨਾਲ ਵਿਅਕਤੀ ਕੋਲ ਧਨ ਦੀ ਕਮੀ ਨਹੀਂ ਰਹਿੰਦੀ।

**(32) ਹੇਠਾਂ ਲਿਖਿਆਂ ਵਿੱਚੋਂ ਕਿਹੜਾ ਸਟਾਕ ਐਕਸਚੇਂਜ ਬਜ਼ਾਰ ਦੇ ਮਹੱਤਵ ਨੂੰ ਦਰਸਾਉਂਦਾ ਹੈ?**

(ੳ)ਇਸ ਨਾਲ ਕੰਪਨੀਆਂ ਨੂੰ ਵਿਕਾਸ ਕਰਨ ਲਈ ਧਨ ਪ੍ਰਾਪਤ ਹੁੰਦਾ ਹੈ। (ਅ) ਇਸ ਨਾਲ ਆਰਥਿਕ ਕਿਰਿਆਵਾਂ ਦੇ ਪੱਧਰ ਵਿੱਚ ਵਾਧਾ ਹੁੰਦਾ ਹੈ।

(ੲ) ਇਸ ਨਾਲ ਦੇਸ਼ ਦੀ ਉਤਪਾਦਨ ਸ਼ਕਤੀ ਦਾ ਵਿਕਾਸ ਹੁੰਦਾ ਹੈ। **(ਸ) ਉਪਰੋਕਤ ਸਾਰੇ।**

**(33) ਸਟਾਕ ਐਕਸਚੇਂਜ ਬਾਜ਼ਾਰ ਵਿੱਚ ਨਿਵੇਸ਼ ਕਰਨ ਤੋਂ ਪਹਿਲਾਂ ਹੇਠਾਂ ਵਿੱਚੋਂ ਕਿਹੜੀਆ ਗੱਲਾਂ ਦਾ ਧਿਆਨ ਰੱਖਿਆ ਜਾਣਾ ਚਾਹੀਦਾ ਹੈ?**

ੳ. ਸਾਰਾ ਧਨ ਇੱਕ ਹੀ ਕੰਪਨੀ ਵਿੱਚ ਨਾ ਲਗਾਇਆ ਜਾਵੇ। (ਅ) ਵਿਚੋਲਾ ਕੰਪਨੀ ਦੀ ਮਦਦ ਪ੍ਰਾਪਤ ਕੀਤੀ ਜਾਵੇ।

(ੲ) ਜੋਖ਼ਮ ਦੀ ਦਰ ਦਾ ਅਨੁਮਾਨ ਪਹਿਲਾਂ ਹੀ ਲਗਾ ਲਿਆ ਜਾਵੇ। **(ਸ) ਉਪਰੋਕਤ ਸਾਰੇ।**

## ਇੱਕ ਅੰਕ ਵਾਲੇ ਮਹੱਤਵਪੂਰਨ ਪ੍ਰਸ਼ਨ:

**1.ਅਰਥਸ਼ਾਸਤਰ ਤੋਂ ਕੀ ਭਾਵ ਹੈ?**

ਉੱਤਰ:-ਅਰਥ ਸ਼ਾਸਤਰ ਤੋਂ ਭਾਵ ਘਰੇਲੂ ਪ੍ਰਬੰਧ ਤੋਂ ਹੈ ਕਿ ਇੱਕ ਵਿਅਕਤੀ ਅਤੇ ਸਰਕਾਰ ਆਪਣੇ ਸੀਮਿਤ ਸਾਧਨਾਂ, ਜਿਹਨਾਂ ਦੇ ਵਿਕਲਪਿਕ ਪ੍ਰਯੋਗ ਹੁੰਦੇ ਹਨ, ਦੀ ਕਿਸ ਤਰ੍ਹਾਂ ਕੁਸ਼ਲ ਵਰਤੋਂ ਕਰਦੇ ਹਨ ਜਿਸ ਨਾਲ ਵਿਅਕਤੀਗਤ ਅਤੇ ਸਮਾਜਿਕ ਕਲਿਆਣ ਨੂੰ ਅਧਿਕਤਮ ਕੀਤਾ ਜਾ ਸਕੇ।

**2.ਵਿਅਸ਼ਟੀ ਅਰਥਸ਼ਾਸਤਰ ਤੋਂ ਕੀ ਭਾਵ ਹੈ?**

ਉੱਤਰ:- ਵਿਅਸ਼ਟੀ ਅਰਥਸ਼ਾਸਤਰ, ਆਰਥਿਕ ਕਿਰਿਆਵਾਂ ਦਾ ਅਧਿਐਨ ਛੋਟੇ ਪੱਧਰ ਭਾਵ ਇੱਕ ਵਿਅਕਤੀ, ਇੱਕ ਪਰਿਵਾਰ, ਇੱਕ ਫ਼ਰਮ ਆਦਿ 'ਤੇ ਕਰਦਾ ਹੈ।

**3.ਸਮੱਸ਼ਟੀ ਅਰਥਸ਼ਾਸਤਰ ਤੋਂ ਕੀ ਭਾਵ ਹੈ?**

ਉੱਤਰ:-ਸਮੱਸ਼ਟੀ ਅਰਥਸ਼ਾਸਤਰ, ਆਰਥਿਕ ਕਿਰਿਆਵਾਂ ਦਾ ਅਧਿਐਨ ਵੱਡੇ ਪੱਧਰ ਭਾਵ ਪੂਰੀ ਦੀ ਪੂਰੀ ਅਰਥਵਿਵਸਥਾ ਦੇ ਪੱਧਰ 'ਤੇ ਕਰਦਾ ਹੈ।

**4. ਨਿਵੇਸ਼ ਤੋਂ ਕੀ ਭਾਵ ਹੈ?**

ਉੱਤਰ:-ਨਿਵੇਸ਼ ਤੋਂ ਭਾਵ ਇੱਕ ਨਿਸ਼ਚਿਤ ਸਮੇਂ ਭਾਵ ਇੱਕ ਸਾਲ ਦੀ ਸਮਾਂ ਅਵਧੀ ਦੇ ਦੌਰਾਨ ਪੂੰਜੀ ਭੰਡਾਰ ਵਿੱਚ ਹੋਣ ਵਾਲੇ ਵਾਧੇ ਤੋਂ ਹੈ।

**5. ਬੱਚਤ ਤੋ ਕੀ ਭਾਵ ਹੈ?**

ਉੱਤਰ:- ਬੱਚਤ ਤੋਂ ਭਾਵ ਆਮਦਨ ਦੇ ਉਸ ਭਾਗ ਤੋਂ ਹੈ, ਜਿਸ ਨੂੰ ਖਰਚ ਨਹੀਂ ਕੀਤਾ ਜਾਂਦਾ।

**6. ਮੁਦਰਾ ਸਫੀਤੀ ਤੋਂ ਕੀ ਭਾਵ ਹੈ?**

ਉੱਤਰ:- ਮੁਦਰਾ ਸਫੀਤੀ ਤੋਂ ਭਾਵ ਕਿਸੇ ਅਰਥਵਿਵਸਥਾ ਵਿੱਚ ਵਸਤੂਆਂ ਅਤੇ ਸੇਵਾਵਾਂ ਦੀਆਂ ਕੀਮਤਾਂ ਵਿੱਚ ਲਗਾਤਾਰ ਅਤੇ ਲੰਬੇ ਸਮੇਂ ਵਿੱਚ ਹੋਣ ਵਾਲਾ ਵਾਧਾ ਹੈ।

**7. ਸਰਕਾਰੀ ਬਜਟ ਤੇ ਕੀ ਭਾਵ ਹੈ?**

ਉੱਤਰ:- ਸਰਕਾਰੀ ਬਜਟ ਤੋ ਭਾਵ ਇੱਕ ਵਿੱਤੀ ਸਾਲ ਦੇ ਦੌਰਾਨ ਸਰਕਾਰ ਦੀ ਅਨੁਮਾਨਿਤ ਆਮਦਨ ਅਤੇ ਅਨੁਮਾਨਿਤ ਖਰਚ ਦੇ ਵਿੱਤੀ ਬਿਊਰੇ ਤੋਂ ਹੈ।

**8. ਘਾਟੇ ਦੀ ਵਿੱਤ ਵਿਵਸਥਾ ਤੋਂ ਤੁਹਾਡਾ ਕੀ ਭਾਵ ਹੈ?**

ਉੱਤਰ:- ਘਾਟੇ ਦੀ ਵਿੱਤ ਵਿਵਸਥਾ ਤੋਂ ਭਾਵ ਕੇਂਦਰੀ ਬੈਂਕ ਦੁਆਰਾ ਸਰਕਾਰ ਨੂੰ ਨਵੇਂ ਨੋਟ ਛਾਪ ਕੇ ਮੁਦਰਾ ਪ੍ਰਦਾਨ ਕਰਵਾਉਣ ਦੀ ਪ੍ਰਕਿਰਿਆ ਤੋਂ ਹੈ, ਤਾਂ ਕਿ ਸਰਕਾਰ, ਬਜਟ ਵਿੱਚ ਪੈਣ ਵਾਲੇ ਘਾਟੇ ਦੀ ਸਮੱਸਿਆ ਦਾ ਹੱਲ ਕਰ ਸਕੇ।

**9. ਵਿਕਾਸ ਦਰ ਤੋਂ ਕੀ ਭਾਵ ਹੈ?**

ਉੱਤਰ:- ਵਿਕਾਸ ਦਰ ਤੋਂ ਭਾਵ ਕਿਸੇ ਦੇਸ਼ ਦੇ ਕੁੱਲ ਘਰੇਲੂ ਉਤਪਾਦਨ ਵਿੱਚ ਪਿਛਲੇ ਸਾਲ ਦੇ ਮੁਕਾਬਲੇ ਚਾਲੂ ਸਾਲ ਵਿਚ ਹੋਣ ਵਾਲੇ ਪ੍ਰਤੀਸ਼ਤ ਬਦਲਾਵ ਤੋਂ ਹੈ।

**10. ਸਰਕਾਰ ਦੀ ਰਾਜਕੋਸ਼ੀ ਨੀਤੀ ਤੋਂ ਤੁਹਾਡਾ ਕੀ ਭਾਵ ਹੈ?**

ਉੱਤਰ:- ਰਾਜਕੋਸ਼ੀ ਨੀਤੀ ਸਰਕਾਰ ਦੀ ਆਮਦਨ ਅਤੇ ਖਰਚੇ ਨਾਲ ਸੰਬੰਧਿਤ ਨੀਤੀ ਹੁੰਦੀ ਹੈ।

**11. ਟਿਕਾਊ ਵਿਕਾਸ ਤੋਂ ਕੀ ਭਾਵ ਹੈ?**

ਉੱਤਰ:- ਟਿਕਾਊ ਵਿਕਾਸ ਤੋਂ ਭਾਵ ਇੱਕ ਅਜਿਹੀ ਵਿਕਾਸ ਪ੍ਰਕਿਰਿਆ ਤੋਂ ਹੈ ਜੋ ਵਾਤਾਵਰਣ ਦੀ ਸੁਰੱਖਿਆ ਦੇ ਨਾਲ-ਨਾਲ ਵਰਤਮਾਨ ਅਤੇ ਭਵਿੱਖ ਦੀਆਂ ਦੋਹਾਂ ਪੀੜ੍ਹੀਆਂ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦੀ ਹੈ।

**12. ਰਾਸ਼ਟਰੀ ਆਮਦਨ ਤੋਂ ਕੀ ਭਾਵ ਹੈ?**

ਉੱਤਰ:-ਰਾਸ਼ਟਰੀ ਆਮਦਨ ਦਾ ਅਰਥ ਇੱਕ ਦੇਸ਼ ਦੇ ਨਿਵਾਸੀਆਂ ਨੂੰ ਕਿਸੇ ਖਾਸ ਅਵਧੀ ਦੌਰਾਨ ਉਹਨਾਂ ਦੀਆਂ ਉਤਪਾਦਕ ਸੇਵਾਵਾਂ ਦੇ ਬਦਲੇ ਪ੍ਰਾਪਤ ਹੋਣ ਵਾਲੀ ਕੁੱਲ ਆਮਦਨ ਭਾਵ ਮਜ਼ਦੂਰੀ, ਵਿਆਜ਼, ਲਗਾਨ ਅਤੇ ਲਾਭ ਦੇ ਕੁੱਲ ਜੋੜ ਤੋਂ ਹੈ।

**13. ਪ੍ਰਤੀ ਵਿਅਕਤੀ ਆਮਦਨ ਤੋਂ ਕੀ ਭਾਵ ਹੈ?**

ਉੱਤਰ:- ਪ੍ਰਤੀ ਵਿਅਕਤੀ ਆਮਦਨ ਤੋਂ ਭਾਵ ਇੱਕ ਵਿਅਕਤੀ ਦੀ ਔਸਤ ਆਮਦਨ ਤੋਂ ਹੈ। ਇਸ ਦਾ ਪਤਾ ਇੱਕ ਦੇਸ਼ ਦੀ ਰਾਸ਼ਟਰੀ ਆਮਦਨ ਨੂੰ ਉਸ ਦੇਸ਼ ਦੀ ਜਨਸੰਖਿਆ ਨਾਲ ਭਾਗ ਕਰਕੇ ਲਗਾਇਆ ਜਾਂਦਾ ਹੈ ।

**14. ਲਿੰਗ ਅਨੁਪਾਤ ਤੋਂ ਕੀ ਭਾਵ ਹੈ?**

ਉੱਤਰ:- ਲਿੰਗ ਅਨੁਪਾਤ ਤੋਂ ਭਾਵ ਪ੍ਰਤੀ 1000 ਪੁਰਸ਼ਾਂ ਦੇ ਪਿੱਛੇ ਇਸਤਰੀਆਂ ਦੀ ਸੰਖਿਆ ਤੋਂ ਹੈ।

**15. PQLI ਦਾ ਪੂਰਾ ਨਾਂ ਕੀ ਹੈ?**

ਉੱਤਰ:-Physical Quality of Life Index.(ਜੀਵਨ ਦਾ ਭੌਤਿਕ ਗੁਣਵੱਤਾ ਸੂਚਕ ਅੰਕ)

**16. ਸਾਖ਼ਰਤਾ ਦਰ ਤੋਂ ਕੀ ਭਾਵ ਹੈ?**

ਉੱਤਰ:- ਸਾਖ਼ਰਤਾ ਦਰ ਤੋਂ ਭਾਵ ਹੈ ਜਨਸੰਖਿਆ ਦੇ ਉਸ ਭਾਗ ਤੋਂ ਹੁੰਦਾ ਹੈ, ਜੋ ਕਿ ਸਮਝਣ,ਪੜ੍ਹਣ ਅਤੇ ਲਿਖਣ ਦੀ ਯੋਗਤਾ ਰੱਖਦੇ ਹਨ। ਇਸ ਤੋਂ ਕਿਸੇ ਵੀ ਖੇਤਰ ਦੇ ਲੋਕਾਂ ਦੇ ਸਿੱਖਿਆ ਪ੍ਰਾਪਤੀ ਦੇ ਪੱਧਰ ਦਾ ਪਤਾ ਲੱਗਦਾ ਹੈ।

$$\text{ਸਾਖ਼ਰਤਾ ਦਰ} = \frac{\text{ਪੜ੍ਹੇ ਲਿਖੇ ਲੋਕਾਂ ਦੀ ਗਿਣਤੀ} \times 100}{\text{ਕੁੱਲ ਆਬਾਦੀ}}$$

**17. HDI ਦਾ ਪੂਰਾ ਨਾਂ ਲਿਖੋ?**

ਉੱਤਰ:-HUMAN DEVELOPMENT INDEX.(ਮਾਨਵ ਵਿਕਾਸ ਸੂਚਕ ਅੰਕ)

**18. ਸਿੱਕਿਆਂ ਦੀ ਸ਼ੁਰੂਆਤ ਤੋਂ ਪਹਿਲਾਂ ਕਿਹੜੀਆਂ ਕਿਸਮਾਂ ਦੀਆਂ ਵਸਤੂਆਂ ਮੁਦਰਾ ਵਜੋਂ ਵਰਤੀਆਂ ਜਾਂਦੀਆਂ ਸਨ?**

ਉੱਤਰ:- ਸਿੱਕਿਆਂ ਦੀ ਸ਼ੁਰੂਆਤ ਤੋਂ ਪਹਿਲਾਂ ਅਨਾਜ, ਪਸ਼ੂ ਅਤੇ ਸੰਦ ਆਦਿ ਵਸਤੂਆਂ ਨੂੰ ਮੁਦਰਾ ਵੱਜੋਂ ਵਰਤਿਆਂ ਜਾਂਦਾ ਸੀ।

**19. ਉਧਾਰ ਦੇ ਰਸਮੀ ਸਰੋਤ ਕਿਹੜੇ ਹਨ?**

ਉੱਤਰ:- ਉਧਾਰ ਦੇ ਰਸਮੀ ਸਰੋਤਾਂ ਵਿੱਚ ਬੈਂਕ ਅਤੇ ਸਹਿਕਾਰੀ ਸਭਾਵਾਂ ਸ਼ਾਮਿਲ ਹੁੰਦੀਆਂ ਹਨ।

**20. ਉਧਾਰ ਦੇ ਗੈਰ- ਰਸਮੀ ਸਰੋਤ ਕਿਹੜੇ ਹਨ?**

ਉੱਤਰ:- ਉਧਾਰ ਦੇ ਗ਼ੈਰ-ਰਸਮੀ ਸਰੋਤਾਂ ਵਿੱਚ ਸ਼ਾਹੂਕਾਰ, ਵਪਾਰੀ, ਮਾਲਕ, ਰਿਸ਼ਤੇਦਾਰ ਅਤੇ ਦੋਸਤ ਸ਼ਾਮਿਲ ਹੁੰਦੇ ਹਨ।

**(21) ਅਰਥਵਿਵਸਥਾ ਤੋਂ ਕੀ ਭਾਵ ਹੈ?**

ਉੱਤਰ- ਅਰਥਵਿਵਸਥਾ ਤੋਂ ਭਾਵ ਉਸ ਪ੍ਰਬੰਧ ਤੋਂ ਹੈ, ਜਿਸ ਦੇ ਮੁਤਾਬਿਕ ਆਰਥਿਕ ਕਿਰਿਆਵਾਂ ਕੀਤੀਆਂ ਜਾਂਦੀਆਂ ਹਨ। ਇਸ ਤੋਂ ਸਾਨੂੰ ਆਰਥਿਕ ਕਿਰਿਆਵਾਂ ਦੇ ਸੁਭਾਅ ਅਤੇ ਪੱਧਰ ਬਾਰੇ ਜਾਣਕਾਰੀ ਮਿਲਦੀ ਹੈ। ਅਰਥਵਿਵਸਥਾ ਨੂੰ ਕਿਸੇ ਵਿਸ਼ੇਸ਼ ਖੇਤਰ ਜਾਂ ਸੀਮਾ ਤੱਕ ਸੀਮਿਤ ਨਹੀਂ ਕੀਤਾ ਜਾਣਾ ਚਾਹੀਦਾ।

**(22) ਸਰਵਜਨਕ ਖੇਤਰ ਤੋਂ ਕੀ ਭਾਵ ਹੈ?**

ਉੱਤਰ- ਸਰਵਜਨਕ ਖੇਤਰ ਨੂੰ ਸਰਕਾਰੀ ਖੇਤਰ ਵੀ ਕਿਹਾ ਜਾਂਦਾ ਹੈ। ਇਸ ਵਿੱਚ ਉਹਨਾਂ ਸਾਰੇ ਖੇਤਰਾਂ ਦੀ ਮਲਕੀਅਤ ਨੂੰ ਸ਼ਾਮਿਲ ਕੀਤਾ ਜਾਂਦਾ ਹੈ ਜਿਨ੍ਹਾਂ 'ਤੇ ਸਰਕਾਰ ਜਾਂ ਸਰਕਾਰ ਦੁਆਰਾ ਨਿਯੁਕਤ ਕੀਤੀ ਗਈ ਕਿਸੇ ਏਜੰਸੀ ਦਾ ਅਧਿਕਾਰ ਹੁੰਦਾ ਹੈ।

**(23) ਸਰਵਜਨਕ ਖੇਤਰ ਅਧੀਨ ਆਉਣ ਵਾਲੇ ਕਿਸੇ ਦੋ ਉਤਪਾਦਨ ਖੇਤਰਾਂ ਦਾ ਨਾਂ ਦੱਸੋ?**

ਉੱਤਰ- ਪਰਮਾਣੂ ਊਰਜਾ ਅਤੇ ਰੇਲਵੇ

**(24) ਨਿੱਜੀ ਖੇਤਰ ਤੋਂ ਕੀ ਭਾਵ ਹੈ?**

ਉੱਤਰ- ਨਿੱਜੀ ਖੇਤਰ ਨੂੰ ਪੂੰਜੀਵਾਦੀ ਖੇਤਰ ਵੀ ਕਿਹਾ ਜਾਂਦਾ ਹੈ। ਇਸ ਵਿੱਚ ਉਹਨਾਂ ਸਾਰੇ ਖੇਤਰਾਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ, ਜਿਹਨਾਂ 'ਤੇ ਨਿੱਜੀ ਖੇਤਰ ਦਾ ਪੂਰਾ ਅਧਿਕਾਰ ਹੁੰਦਾ ਹੈ। ਇਹ ਖੇਤਰ ਸਿਰਫ਼ ਅਧਿਕਤਮ ਲਾਭ ਪ੍ਰਾਪਤ ਕਰਨ ਦੇ ਉਦੇਸ਼ ਨਾਲ ਕੰਮ ਕਰਦਾ ਹੈ।

**(25) ਸੰਗਠਿਤ ਖੇਤਰ ਤੋਂ ਕੀ ਭਾਵ ਹੈ?**

ਉੱਤਰ- ਇਹ ਉਹ ਖੇਤਰ ਹੁੰਦਾ ਹੈ ਜੋ ਕੇ ਪੂਰੀ ਤਰ੍ਹਾਂ ਸੰਗਠਿਤ ਹੁੰਦਾ ਹੈ ਭਾਵ ਇਸ ਖੇਤਰ ਵਿੱਚ ਕੰਮ ਕਰਨ ਵਾਲੇ ਕਰਮਚਾਰੀ ਵਿਸ਼ੇਸ਼ ਨਿਯਮਾਂ ਅਤੇ ਕਾਨੂੰਨਾਂ ਹੇਠ ਕੰਮ ਕਰਦੇ ਹਨ। ਇਸ ਖੇਤਰ ਵਿੱਚ ਕੰਮ ਕਰਨ ਵਾਲੇ ਕਰਮਚਾਰੀਆਂ ਦੀਆਂ ਨਿਸ਼ਚਿਤ ਤਨਖਾਹਾਂ, ਭੱਤੇ, ਕੰਮ ਕਰਨ ਦੇ ਘੰਟੇ, ਛੁੱਟੀ ਦੇ ਨਿਯਮ, ਪੈਨਸ਼ਨ ਅਤੇ ਹੋਰ ਸਮਾਜਿਕ ਸੁਰੱਖਿਆ ਨਿਯਮ ਹੁੰਦੇ ਹਨ।

**(26)ਅਸੰਗਠਿਤ ਖੇਤਰ ਤੋਂ ਕੀ ਭਾਵ ਹੈ?**

ਉੱਤਰ:- ਇਸ ਖੇਤਰ ਵਿੱਚ ਕੰਮ ਕਰਨ ਵਾਲੇ ਕਰਮਚਾਰੀਆਂ ਦੀਆਂ ਤਨਖਾਹਾਂ, ਭੱਤੇ, ਕੰਮ ਕਰਨ ਦੇ ਘੰਟੇ, ਛੁੱਟੀ ਦੇ ਨਿਯਮ, ਪੈਨਸ਼ਨ ਅਤੇ ਹੋਰ ਸਮਾਜਿਕ ਸੁਰੱਖਿਆ ਨਿਯਮਾਂ ਦੇ ਪੱਖੋਂ ਕੋਈ ਵੀ ਨਿਯਮ ਅਤੇ ਕਾਨੂੰਨ ਨਹੀਂ ਹੁੰਦੇ।

**(27) ਅਸੰਗਠਿਤ ਖੇਤਰ ਵਿੱਚ ਕਿਸ ਤਰ੍ਹਾਂ ਦੇ ਕਰਮਚਾਰੀਆਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ?**

ਉੱਤਰ- ਛੋਟੇ ਅਤੇ ਸੀਮਾਂਤ ਮਜ਼ਦੂਰ, ਭੂਮੀਹੀਣ ਕਿਸਾਨ, ਠੇਕੇ ਤੇ ਰੱਖੇ ਮਜ਼ਦੂਰ ਅਤੇ ਕੱਚੇ ਮਜ਼ਦੂਰ, ਘਰੇਲੂ ਨੌਕਰ, ਮੱਛੀਆਂ ਫੜ੍ਹਨ ਵਾਲੇ, ਸਬਜੀਆਂ ਤੇ ਫ਼ਲ ਵੇਚਣ ਵਾਲੇ ਅਤੇ ਅਖ਼ਬਾਰ ਵੰਡਣ ਵਾਲੇ ਲੋਕਾਂ ਨੂੰ ਇਸ ਸ਼੍ਰੇਣੀ ਵਿੱਚ ਸ਼ਾਮਿਲ ਕੀਤਾ ਜਾਂਦਾ ਹੈ।

**(28) ਪ੍ਰਾਥਮਿਕ ਖੇਤਰ ਤੋਂ ਕੀ ਭਾਵ ਹੈ?**

ਉੱਤਰ- ਪ੍ਰਾਥਮਿਕ ਖੇਤਰ ਤੋਂ ਭਾਵ ਇੱਕ ਅਜਿਹੇ ਖੇਤਰ ਤੋਂ ਹੈ ਜਿਸਦਾ ਸੰਬੰਧ ਉਹਨਾਂ ਕਿਰਿਆਵਾਂ ਦੇ ਨਾਲ ਹੈ ਜੋ ਕਿ ਸਿੱਧੇ ਤੌਰ 'ਤੇ ਕੁਦਰਤ ਤੇ ਨਿਰਭਰ ਕਰਦੀਆਂ ਹਨ ਕਿਉਂਕਿ ਇਨ੍ਹਾਂ ਕਿਰਿਆਵਾਂ ਵਿੱਚ ਕੁਦਰਤ ਦੁਆਰਾ ਦਿੱਤੇ ਗਏ ਸਾਧਨ ਜਿਵੇਂ ਕਿ ਭੂਮੀ, ਪਾਣੀ ਬਨਸਪਤੀ ਅਤੇ ਖਣਿਜ ਪਦਾਰਥਾਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ। ਇਸ ਲਈ ਉਹ ਖੇਤਰ ਜੋ ਉਤਪਾਦਨ ਕਰਨ ਲਈ ਕੁਦਰਤੀ ਸਾਧਨਾਂ ਦੀ ਵਰਤੋਂ ਕਰਦਾ ਹੈ, ਨੂੰ ਪ੍ਰਾਥਮਿਕ ਖੇਤਰ ਕਿਹਾ ਜਾਂਦਾ ਹੈ।

**(29) ਪ੍ਰਾਥਮਿਕ ਖੇਤਰ ਦੁਆਰਾ ਕੀਤੀਆਂ ਜਾਣ ਵਾਲੀਆਂ ਦੋ ਕਿਰਿਆਵਾਂ ਦਾ ਵਰਨਣ ਕਰੋ।**

ਉੱਤਰ:- ਮੱਛੀ ਪਾਲਣ, ਡੇਅਰੀ ਫਾਰਮਿੰਗ ।

**(30)ਗੌਣ ਖੇਤਰ ਤੋਂ ਕੀ ਭਾਵ ਹੈ?**

ਉੱਤਰ- ਗੌਣ ਖੇਤਰ ਨੂੰ ਨਿਰਮਾਣ ਖੇਤਰ ਵੀ ਕਿਹਾ ਜਾਂਦਾ ਹੈ। ਇਹ ਖੇਤਰ ਪ੍ਰਾਥਮਿਕ ਖੇਤਰ ਦੁਆਰਾ ਪ੍ਰਦਾਨ ਕਰਵਾਏ ਗਏ ਸਾਧਨਾਂ ਦੀ ਕੱਚੇ ਮਾਲ ਦੇ ਤੌਰ 'ਤੇ ਵਰਤੋਂ ਕਰਦਾ ਹੈ ਅਤੇ ਇੱਕ ਉਤਪਾਦਨ ਕਿਰਿਆ ਦੇ ਦੁਆਰਾ ਇਸ ਕੱਚੇ ਮਾਲ ਨੂੰ ਅੰਤਿਮ ਵਸਤੂਆਂ ਵਿੱਚ ਬਦਲਦਾ ਹੈ।

**(31)ਗੌਣ ਖੇਤਰ ਦੁਆਰਾ ਕੀਤੀਆਂ ਜਾਣ ਵਾਲੀਆਂ ਦੋ ਕਿਰਿਆਵਾਂ ਦਾ ਵਰਨਣ ਕਰੋ।**

ਉੱਤਰ- ਗੌਣ ਖੇਤਰ ਵਿੱਚ ਛੋਟੀਆਂ ਵਰਕਸ਼ਾਪਾਂ, ਮਿੱਟੀ ਦੇ ਬਰਤਨ ਬਣਾਉਣ ਵਾਲੇ ਘੁਮਿਆਰ, ਕੱਪੜਾ ਰੰਗਣ ਵਾਲੇ, ਲੋਹਾ-ਇਸਪਾਤ, ਪਲਾਸਟਿਕ, ਕਾਰਾਂ ਬਣਾਉਣ ਵਾਲੀਆਂ ਫਰਮਾਂ ਅਤੇ ਫੈਕਟਰੀਆਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ।

**(32)ਸੇਵਾ ਖੇਤਰ ਤੋਂ ਕੀ ਭਾਵ ਹੈ?**

ਉੱਤਰ- ਸੇਵਾ ਖੇਤਰ ਜਾਂ ਟਰਸ਼ਰੀ ਖੇਤਰ ਅਰਥ ਅਵਸਥਾ ਦਾ ਤੀਜਾ ਸਭ ਤੋਂ ਮਹੱਤਵਪੂਰਨ ਖੇਤਰ ਮੰਨਿਆ ਜਾਂਦਾ ਹੈ। ਇਹ ਖੇਤਰ ਵਸਤੂਆਂ ਦੇ ਪ੍ਰਤੱਖ ਉਤਪਾਦਨ ਦੇ ਨਾਲ ਸੰਬੰਧ ਨਹੀਂ ਰੱਖਦਾ। ਇਹ ਖੇਤਰ ਪ੍ਰਾਥਮਿਕ ਖੇਤਰ ਅਤੇ ਗੌਣ ਖੇਤਰ ਨੂੰ ਆਪਣੀਆਂ ਵਸਤੂਆਂ ਬਣਾਉਣ ਅਤੇ ਉਨ੍ਹਾਂ ਦੀ ਵੰਡ ਕਰਨ ਲਈ ਆਪਣੀਆਂ ਸੇਵਾਵਾਂ ਪ੍ਰਦਾਨ ਕਰਵਾਉਂਦਾ ਹੈ।

**(33) ਸੇਵਾ ਖੇਤਰ ਦੁਆਰਾ ਕੀਤੀਆਂ ਜਾਣ ਵਾਲੀਆਂ ਦੋ ਕਿਰਿਆਵਾਂ ਦਾ ਵਰਣਨ ਕਰੋ?**

ਉੱਤਰ- ਇਸ ਖੇਤਰ ਵਿੱਚ ਬੈਂਕਿੰਗ ਸੇਵਾਵਾਂ, ਬੀਮਾ ਸੇਵਾਵਾਂ, ਯਾਤਾਯਾਤ ਦੇ ਸਾਧਨਾਂ ਦੀਆਂ ਸੇਵਾਵਾਂ ਅਤੇ ਸੰਚਾਰ ਦੇ ਸਾਧਨਾਂ ਦੀਆਂ ਸੇਵਾਵਾਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ।

**(34) ਵਿਦੇਸ਼ੀ ਵਪਾਰ ਤੋਂ ਕੀ ਭਾਵ ਹੈ?**

ਉੱਤਰ-ਵਿਦੇਸ਼ੀ ਵਪਾਰ ਉਹ ਵਪਾਰ ਹੈ, ਜੋ ਵੱਖ-ਵੱਖ ਦੇਸ਼ਾਂ ਦੇ ਵਿਚਕਾਰ ਨਿਰਯਾਤ ਅਤੇ ਆਯਾਤ ਦੇ ਰੂਪ ਵਿੱਚ ਕੀਤਾ ਜਾਂਦਾ ਹੈ, ਉਸ ਨੂੰ ਵਿਦੇਸ਼ੀ ਵਪਾਰ ਕਿਹਾ ਜਾਂਦਾ ਹੈ।

**(35) ਮਨੁੱਖੀ ਪੂੰਜੀ ਤੋਂ ਕੀ ਕੀ ਭਾਵ ਹੈ?**

ਉੱਤਰ-ਮਨੁੱਖੀ ਪੂੰਜੀ ਤੋਂ ਭਾਵ ਕਿਸੇ ਦੇਸ਼ ਵਿੱਚ ਕੁਸ਼ਲ ਅਤੇ ਯੋਗ ਵਿਅਕਤੀਆਂ ਦੇ ਕੁੱਲ ਭੰਡਾਰ ਤੋਂ ਹੁੰਦਾ ਹੈ।

**(36) FDI ਦਾ ਪੂਰਾ ਨਾਮ ਕੀ ਹੈ?**

ਉੱਤਰ- Foreign Direct Investment.(ਪ੍ਰਤੱਖ ਵਿਦੇਸ਼ੀ ਨਿਵੇਸ਼)

**(37)ਸੇਵਾ ਖੇਤਰ ਦਾ ਵਿਕਾਸ ਹੋਣ ਦੇ ਨਾਲ-ਨਾਲ ਅਰਥਵਿਵਸਥਾ ਵਿੱਚ ਕਿਹੜੇ ਨਵੇਂ ਖੇਤਰਾਂ ਦਾ ਵਿਕਾਸ ਹੁੰਦਾ ਹੈ?**

ਉੱਤਰ- ਨਵੀਆਂ ਸੈਰ -ਸਪਾਟੇ ਵਾਲੀਆਂ ਥਾਵਾਂ, ਖਾਣ-ਪੀਣ ਦੀਆਂ ਥਾਵਾਂ, ਹੋਟਲ, ਮਨੋਰੰਜਨ ਪਾਰਕ ਆਦਿ।

**(38) ਭਾਰਤ ਦੇ ਦੋ ਅਜਿਹੇ ਰਾਜਾਂ ਦੇ ਨਾਂ ਦੱਸੋ, ਜੋ ਕਿ ਸਿੱਖਿਆ ਅਤੇ ਸਿਹਤ ਦੇ ਪੱਖੋਂ ਵਿਕਸਿਤ ਰਾਜ ਹਨ।**

ਉੱਤਰ- ਮਹਾਂਰਾਸ਼ਟਰ ਅਤੇ ਪੰਜਾਬ ।

**(39)ਭਾਰਤ ਸਰਕਾਰ ਦੁਆਰਾ ਸਿਹਤ ਅਤੇ ਸਿੱਖਿਆ 'ਤੇ ਆਪਣੇ ਕੁੱਲ ਘਰੇਲੂ ਉਤਪਾਦਨ ਦਾ ਕਿੰਨ੍ਹੇ ਪ੍ਰਤੀਸ਼ਤ ਖਰਚ ਕੀਤਾ ਜਾ ਰਿਹਾ ਹੈ ?**

ਉੱਤਰ- ਭਾਰਤ ਸਰਕਾਰ ਦੁਆਰਾ ਸਿਹਤ ਅਤੇ ਸਿੱਖਿਆ 'ਤੇ ਆਪਣੇ ਕੁੱਲ ਘਰੇਲੂ ਉਤਪਾਦਨ ਦਾ 3% ਖਰਚ ਕੀਤਾ ਜਾ ਰਿਹਾ ਹੈ।

**(40) ਪਿਛਲੇ ਕੁੱਝ ਸਮੇਂ ਵਿੱਚ ਪੈਦਾ ਹੋਣ ਵਾਲੀਆਂ ਦੋ ਖਤਰਨਾਕ ਬਿਮਾਰੀਆਂ ਦੇ ਨਾਂ ਦੱਸੋ।**

ਉੱਤਰ- ਕਰੋਨਾ,ਕੈਂਸਰ ਅਤੇ ਏਡਜ਼।

**(41) ਕੋਪਰਾ (COPRA) ਦਾ ਪੂਰਾ ਨਾਮ ਲਿਖੋ?**

ਉੱਤਰ:- ਉਪਭੋਗਤਾ ਸਰੰਖਣ ਐਕਟ, 1986 (Consumer Protection Act, 1986)

**(42) ਉਪਭੋਗਤਾ ਤੋਂ ਕੀ ਭਾਵ ਹੈ?**

ਉੱਤਰ:-ਉਪਭੋਗਤਾ ਉਹ ਵਿਅਕਤੀ ਹੈ ਜੋ ਆਪਣੀਆਂ ਇੱਛਾਵਾਂ ਨੂੰ ਸਿੱਧੇ ਤੌਰ ਤੇ ਸੰਤੁਸ਼ਟ ਕਰਨ ਲਈ ਕਈ ਕਿਸਮ ਦੀਆਂ ਵਸਤੂਆਂ ਅਤੇ ਸੇਵਾਵਾਂ ਦੀ ਵਰਤੋਂ ਜਾਂ ਉਪਭੋਗ ਕਰਦਾ ਹੈ।

**(43) ਕੀ ਇੱਕ ਉਤਪਾਦਕ ਇੱਕ ਉਪਭੋਗਤਾ ਵੀ ਹੋ ਸਕਦਾ ਹੈ? ਸਮਝਾਓ?**

ਉੱਤਰ:- ਹਾਂ, ਇਕ ਉਤਪਾਦਕ ਇੱਕ ਉਪਭੋਗਤਾ ਵੀ ਹੁੰਦਾ ਹੈ । ਉਦਾਰਹਣ ਦੇ ਤੌਰ 'ਤੇ ਮੰਨ ਲਉ ਕਿ ਇਕ ਬਿਲਡਰ ਕਿਸੇ ਇਮਾਰਤ ਦੀ ਉਸਾਰੀ ਕਰਵਾ ਰਿਹਾ ਹੈ, ਉਹ ਇੱਕ ਉਤਪਾਦਕ ਹੈ ਪਰੰਤੂ ਬਿੰਲਡਿੰਗ ਦੀ ਉਸਾਰੀ ਕਰਵਾਉਣ ਸਮੇਂ ਸੀਮੈਂਟ, ਬਜਰੀ, ਰੇਤ ਆਦਿ ਦੀ ਖਰੀਦ ਸਮੇਂ, ਉਹ ਇੱਕ ਉਪਭੋਗਤਾ ਹੈ।

**(44) ਉਪਭੋਗਤਾ ਸੁਰੱਖਿਆ ਐਕਟ ਕਦੋਂ ਬਣਾਇਆ ਗਿਆ ਸੀ?**

ਉੱਤਰ:- ਉਪਭੋਗਤਾ ਸੁਰੱਖਿਆ ਐਕਟ 1986 ਵਿਚ ਬਣਾਇਆ ਗਿਆ ਸੀ।

**(45) ਜੇ ਕੁੱਝ ਜਾਣਕਾਰੀ ਦੀ ਭਾਲ ਲਈ ਤੁਸੀਂ ਕੰਪਿਊਟਰ ਦੀ ਵਰਤੋਂ ਕਰਦੇ ਹੋ, ਤਾਂ ਤੁਸੀਂ ਕਿਸ ਦਾ ਉਪਭੋਗ ਕਰ ਰਹੇ ਹੋ?**

ਉੱਤਰ:- ਸੇਵਾਵਾਂ ਦਾ।

**(46) ਸਟਾਕ ਐਕਸਚੇਂਜ ਬਜ਼ਾਰ ਤੋਂ ਕੀ ਭਾਵ ਹੈ?**

ਉੱਤਰ:- ਸਟਾਕ ਐਕਸਚੇਂਜ ਬਜ਼ਾਰ ਤੋਂ ਭਾਵ ਉਸ ਬਜ਼ਾਰ ਤੋਂ ਹੈ, ਜਿਸ ਵਿੱਚ ਸ਼ੇਅਰਾਂ ਦੀ ਖ਼ਰੀਦ-ਵੇਚ ਕੀਤੀ ਜਾਂਦੀ ਹੈ।

**(47) ਭਾਰਤ ਦੇ ਦੋ ਮੁੱਖ ਸਟਾਕ ਐਕਸਚੇਂਜ ਬਜ਼ਾਰਾਂ ਦੇ ਨਾਂ ਲਿਖੋ?**

ਉੱਤਰ:- ਬੰਬੇ ਸਟਾਕ ਐਕਸਚੇਂਜ ਬਜ਼ਾਰ ਅਤੇ ਰਾਸ਼ਟਰੀ ਸਟਾਕ ਐਕਸਚੇਂਜ ਬਜ਼ਾਰ ।

**(48) SENSEX ਦਾ ਪੂਰਾ ਨਾਂ ਲਿਖੋ?**

ਉੱਤਰ:-Stock Exchange Sensitive Index.

**ਮਹੱਤਵਪੂਰਨ ਖਾਲੀ ਥਾਵਾਂ :-**

(1) ਅਰਥਸ਼ਾਸਤਰ ਸ਼ਬਦ **ਯੂਨਾਨੀ** ਭਾਸ਼ਾ ਤੋਂ ਲਿਆ ਗਿਆ ਹੈ।

(2) ਵਿਅਸ਼ਟੀ ਅਰਥਸ਼ਾਸਤਰ ਯੂਨਾਨੀ ਭਾਸ਼ਾ ਦੇ **MIKROS ਸ਼**ਬਦ ਤੋਂ ਲਿਆ ਗਿਆ ਹੈ ।

(3) ਉਪਭੋਗ ਦਾ ਸੰਬੰਧ ਵੱਖ-ਵੱਖ ਵਸਤੂਆਂ ਅਤੇ ਸੇਵਾਵਾਂ ਦੀ **ਵਰਤੋਂ** ਕਰਨ ਨਾਲ ਹੈ।

(4) ਮੁਦਰਾ ਸਫੀਤੀ ਸ਼ਬਦ **ਫੈਲਣਾ (INFLATE)** ਸ਼ਬਦ ਤੋਂ ਲਿਆ ਗਿਆ ਹੈ।

(5)ਸਰਕਾਰ ਦੁਆਰਾ ਆਪਣਾ ਬਜਟ ਹਰ ਸਾਲ **ਇੱਕ ਫ਼ਰਵਰੀ** ਨੂੰ ਸੰਸਦ ਵਿੱਚ ਪੇਸ਼ ਕੀਤਾ ਜਾਂਦਾ ਹੈ।

(6) ਰਾਜਕੋਸ਼ੀ ਨੀਤੀ ਦਾ ਸੰਬੰਧ ਸਰਕਾਰ ਦੀ **ਆਮਦਨ** ਅਤੇ **ਖਰਚ** ਨਾਲ ਹੈ।

(7) ਟਿਕਾਊ ਵਿਕਾਸ ਦੀ ਧਾਰਨਾ ਦੀ ਵਰਤੋਂ ਸਭ ਤੋਂ ਪਹਿਲਾਂ **1980 ਦੇ** ਸਾਲ ਵਿੱਚ ਕੀਤੀ ਗਈ ਸੀ।

(8) ਆਰਥਿਕ ਵਿਕਾਸ ਲਈ ਰਾਸ਼ਟਰੀ ਆਮਦਨ ਵਿਚ **ਲੰਬੇ** ਸਮੇਂ ਲਈ ਵਾਧਾ ਹੋਣਾ ਚਾਹੀਦਾ ਹੈ।

(9) ਵਸਤੂ ਵਟਾਂਦਰਾ ਪ੍ਰਣਾਲੀ ਵਿੱਚ, ਵਸਤੂ ਦਾ **ਵਸਤੂਆਂ** ਲਈ ਲੈਣ-ਦੇਣ ਕੀਤਾ ਜਾਂਦਾ ਸੀ।

(10) ਵਸਤੂ ਵਟਾਂਦਰਾ ਪ੍ਰਣਾਲੀ ਨੂੰ **ਮੁਦਰਾ** ਪ੍ਰਣਾਲੀ ਨਾਲ ਬਦਲਿਆ ਗਿਆ ਸੀ ।

(11) ਮੁਦਰਾ ਵਟਾਂਦਰੇ ਦੇ **ਮਾਧਿਅਮ** ਵਜੋਂ ਕੰਮ ਕਰਦੀ ਹੈ।

(12) ਮੁਦਰਾ ਸ਼ਬਦ **ਮੋਨੇਟਾ** ਸ਼ਬਦ ਤੋਂ ਲਿਆ ਗਿਆ ਹੈ।

(13) ਭਾਰਤ ਵਿੱਚ **ਭਾਰਤੀ ਰਿਜ਼ਰਵ** ਬੈਂਕ ਮੁਦਰਾ ਨੋਟ ਜਾਰੀ ਕਰਦਾ ਹੈ।

(14) ਭਾਰਤ ਵਿੱਚ, ਹਰ ਕਿਸਮ ਦੇ ਸਿੱਕੇ ਅਤੇ ਇੱਕ ਰੁਪਏ ਦਾ ਨੋਟ **ਵਿੱਤ ਮੰਤਰਾਲੇ** ਦੁਆਰਾ ਜਾਰੀ ਕੀਤਾ ਜਾਂਦਾ ਹੈ।

(15) ਸ਼ਾਹੂਕਾਰ ਉਧਾਰ ਦੇ **ਗੈਰ-ਰਸਮੀ ਜਾਂ ਗੈਰਸੰਸਥਾਗਤ** ਸਰੋਤ ਹਨ।

(16)ਬੈਂਕ ਅਤੇ ਸਹਿਕਾਰੀ ਸੰਸਥਾਵਾਂ ਉਧਾਰ ਦੇ **ਰਸਮੀ ਜਾਂ ਸੰਸਥਾਗਤ** ਸਰੋਤ ਹਨ।

(17) ਈ- ਬੈਂਕਿੰਗ ਵਿੱਚ 'ਈ' ਸ਼ਬਦ **ਇਲੈਕਟ੍ਰੋਨਿਕ** ਨੂੰ ਦਰਸਾਉਂਦਾ ਹੈ ।

(18) ਇੰਟਰਨੈੱਟ ਬੈਂਕਿੰਗ **ਆਧੁਨਿਕ ਵਿੱਤੀ ਪ੍ਰਣਾਲੀ** ਦਾ ਇੱਕ ਰੂਪ ਹੈ।

(19)ਮਲਕੀਅਤ ਦੇ ਆਧਾਰ 'ਤੇ ਅਰਥ ਵਿਵਸਥਾ **ਤਿੰਨ** (ਸਰਵਜਨਕ ਖੇਤਰ, ਨਿੱਜੀ ਖੇਤਰ ਅਤੇ ਮਿਸ਼ਰਿਤ ਖੇਤਰ) ਤਰ੍ਹਾਂ ਦੀ ਹੁੰਦੀ ਹੈ।

(20) ਆਰਥਿਕ ਕਿਰਿਆਵਾਂ ਦੇ ਸੁਭਾਅ ਦੇ ਅਧਾਰ 'ਤੇ ਅਰਥਵਿਵਸਥਾ **ਤਿੰਨ** (ਪ੍ਰਾਥਮਿਕ ਖੇਤਰ, ਗੌਣ ਖੇਤਰ,ਸੇਵਾ ਖੇਤਰ)ਤਰ੍ਹਾਂ ਦੀ ਹੁੰਦੀ ਹੈ।

(21) ਕੰਮ ਦੀਆਂ ਸਥਿਤੀਆਂ ਦੇ ਆਧਾਰ 'ਤੇ ਅਰਥਵਿਵਸਥਾ **ਦੋ** (ਸੰਗਠਿਤ ਅਤੇ ਅਸੰਗਠਿਤ ਖੇਤਰ)ਤਰ੍ਹਾਂ ਦੀ ਹੁੰਦੀ ਹੈ।

(22) **ਸਰਵਜਨਕ** ਖੇਤਰ ਵਿੱਚ ਸਾਰੀਆਂ ਆਰਥਿਕ ਕਿਰਿਆਵਾਂ 'ਤੇ ਸਰਕਾਰ ਦਾ ਪੂਰਾ ਨਿਯੰਤਰਣ ਹੁੰਦਾ ਹੈ।

(23) **ਨਿੱਜੀ** ਖੇਤਰ ਸਿਰਫ਼ ਲਾਭ ਪ੍ਰਾਪਤ ਕਰਨ ਦੇ ਉਦੇਸ਼ ਨਾਲ ਕੰਮ ਕਰਦਾ ਹੈ।

(24) ਸਾਲ 2020-21 ਵਿੱਚ ਪ੍ਰਾਥਮਿਕ ਖੇਤਰ ਦੁਆਰਾ ਕੁੱਲ ਘਰੇਲੂ ਉਤਪਾਦਨ ਵਿੱਚ ਯੋਗਦਾਨ **20.19%** ਸੀ।

(25) ਸਾਲ 2020-21 ਵਿੱਚ ਗੌਣ ਖੇਤਰ ਦੁਆਰਾ ਕੁੱਲ ਘਰੇਲੂ ਉਤਪਾਦਨ ਵਿੱਚ ਯੋਗਦਾਨ **25.92%** ਸੀ।

(26) ਸਾਲ 2020-21 ਵਿੱਚ ਸੇਵਾ ਖੇਤਰ ਦੁਆਰਾ ਕੁੱਲ ਘਰੇਲੂ ਉਤਪਾਦਨ ਵਿੱਚ ਯੋਗਦਾਨ **53.89%**ਸੀ।

(27) ਕਿਸੇ ਦੇਸ਼ ਵਿੱਚ ਮੌਜੂਦ ਅਨੁਭਵੀ ਅਤੇ ਕਾਬਲ ਲੋਕਾਂ ਦੇ ਭੰਡਾਰ ਨੂੰ **ਮਨੁੱਖੀ** ਪੂੰਜੀ ਕਿਹਾ ਜਾਂਦਾ ਹੈ।

(28) 2011 ਦੀ ਜਨਗਣਨਾ ਦੇ ਮੁਤਾਬਕ ਭਾਰਤ ਵਿੱਚ **21.9** ਪ੍ਰਤੀਸ਼ਤ ਲੋਕ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ।

(29)ਉਪਭੋਗਤਾ ਨੂੰ ਆਪਣੇ ਆਪ ਨੂੰ ਸੋਸ਼ਣ ਤੋਂ ਬਚਾਉਣ ਲਈ **ਜਾਗਰੂਕਤਾ** ਦੀ ਲੋੜ ਹੁੰਦੀ ਹੈ।

(30)ਕਈ ਵਾਰੀ ਉਪਭੋਗਤਾ ਨੂੰ **ਅਧੂਰੀ ਜਾਣਕਾਰੀ** ਕਾਰਨ ਐਮ.ਆਰ.ਪੀ ਨਾਲੋਂ ਵੱਧ ਮੁੱਲ ਅਦਾ ਕਰਨਾ ਪੈਂਦਾ ਹੈ।

(31)**ਉਪਭੋਗਤਾ ਸਰੰਖਣ** ਉਪਭੋਗਤਾ ਦੇ ਹਿੱਤਾਂ ਨੂੰ ਬਚਾਉਣ ਦੀ ਪ੍ਰਕਿਰਿਆ ਹੈ।

(32) **ਸੁਣੇ ਜਾਣ ਦਾ ਅਧਿਕਾਰ** ਇੱਕ ਅਜਿਹਾ ਅਧਿਕਾਰ ਹੈ ਜਿਸ ਵਿੱਚੋਂ ਉਪਭੋਗਤਾ ਨੂੰ ਵਸਤੂਆਂ ਅਤੇ ਸੇਵਾਵਾਂ ਦੀ ਗੁਣਵੱਤਾ ਅਤੇ ਕੀਮਤ ਬਾਰੇ ਰਾਇ ਮਿਲਦੀ ਹੈ।

(33) ਇੱਕ ਉਪਭੋਗਤਾ ਦੇ **ਛੇ** ਅਧਿਕਾਰ ਹਨ।

(34) ਇੱਕ ਉਪਭੋਗਤਾ ਦੇ **ਛੇ** ਕਰਤੱਵ ਹਨ

(35) ਸੇਵਾ ਦੇ ਅਧਿਕਾਰ ਵਿੱਚ **ਸਿਹਤ, ਸਿੱਖਿਆ, ਬੈਕਿੰਗ, ਆਵਾਜਾਈ, ਬਿਜਲੀ** ਆਦਿ ਸੇਵਾਵਾਂ ਸ਼ਾਮਿਲ ਹਨ।

(36) ਬੀਮੇ ਤੋਂ ਭਾਵ ਇੱਕ **ਸਮਝੌਤੇ** ਤੋਂ ਹੈ।

(37) ਰਾਸ਼ਟਰੀ ਸਟਾਕ ਐਕਸਚੇਂਜ ਬਾਜ਼ਾਰ **ਮੁੰਬਈ** ਸ਼ਹਿਰ ਵਿੱਚ ਸਥਿੱਤ ਹੈ।

(38) ਬੰਬੇ ਸਟਾਕ ਐਕਸਚੇਂਜ਼ ਬਜ਼ਾਰ ਦੇ ਉਤਰਾਅ-ਚੜ੍ਹਾਅ ਦਾ ਮਾਪ **SENSEX** ਦੁਆਰਾ ਕੀਤਾ ਜਾਂਦਾ ਹੈ।

**ਹੇਠ ਲਿਖੇ ਵਾਕਾਂ ਦੇ ਸਾਹਮਣੇ ਸਹੀ/ ਗਲਤ ਲਿਖੋ:-**

(1) ਵਿਅਸ਼ਟੀ ਅਰਥਵਿਵਸਥਾ ਦਾ ਸੰਬੰਧ ਸੰਪੂਰਨ ਅਰਥਵਿਵਸਥਾ ਨਾਲ ਹੈ। **(ਗ਼ਲਤ)**

(2) MACRO ECONOMICS ਸ਼ਬਦ ਯੂਨਾਨੀ ਭਾਸ਼ਾ ਦੇ ਸ਼ਬਦ MACROS ਤੋਂ ਲਿਆ ਗਿਆ ਹੈ। **(ਗ਼ਲਤ)**

(3) ਮੁਦਰਾ ਦੀ ਪੂਰਤੀ ਇੱਕ ਸਟਾਕ ਚਰ ਹੈ। **(ਸਹੀ)**

(4) ਘਾਟੇ ਦੀ ਵਿੱਤ ਵਿਵਸਥਾ ਤੋਂ ਭਾਵ ਸਰਕਾਰ ਦੁਆਰਾ ਨਵੇਂ ਨੋਟ ਛਾਪਣ ਦੀ ਪ੍ਰਕਿਰਿਆ ਤੋਂ ਹੈ। **(ਸਹੀ)**

(5) ਵਸਤੂ ਵਟਾਂਦਰਾ ਪ੍ਰਣਾਲੀ ਅਜਿਹੀ ਪ੍ਰਣਾਲੀ ਹੈ, ਜਿਸ ਵਿੱਚ ਵਸਤੂਆਂ ਲਈ ਵਸਤੂਆਂ ਦਾ ਲੈਣ-ਦੇਣ ਕੀਤਾ ਜਾਂਦਾ ਹੈ। **(ਸਹੀ)**

(6) ਲੋੜਾਂ ਦਾ ਦੋਹਰਾ ਸੰਜੋਗ ਵਸਤੂ ਵਟਾਂਦਰਾ ਪ੍ਰਣਾਲੀ ਦੀ ਇਹ ਆਮ ਵਿਸ਼ੇਸ਼ਤਾ ਹੈ। **(ਸਹੀ)**

(7) ਮੁਦਰਾ ਵਟਾਂਦਰੇ ਦੇ ਮਾਧਿਅਮ ਵੱਜੋਂ ਕੰਮ ਨਹੀਂ ਕਰਦੀ ਹੈ। **(ਗ਼ਲਤ)**

(8) ਕਾਗਜ਼ੀ ਮੁਦਰਾ 13ਵੀਂ ਸਦੀ ਵਿਚ ਯੂਰਪ ਵਿੱਚ ਵਰਤੋਂ ਵਿੱਚ ਆਈ। **(ਗ਼ਲਤ)**

(9) ਮੁਦਰਾ ਦੇ ਆਧੁਨਿਕ ਰੂਪ ਵਿੱਚ ਸਿਰਫ਼ ਕਾਗਜ਼ੀ ਨੋਟ ਸ਼ਾਮਿਲ ਕੀਤੇ ਜਾਂਦੇ ਹਨ। **(ਗ਼ਲਤ)**

(10) ਪ੍ਰਤੀ ਵਿਅਕਤੀ ਆਮਦਨ ਤੋਂ ਭਾਵ ਕਿਸੇ ਦੇਸ਼ ਦੇ ਸਾਰੇ ਨਿਵਾਸੀਆਂ ਦੀ ਔਸਤ ਆਮਦਨ ਤੋਂ ਹੁੰਦਾ ਹੈ। **(ਸਹੀ)**

(11) ਜੀਵਨ ਦੇ ਭੌਤਿਕ ਗੁਣਵੱਤਾ ਸੂਚਕ ਅੰਕ ਦਾ ਨਿਰਮਾਣ ਸਭ ਤੋਂ ਪਹਿਲਾਂ ਸੰਯੁਕਤ ਰਾਸ਼ਟਰ ਵਿਕਾਸ ਕਾਰਜਕ੍ਰਮ ਦੁਆਰਾ ਕੀਤਾ ਗਿਆ ਸੀ।**(ਗ਼ਲਤ**)

(12) ਮਾਨਵ ਵਿਕਾਸ ਸੂਚਕ ਅੰਕ ਵਿੱਚ ਸਿਰਫ਼ ਆਮਦਨ ਆਧਾਰਿਤ ਮਾਪਕਾਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ। **(ਗ਼ਲਤ**)

(13) ਗਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੀ ਜਨਸੰਖਿਆ ਦੇ ਮਾਮਲੇ ਵਿੱਚ ਪੰਜਾਬ ਦਾ ਪ੍ਰਦਰਸ਼ਨ ਬਿਹਾਰ ਨਾਲੋਂ ਚੰਗਾ ਹੈ।**(ਸਹੀ)**

(14) ਬਿਹਾਰ ਵਿੱਚ ਲਿੰਗ ਅਨੁਪਾਤ ਇਸਤਰੀਆਂ ਦੇ ਹੱਕ ਵਿੱਚ ਹੈ। **(ਗ਼ਲਤ**)

(15) ਸਾਖ਼ਰਤਾ ਦਰ ਤੇ ਪੰਜਾਬ ਅਤੇ ਬਿਹਾਰ ਦੇ ਮੁਕਾਬਲੇ ਕੇਰਲ ਦਾ ਪ੍ਰਦਰਸ਼ਨ ਵਧੀਆ ਹੈ।**(ਸਹੀ)**

(16)ਸਰਕਾਰੀ ਖੇਤਰ ਲੋਕਾਂ ਦੇ ਕਲਿਆਣ ਦੇ ਉਦੇਸ਼ ਲਈ ਕੰਮ ਕਰਦਾ ਹੈ।**(ਸਹੀ)**

(17) ਅਸੰਗਠਿਤ ਖੇਤਰ ਵਿੱਚ ਕੰਮ ਕਰ ਰਹੇ ਕਰਮਚਾਰੀਆਂ ਲਈ ਪੱਕੀਆਂ ਤਨਖਾਹਾਂ ਅਤੇ ਕੰਮ ਕਰਨ ਦੇ ਪੱਕੇ ਨਿਯਮ ਹੁੰਦੇ ਹਨ।**(ਗ਼ਲਤ)**

(18) ਵਿਕਾਸ ਦੇ ਨਾਲ-ਨਾਲ, ਪ੍ਰਾਥਮਿਕ ਖੇਤਰ ਦੀ ਤੁਲਨਾਤਮਕ ਮਹੱਤਤਾ ਵਿੱਚ ਵਾਧਾ ਹੁੰਦਾ ਹੈ।**(ਸਹੀ)**

(19)ਸੇਵਾ ਖੇਤਰ ਵਿੱਚ ਉਹਨਾਂ ਕਿਰਿਆਵਾਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ, ਜਿਨ੍ਹਾਂ ਵਿੱਚ ਕੁਦਰਤੀ ਸਾਧਨਾਂ ਦੀ ਵਰਤੋਂ ਹੁੰਦੀ ਹੈ।**(ਗ਼ਲਤ)**

(20) ਪ੍ਰਤੱਖ ਵਿਦੇਸ਼ੀ ਨਿਵੇਸ਼ ਇੱਕ ਦੇਸ਼ ਦੇ ਨਿੱਜੀ ਖੇਤਰ ਦੁਆਰਾ ਕੀਤਾ ਜਾਂਦਾ ਹੈ।**(ਗ਼ਲਤ)**

(21) ਭਾਰਤ ਵਿੱਚ ਸਿੱਖਿਆ ਅਤੇ ਸਿਹਤ ਸੁਵਿਧਾਵਾਂ ਸ਼ਹਿਰੀ ਖੇਤਰਾਂ ਵਿੱਚ ਵੱਧ ਕੇਂਦਰਿਤ ਹਨ।**(ਸਹੀ)**

(22)ਉਪਭੋਗਤਾ ਨੂੰ ਮੁਆਵਜ਼ੇ ਲਈ ਅਦਾਲਤ ਵਿੱਚ ਨਹੀਂ ਜਾਣਾ ਚਾਹੀਦਾ ਕਿਉਂਕਿ ਅਦਾਲਤੀ ਪ੍ਰਕਿਰਿਆ ਬਹੁਤ ਔਖੀ ਹੈ।**(ਗ਼ਲਤ)**

(23)ਹਾਲਮਾਰਕ ਗਹਿਣਿਆਂ ਦੀ ਮਾਨਕੀਕਰਨ ਦਾ ਸਰਟੀਫਿਕੇਟ ਹੈ।**(ਸਹੀ**)

(24)BIS ਦਾ ਅਰਥ ਬੇਸ਼ਕ ਇੰਡੀਅਨ ਸਿਸਟਮ ਹੈ।**(ਗ਼ਲਤ)**

(25)ਉਪਭੋਗਤਾ ਨੂੰ ਚੋਣ ਕਰਨ ਦਾ ਅਧਿਕਾਰ ਹੈ।**(ਸਹੀ**)

(26)ਬੰਬੇ ਸਟਾਕ ਐਕਸਚੇਂਜ ਦੀ ਸਥਾਪਨਾ 1970 ਵਿੱਚ ਹੋਈ ਸੀ।**(ਗਲ਼ਤ)**

(27)ਰਾਸ਼ਟਰੀ ਸਟਾਕ ਐਕਸਚੇਂਜ ਦੁਨੀਆਂ ਦੀ 12ਵੀਂ ਸਭ ਤੋਂ ਵੱਡੀ ਸਟਾਕ ਐਕਸਚੇਂਜ ਹੈ।**(ਸਹੀ)**

(28) ਸਟਾਕ ਐਕਸਚੇਂਜ ਬਜ਼ਾਰ ਵਿੱਚ ਸਿਰਫ਼ ਵੱਡੇ ਨਿਵੇਸ਼ਕਰਤਾ ਹੀ ਨਿਵੇਸ਼ ਕਰ ਸਕਦੇ ਹਨ।**(ਗਲ਼ਤ)**

## ਮਹੱਤਵਪੂਰਨ ਪ੍ਰਸ਼ਨ:-

**1. ਅਰਥ ਸ਼ਾਸਤਰ ਦੀ ਧਨ ਸੰਬੰਧੀ ਪਰਿਭਾਸ਼ਾ ਦੀ ਵਿਆਖਿਆ ਕਰੋ?**

**ਉੱਤਰ:-**ਅਰਥਸ਼ਾਸਤਰ ਦੀ ਸਭ ਤੋਂ ਪਹਿਲੀ ਅਤੇ ਵਿਵਸਥਿਤ ਪਰਿਭਾਸ਼ਾ 1776 ਈ. ਵਿੱਚ ਪ੍ਰਸਿੱਧ ਅਰਥ-ਸ਼ਾਸਤਰੀ ਅਤੇ ਅਰਥਸ਼ਾਸਤਰ ਦੇ ਪਿਤਾਮਾ 'ਐਡਮ ਸਮਿਥ' ਨੇ ਆਪਣੀ ਪ੍ਰਸਿੱਧ ਕਿਤਾਬ " An Enquiry into the Nature and Causes of Wealth of Nations" ਵਿੱਚ ਪ੍ਰਦਾਨ ਕਰਵਾਈ ਸੀ। ਉਹਨਾਂ ਦੇ ਅਨੁਸਾਰ, " ਅਰਥਸ਼ਾਸਤਰ ਰਾਸ਼ਟਰਾਂ ਦੇ ਧਨ ਦੇ ਸੁਭਾਅ ਅਤੇ ਕਾਰਨਾਂ ਦੀ ਜਾਂਚ ਪੜਤਾਲ ਹੈ"। ਉਹਨਾਂ ਨੇ ਇਸ ਦੀ ਵਿਆਖਿਆ ਕਰਦੇ ਹੋਏ ਕਿਹਾ ਕਿ ਅਰਥ ਸ਼ਾਸਤਰ ਦਾ ਮੁੱਖ ਵਿਸ਼ਾ ਧਨ ਅਤੇ ਧਨ ਨਾਲ ਸੰਬੰਧਿਤ ਸਾਰੀਆਂ ਤਰ੍ਹਾਂ ਦੀਆਂ ਆਰਥਿਕ ਕਿਰਿਆਵਾਂ ਹਨ। ਅਰਥਸ਼ਾਸਤਰ ਸਾਨੂੰ ਇਹ ਗਿਆਨ ਪ੍ਰਦਾਨ ਕਰਵਾਉਂਦਾ ਹੈ ਕਿ "ਰਾਸ਼ਟਰਾਂ ਦੇ ਧਨ ਤੋਂ ਕੀ ਭਾਵ ਹੈ"?, "ਇਸ ਧਨ ਦੀ ਮਾਤਰਾ ਨੂੰ ਕਿਵੇਂ ਵਧਾਇਆ ਜਾ ਸਕਦਾ ਹੈ"?, "ਜੇਕਰ ਕੋਈ ਦੇਸ਼ ਵਿਕਾਸ ਕਰਨਾ ਚਾਹੁੰਦਾ ਹੈ, ਤਾਂ ਇਸ ਧਨ ਦੀ ਬੱਚਤ ਅਤੇ ਨਿਵੇਸ਼ ਕਿਵੇਂ ਕਰਨਾ ਚਾਹੀਦਾ ਹੈ?" ਆਦਿ।

**2. ਅਰਥਸ਼ਾਸਤਰ ਦੀ ਭੌਤਿਕ ਕਲਿਆਣ ਸੰਬੰਧੀ ਪਰਿਭਾਸ਼ਾ ਦੀ ਵਿਆਖਿਆ ਕਰੋ?**

ਉੱਤਰ:- ਅਰਥਸ਼ਾਸਤਰ ਦੀ ਭੌਤਿਕ ਕਲਿਆਣ ਸੰਬੰਧੀ ਪਰਿਭਾਸ਼ਾ ਪ੍ਰਸਿੱਧ ਅਰਥਸ਼ਾਸਤਰੀ ਐਡਫ਼ਰਡ ਮਾਰਸ਼ਲ ਨੇ 1890 ਈ. ਵਿੱਚ ਆਪਣੀ ਕਿਤਾਬ "Principles of Economics" ਵਿੱਚ ਦਿੱਤੀ। ਮਾਰਸ਼ਲ ਦੇ ਅਨੁਸਾਰ, " ਅਰਥ ਸ਼ਾਸਤਰ ਜੀਵਨ ਦੇ ਸਾਧਾਰਨ ਕਿੱਤੇ ਦੇ ਸੰਬੰਧ ਵਿੱਚ ਮਾਨਵ ਜਾਤੀ ਦਾ ਅਧਿਐਨ ਹੈ। ਇਹ ਵਿਅਕਤੀਗਤ ਅਤੇ ਸਮਾਜਿਕ ਕੰਮਾਂ ਦੇ ਉਸ ਭਾਗ ਦਾ ਅਧਿਐਨ ਕਰਦਾ ਹੈ, ਜਿਸਦਾ ਗਹਿਰਾ ਸੰਬੰਧ ਕਲਿਆਣ ਪ੍ਰਦਾਨ ਕਰਵਾਉਣ ਵਾਲੇ ਭੌਤਿਕ ਪਦਾਰਥਾਂ ਦੀ ਪ੍ਰਾਪਤੀ ਅਤੇ ਉਹਨਾਂ ਦੀ ਵਰਤੋਂ ਕਰਨ ਨਾਲ ਹੈ"। ਇਸ ਪਰਿਭਾਸ਼ਾ ਵਿੱਚ, ਮਾਰਸ਼ਲ ਨੇ ਅਰਥ-ਸ਼ਾਸਤਰ ਨੂੰ ਉਹਨਾਂ ਸਾਰੀਆਂ ਕ੍ਰਿਆਵਾਂ ਦਾ ਅਧਿਐਨ ਮੰਨਿਆ ਜੋ ਕਿ ਇੱਕ ਸਮਾਜਿਕ ਮਨੁੱਖ ਦੁਆਰਾ ਕੀਤੀਆਂ ਜਾਂਦੀਆਂ ਹਨ, ਜਿਹਨਾਂ ਦੁਆਰਾ ਉਹ ਓਹਨਾਂ ਸਾਰੀਆਂ ਭੌਤਿਕ ਵਸਤੂਆਂ ਨੂੰ ਪ੍ਰਾਪਤ ਕਰਨ ਅਤੇ ਉਨ੍ਹਾਂ ਦੀ ਵਰਤੋਂ ਕਰਨ ਦੀ ਕੋਸ਼ਿਸ਼ ਕਰਦਾ ਹੈ ਜਿਸ ਦੁਆਰਾ ਉਸ ਨੂੰ ਸੰਤੁਸ਼ਟੀ ਜਾਂ ਕਲਿਆਣ ਦੀ ਪ੍ਰਾਪਤੀ ਹੋ ਸਕੇ।

**3.ਵਿਅਸ਼ਟੀ ਅਤੇ ਸਮੱਸ਼ਟੀ ਅਰਥਸ਼ਾਸਤਰ ਵਿੱਚ ਅੰਤਰ ਸਪੱਸ਼ਟ ਕਰੋ?**

ਉੱਤਰ:- ਵਿਅਸ਼ਟੀ ਅਰਥਸ਼ਾਸਤਰ ਨੂੰ ਅੰਗਰੇਜ਼ੀ ਭਾਸ਼ਾ ਵਿੱਚ MICRO ECONOMICS ਕਿਹਾ ਜਾਂਦਾ ਹੈ। ਅੰਗਰੇਜ਼ੀ ਭਾਸ਼ਾ ਦਾ ਸ਼ਬਦ MICRO, ਯੂਨਾਨੀ ਭਾਸ਼ਾ ਦੇ ਸ਼ਬਦ MIKROS ਤੋਂ ਲਿਆ ਗਿਆ ਹੈ, ਜਿਸ ਤੋਂ ਭਾਵ ਹੈ ਛੋਟਾ। ਵਿਅਸ਼ਟੀ ਅਰਥਸ਼ਾਸ਼ਤਰ ਦੇ ਵਿਸ਼ਾ ਖੇਤਰ ਵਿੱਚ ਮੁੱਖ ਤੌਰ ਤੇ ਮੰਗ

ਦਾ ਸਿਧਾਂਤ, ਪੂਰਤੀ ਦਾ ਸਿਧਾਂਤ, ਉਤਪਾਦਨ ਦਾ ਸਿਧਾਂਤ, ਲਾਗਤ ਦਾ ਸਿਧਾਂਤ ਆਦਿ ਨੂੰ ਸ਼ਾਮਿਲ ਕੀਤਾ ਜਾਂਦਾ ਹੈ। ਇਸ ਲਈ ਵਿਅਸ਼ਟੀ ਅਰਥਸ਼ਾਸਤਰ ਵਿੱਚ ਆਰਥਿਕ ਕਿਰਿਆਵਾਂ ਦਾ ਅਧਿਐਨ ਛੋਟੇ ਪੱਧਰ ਤੇ ਭਾਵ ਇੱਕ ਵਿਅਕਤੀ, ਇੱਕ ਪਰਿਵਾਰ ਆਦਿ ਤੇ ਕੀਤਾ ਜਾਂਦਾ ਹੈ।

ਸ਼ਮੱਸ਼ਟੀ ਅਰਥਸ਼ਾਸਤਰ ਨੂੰ ਅੰਗਰੇਜ਼ੀ ਭਾਸ਼ਾ ਵਿੱਚ MACRO ECONOMICS ਕਿਹਾ ਜਾਂਦਾ ਹੈ। ਅੰਗਰੇਜ਼ੀ ਭਾਸ਼ਾ ਦਾ ਸ਼ਬਦ MACRO, ਯੂਨਾਨੀ ਭਾਸ਼ਾ ਦੇ ਸ਼ਬਦ MAKROS ਤੋਂ ਲਿਆ ਗਿਆ ਹੈ, ਜਿਸ ਤੋਂ ਭਾਵ ਹੈ ਵੱਡਾ। ਸਮੱਸ਼ਟੀ ਅਰਥਸ਼ਾਸ਼ਤਰ ਦੇ ਵਿਸ਼ਾ ਖੇਤਰ ਵਿੱਚ ਮੁੱਖ ਤੌਰ 'ਤੇ ਕੁੱਲ ਮੰਗ, ਕੁੱਲ ਪੂਰਤੀ, ਕੁੱਲ ਉਪਭੋਗ, ਰਾਸ਼ਟਰੀ ਆਮਦਨ ਆਦਿ ਦਾ ਅਧਿਐਨ ਕੀਤਾ ਜਾਂਦਾ ਹੈ। ਇਸ ਲਈ ਸਮੱਸ਼ਟੀ ਅਰਥਸ਼ਾਸਤਰ ਵਿੱਚ ਆਰਥਿਕ ਕਿਰਿਆਵਾਂ ਦਾ ਅਧਿਐਨ ਵੱਡੇ ਪੱਧਰ ਭਾਵ ਪੂਰੀ ਦੀ ਪੂਰੀ ਅਰਥਵਿਵਸਥਾ ਦੇ ਪੱਧਰ ਤੇ ਕੀਤਾ ਜਾਂਦਾ ਹੈ।

**4. ਸਰਕਾਰੀ ਬਜਟ ਤੋਂ ਕੀ ਭਾਵ ਹੈ? ਸਰਕਾਰ ਦੀ ਆਮਦਨ ਅਤੇ ਖਰਚ ਦੀਆਂ ਮੱਦਾਂ ਦਾ ਵਰਣਨ ਕਰੋ?**

ਉੱਤਰ:- ਸਰਕਾਰੀ ਬਜਟ ਇੱਕ ਵਿੱਤੀ ਖਾਤਾ ਹੈ, ਜਿਸ ਵਿੱਚ ਸਰਕਾਰ ਦੀਆਂ ਮੱਦਾਂ ਮੁਤਾਬਕ ਅਗਲੇ ਵਿੱਤੀ ਸਾਲ ਲਈ ਅਨੁਮਾਨਿਤ ਆਮਦਨ ਅਤੇ ਅਨੁਮਾਨਿਤ ਖਰਚ ਦਾ ਵਰਨਣ ਹੁੰਦਾ ਹੈ।

**ਸਰਕਾਰੀ ਆਮਦਨ ਦੀਆਂ ਵੱਖ-ਵੱਖ ਮੱਦਾਂ:-** ਸਰਕਾਰ ਦੀਆਂ ਮੁੱਖ ਮੱਦਾਂ ਵਿੱਚ ਵਸਤੂ ਅਤੇ ਸੇਵਾ ਕਰ, ਆਮਦਨ ਕਰ, ਅਬਕਾਰੀ ਕਰ ਆਦਿ ਹਨ। ਸਰਕਾਰ ਦੇ ਗੈਰ ਕਰ ਸਾਧਨਾਂ ਵਿੱਚ ਮੁੱਖ ਤੌਰ 'ਤੇ ਸਰਕਾਰ ਨੂੰ ਪ੍ਰਾਪਤ ਹੋਣ ਵਾਲੀਆਂ ਵੱਖ-ਵੱਖ ਤਰ੍ਹਾਂ ਦੀਆਂ ਫੀਸਾਂ, ਜੁਰਮਾਨੇ, ਦਾਨ ਆਦਿ ਨੂੰ ਸ਼ਾਮਿਲ ਕੀਤਾ ਜਾਂਦਾ ਹੈ।

**ਸਰਕਾਰੀ ਖ਼ਰਚ ਦੀਆਂ ਵੱਖ-ਵੱਖ ਮੱਦਾਂ ਦਾ :-** ਸਰਕਾਰੀ ਖ਼ਰਚ ਦੀਆਂ ਮੱਦਾਂ ਵਿੱਚ ਦੇਸ਼ ਦੀ ਸੁਰੱਖਿਆ, ਪੁਲਿਸ, ਸਕੂਲ, ਹਸਪਤਾਲ, ਸੜਕ, ਬਿਜਲੀ ਪ੍ਰਸ਼ਾਸ਼ਨ, ਵੱਖ-ਵੱਖ ਖੇਤਰਾਂ ਜਿਵੇਂ ਕਿ ਖੇਤੀਬਾੜੀ, ਉਦਯੋਗ, ਸੇਵਾ ਖੇਤਰ ਦੇ ਵਿਕਾਸ ਅਤੇ ਸਮਾਜਿਕ ਕਲਿਆਣ ਨੂੰ ਸ਼ਾਮਿਲ ਕੀਤਾ ਜਾਂਦਾ ਹੈ।

**5.ਸਰਵਜਨਕ ਵਿੱਤ ਤੋਂ ਕੀ ਭਾਵ ਹੈ? ਸਰਵਜਨਕ ਵਿੱਤ ਵਿੱਚ ਸ਼ਾਮਲ ਵੱਖ-ਵੱਖ ਮੱਦਾਂ ਦਾ ਵਰਣਨ ਕਰੋ?**

ਉੱਤਰ:- ਸਰਵਜਨਕ ਵਿੱਤ ਦੋ ਸ਼ਬਦਾਂ ਤੋ ਮਿਲ ਕੇ ਬਣਿਆ ਹੈ 'ਸਰਵਜਨਕ' ਅਤੇ 'ਵਿੱਤ'। ਇੱਥੇ ਸਰਵਜਨਕ ਤੋਂ ਭਾਵ "ਲੋਕਾਂ ਦਾ ਸਮੂਹ" ਜਿਸ ਦੀ ਪ੍ਰਤੀਨਿਧਤਾ ਸਰਕਾਰ ਦੁਆਰਾ ਕੀਤੀ ਜਾਂਦੀ ਹੈ। ਇਸ ਲਈ ਸੰਖੇਪ ਵਿੱਚ ਸਰਵਜਨਕ ਤੋਂ ਭਾਵ ਸਰਕਾਰ ਤੋਂ ਹੈ। ਵਿੱਤ ਸ਼ਬਦ ਤੋਂ ਭਾਵ ਵਿੱਤੀ ਸਾਧਨਾਂ ਤੋਂ ਹੈ ਭਾਵ ਉਹਨਾਂ ਸਾਧਨਾਂ ਤੋਂ ਹੈ, ਜਿਨ੍ਹਾਂ ਦਾ ਸੰਬੰਧ ਆਮਦਨ ਅਤੇ ਖਰਚ ਹੈ। ਸਰਵਜਨਕ ਵਿੱਤ ਦੀਆਂ ਵੱਖ-ਵੱਖ ਮੱਦਾਂ ਸਰਕਾਰ ਦੀ ਆਮਦਨ ਅਤੇ ਖਰਚ ਦੇ ਨਾਲ ਸੰਬੰਧਿਤ ਸਾਰੇ ਸਾਧਨਾਂ ਦਾ ਅਧਿਐਨ ਕਰਦੇ ਹਾਂ। ਆਮਦਨ ਪੱਖ ਵਿੱਚ ਅਸੀਂ ਸਰਕਾਰ ਦੀ ਆਮਦਨ ਦੇ ਵੱਖ-ਵੱਖ ਸਾਧਨਾਂ ਜਿਵੇਂ ਕਿ ਕਰ ਅਤੇ ਗੈਰ ਕਰ ਸਾਧਨਾਂ ਅਤੇ ਖਰਚ ਪੱਖ ਵਿੱਚ ਸਰਕਾਰ ਦੇ ਵੱਖ-ਵੱਖ ਖਰਚੇ ਜਿਵੇਂ ਕਿ ਸਰਕਾਰ ਦੁਆਰਾ ਕੀਤੇ ਜਾਣ ਵਾਲੇ ਵੱਖ-ਵੱਖ ਵਿਕਾਸ ਅਤੇ ਗੈਰ ਵਿਕਾਸ ਖਰਚੇ, ਯੋਜਨਾਬੱਧ ਅਤੇ ਗੈਰ ਯੋਜਨਾਬੱਧ ਖਰਚਿਆਂ ਆਦਿ ਦਾ ਵੀ ਅਧਿਅਨ ਕਰਦੇ ਹਾਂ।

**6. ਟਿਕਾਊ ਵਿਕਾਸ ਤੋਂ ਕੀ ਭਾਵ ਹੈ? ਇਹ ਕਿਉਂ ਜ਼ਰੂਰੀ ਹੈ ?**

ਉੱਤਰ:- ਟਿਕਾਊ ਵਿਕਾਸ ਤੋਂ ਭਾਵ ਇੱਕ ਅਜਿਹੀ ਪ੍ਰਕਿਰਿਆ ਤੋਂ ਹੈ, ਜੋ ਵਾਤਾਵਰਣ ਦੀ ਸੁਰੱਖਿਆ ਦੇ ਨਾਲ-ਨਾਲ ਵਰਤਮਾਨ ਅਤੇ ਭਵਿੱਖ ਦੀਆਂ ਦੋਹਾਂ ਪੀੜ੍ਹੀਆਂ ਦੀਆਂ ਲੋੜਾਂ ਨੂੰ ਧਿਆਨ ਵਿਚ ਰੱਖਦੀ ਹੈ।

**ਟਿਕਾਊ ਵਿਕਾਸ ਦੀ ਲੋੜ:-** ਵਰਤਮਾਨ ਸਮਾਜ ਟਿਕਾਊ ਵਿਕਾਸ ਦੀ ਬਹੁਤ ਜ਼ਿਆਦਾ ਲੋੜ ਮਹਿਸੂਸ ਕਰ ਰਿਹਾ ਹੈ। ਇਸ ਲਈ ਹੇਠ ਲਿਖੇ ਕਾਰਨ ਜ਼ਿੰਮੇਵਾਰ ਹਨ:-

1. ਵਾਤਾਵਰਣੀ ਗਿਰਾਵਟ ਨੂੰ ਰੋਕਣਾ।
2. ਜੈਵਿਕ -ਵਿਭਿੰਨਤਾ ਨੂੰ ਬਣਾ ਕੇ ਰੱਖਣਾ ਭਾਵ ਦੁਨੀਆਂ ਵਿੱਚ ਵੱਖ-ਵੱਖ ਜੀਵਾਂ ਦੀ ਹੋਂਦ ਨੂੰ ਕਾਇਮ ਰੱਖਣਾ।
3. ਵਰਤਮਾਨ ਅਤੇ ਭਵਿੱਖ ਦੀ ਪੀੜ੍ਹੀ ਦੀ ਜੀਵਨ ਗੁਣਵੱਤਾ ਨੂੰ ਬਣਾ ਕੇ ਰੱਖਣਾ।
4. ਵਾਤਾਵਰਣੀ ਬਦਲਾਵ ਦੇ ਵਰਤਮਾਨ ਅਤੇ ਭਵਿੱਖ ਦੀ ਪੀੜ੍ਹੀ 'ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਤੋਂ ਬਚਾਉਣਾ।
5. ਸਾਧਨਾਂ ਦੀ ਅਸਮਾਨ ਵੰਡ ਦੀ ਸਮੱਸਿਆ ਦਾ ਹੱਲ ਕਰਨਾ।

**7. ਟਿਕਾਊ ਵਿਕਾਸ ਦੀ ਲੋੜ 'ਤੇ ਇੱਕ ਨੋਟ ਲਿਖੋ?**

ਉੱਤਰ:- ਵਰਤਮਾਨ ਸਮੇਂ ਵਿੱਚ ਅਸੀਂ ਵਾਤਾਵਰਣੀ ਗਿਰਾਵਟ ਦੇ ਆਖਰੀ ਬਿੰਦੂ ਤੱਕ ਪਹੁੰਚ ਚੁੱਕੇ ਹਾਂ।ਆਪਣੇ ਆਪ ਨੂੰ ਵਿਕਸਤ ਕਹਾਉਣ ਅਤੇ ਆਪਣੇ ਕੁੱਲ ਘਰੇਲੂ ਉਤਪਾਦਨ ਵਿੱਚ ਵਾਧਾ ਕਰਨ ਦੇ ਲਾਲਚ ਨਾਲ, ਸਾਡੇ ਦੁਆਰਾ ਜਿਹੜੀਆਂ ਵੀ ਨੀਤੀਆਂ ਦਾ ਨਿਰਮਾਣ ਕੀਤਾ ਗਿਆ ਹੈ ਉਨ੍ਹਾਂ ਸਾਰੀਆਂ ਨੀਤੀਆਂ ਨੇ ਸਾਡੇ ਵਾਤਾਵਰਨ ਨੂੰ ਨੁਕਸਾਨ ਪਹੁੰਚਾਇਆ ਹੈ। ਸੰਖੇਪ ਵਿੱਚ ਅਸੀਂ ਕਹਿ ਸਕਦੇ ਹਾਂ ਅਸੀਂ ਆਪਣਾ ਭਵਿੱਖ ਤਾਂ ਖਰਾਬ ਕੀਤਾ ਹੀ ਹੈ ਨਾਲ ਹੀ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਦਾ ਭਵਿੱਖ ਖਰਾਬ ਕਰ ਦਿੱਤਾ ਹੈ। ਵਰਤਮਾਨ ਪੀੜ੍ਹੀ ਦੀ ਇਹ ਇੱਕ ਨੈਤਿਕ ਜ਼ਿੰਮੇਵਾਰੀ ਹੈ ਕਿ ਉਹ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਇੱਕ ਚੰਗਾ ਅਤੇ ਸਿਹਤਮੰਦ ਵਾਤਾਵਰਨ ਪ੍ਰਦਾਨ ਕਰੇ। ਅੱਜ ਦੇ ਸਮੇਂ ਵਿੱਚ ਅਸੀਂ ਵਿਕਾਸ ਦੇ ਨਾਂ ਤੇ ਹਵਾ ਪ੍ਰਦੂਸ਼ਣ, ਪਾਣੀ ਪ੍ਰਦੂਸ਼ਣ, ਪਾਣੀ ਦੀ ਕਮੀ, ਵਾਤਾਵਰਨੀ ਬਦਲਾਅ, ਕੋਇਲੇ ਅਤੇ ਪੈਟਰੋਲ ਪਦਾਰਥਾਂ ਦੀ ਕਮੀ ਦਾ ਸਾਹਮਣਾ ਕਰ ਰਹੇ ਹਾਂ। ਪ੍ਰੰਤੂ ਵਰਤਮਾਨ ਸਮੇਂ ਵਿੱਚ ਮੁੱਦਾ ਸਿਰਫ਼ ਵਿਕਾਸ ਦਾ ਨਹੀਂ ਬਲਕਿ ਵਿਕਾਸ ਦੀ ਗਤੀ ਨੂੰ ਬਣਾ ਕੇ ਰੱਖਣ ਦਾ ਵੀ ਹੈ ਤਾਂ ਕਿ ਵਿਕਾਸ ਦੇ ਲਾਭ ਸਿਰਫ

ਵਰਤਮਾਨ ਪੀੜ੍ਹੀ ਨੂੰ ਨਹੀਂ ਬਲਕਿ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਪ੍ਰਾਪਤ ਹੋ ਸਕਣ। ਇਸ ਵਿਚਾਰ ਨੇ ਹੀ ਧਿਆਨ ਵਿਕਾਸ ਦੀ ਥਾਂ ਤੇ ਟਿਕਾਊ ਵਿਕਾਸ ਵੱਲ ਖਿੱਚਿਆ ਹੈ।

**8.ਪ੍ਰਤੀ ਵਿਅਕਤੀ ਆਮਦਨ ਦੇ ਮਾਪਕ ਦੀ ਵਰਤੋਂ ਕਰਕੇ ਅਸੀਂ ਆਰਥਿਕ ਵਿਕਾਸ ਦਾ ਮਾਪ ਕਿਵੇਂ ਕਰ ਸਕਦੇ ਹਾਂ?**

ਉੱਤਰ:- ਲੋਕਾਂ ਦਾ ਜੀਵਨ ਪੱਧਰ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਲੋਕਾਂ ਕੋਲ ਕਿੰਨ੍ਹੀ ਮਾਤਰਾ ਵਿੱਚ ਵਸਤੂਆਂ ਅਤੇ ਸੇਵਾਵਾਂ ਮੌਜੂਦ ਹਨ।ਇਹ ਅਸਲ ਵਿੱਚ ਉਨ੍ਹਾਂ ਦੀ ਪ੍ਰਤੀ ਵਿਅਕਤੀ ਆਮਦਨ 'ਤੇ ਨਿਰਭਰ ਕਰਦਾ ਹੈ। ਪ੍ਰਤੀ ਵਿਅਕਤੀ ਆਮਦਨ ਇੱਕ ਦੇਸ਼ ਦੇ ਲੋਕਾਂ ਦੀ ਸਿਰਫ ਔਸਤ ਆਮਦਨ ਹੁੰਦੀ ਹੈ, ਇਸ ਦਾ ਅਰਥ ਇਹ ਨਹੀਂ ਹੈ ਕਿ ਉਸ ਦੇਸ਼ ਦੇ ਸਾਰੇ ਲੋਕਾਂ ਦੀ ਆਮਦਨ ਉਸ ਔਸਤ ਆਮਦਨ ਦੇ ਬਰਾਬਰ ਹੀ ਹੋਵੇ। ਇਸ ਲਈ ਜੇਕਰ ਇੱਕ ਦੇਸ਼ ਵਿੱਚ ਆਮਦਨ ਨੂੰ ਲੈ ਕੇ ਅਸਮਾਨਤਾਂਵਾਂ ਪਾਈਆਂ ਜਾਂਦੀਆਂ ਹਨ, ਉਸ ਦੇਸ਼ ਨੂੰ ਵਿਕਸਤ ਨਹੀਂ ਕਿਹਾ ਜਾਵੇਗਾ। ਉਦਾਹਰਣ ਦੇ ਤੌਰ 'ਤੇ ਜੇਕਰ ਭਾਰਤ ਦੀ ਰਾਸ਼ਟਰੀ ਆਮਦਨ ₹ 1000 ਹੋਵੇ ਅਤੇ ਭਾਰਤ ਦੀ ਜਨਸੰਖਿਆ 100 ਲੋਕਾਂ ਦੀ ਹੋਵੇ, ਤਾਂ ਇਹ ਕਿਹਾ ਜਾਵੇਗਾ ਭਾਰਤ ਦੇ ਲੋਕਾਂ ਦੀ ਪ੍ਰਤੀ ਵਿਅਕਤੀ ਆਮਦਨ ₹ 10 ਹੋਵੇਗੀ। ਪਰ ਇਸਦਾ ਅਰਥ ਇਹ ਨਹੀਂ ਹੈ ਕਿ ਭਾਰਤ ਦੇ ਸਾਰੇ ਲੋਕਾਂ ਦੀ ਪ੍ਰਤੀ ਵਿਅਕਤੀ ਆਮਦਨ ₹ 10 ਹੈ। ਇਹ ਤਾਂ ਸਿਰਫ਼ ਔਸਤ ਆਮਦਨ ਹੈ। ਜੇਕਰ ਉਸ ਦੇਸ਼ ਦੇ ਅਮੀਰ ਲੋਕ ਇਸ ਆਮਦਨ ਦਾ ਇੱਕ ਵੱਡਾ ਹਿੱਸਾ ਪ੍ਰਾਪਤ ਕਰ ਰਹੇ ਹਨ ਅਤੇ ਗਰੀਬ ਲੋਕਾਂ ਨੂੰ ਇਸ ਆਮਦਨ ਦਾ ਛੋਟਾ ਹਿੱਸਾ ਪ੍ਰਾਪਤ ਹੋ ਰਿਹਾ ਹੈ, ਤਾਂ ਇਸ ਨੂੰ ਉਸ ਦੇਸ਼ ਦਾ ਆਰਥਿਕ ਵਿਕਾਸ ਨਹੀਂ ਕਿਹਾ ਜਾ ਸਕਦਾ।

**9.ਸ਼ਿਸ਼ੂ ਮੌਤ ਦਰ ਦੇ ਮਾਪਕ ਦੀ ਵਰਤੋਂ ਕਰਕੇ ਅਸੀਂ ਆਰਥਿਕ ਵਿਕਾਸ ਦਾ ਮਾਪ ਕਿਵੇਂ ਕਰ ਸਕਦੇ ਹਾਂ?**

ਉੱਤਰ:- ਸ਼ਿਸ਼ੂ ਮੌਤ ਦਰ ਨੂੰ ਆਰਥਿਕ ਵਿਕਾਸ ਦਾ ਇੱਕ ਸਮਾਜਿਕ ਮਾਪਕ ਕਿਹਾ ਜਾ ਸਕਦਾ ਹੈ ਕਿਉਂਕਿ ਇਸ ਤੋਂ ਇਹ ਪਤਾ ਲਗਦਾ ਹੈ ਕਿ ਇੱਕ ਦੇਸ਼ ਦਾ ਸਮਾਜਿਕ ਢਾਂਚਾ ਖਾਸ ਤੌਰ 'ਤੇ ਉਸ ਦੇਸ਼ ਦਾ ਸਿਹਤ ਢਾਂਚਾ ਕਿੰਨ੍ਹਾ ਚੰਗਾ ਹੈ? ਇਸ ਤੋਂ ਭਾਵ ਹੈ ਕਿ ਇੱਕ ਸਾਲ ਦੀ ਅਵਧੀ ਪੂਰੀ ਹੋਣ ਤੋਂ ਪਹਿਲਾਂ ਪ੍ਰਤੀ 1000 ਨਵੇਂ ਜੰਮੇ ਬੱਚਿਆਂ ਦੇ ਪਿੱਛੇ ਮਰ ਜਾਣ ਵਾਲੇ ਬੱਚਿਆਂ ਦੀ ਗਿਣਤੀ ਤੋਂ ਹੁੰਦਾ ਹੈ। ਸੰਯੁਕਤ ਰਾਸ਼ਟਰ ਸੰਘ ਦੀ ਰਿਪੋਰਟ(2023) ਦੇ ਮੁਤਾਬਕ ਦੁਨੀਆਂ ਵਿੱਚ ਸ਼ਿਸ਼ੂ ਮੌਤ ਦਰ 26.052 ਸੀ। ਜਿਹਨਾਂ ਦੇਸ਼ਾਂ ਵਿੱਚ ਸ਼ਿਸ਼ੂ ਮੌਤ ਦਰ ਇਸ ਤੋਂ ਵੱਧ ਹੈ, ਉਨ੍ਹਾਂ ਦੇਸ਼ਾਂ ਨੂੰ ਅਲਪਵਿਕਸਿਤ ਦੇਸ਼ ਅਤੇ ਜਿਹਨਾਂ ਦੇਸ਼ਾਂ ਵਿੱਚ ਸ਼ਿਸ਼ੂ ਮੌਤ ਦਰ ਇਸ ਤੋਂ ਘੱਟ ਹੋਵੇ ਉਨ੍ਹਾਂ ਦੇਸ਼ਾਂ ਨੂੰ ਵਿਕਸਤ ਦੇਸ਼ ਕਿਹਾ ਜਾਵੇਗਾ।

**10.ਲਿੰਗ ਅਨੁਪਾਤ ਦੇ ਮਾਪਕ ਦੀ ਵਰਤੋਂ ਕਰਕੇ ਅਸੀਂ ਆਰਥਿਕ ਵਿਕਾਸ ਦਾ ਮਾਪ ਕਿਵੇਂ ਕਰ ਸਕਦੇ ਹਾਂ?**

ਉੱਤਰ:- ਲਿੰਗ ਅਨੁਪਾਤ ਵੀ ਆਰਥਿਕ ਵਿਕਾਸ ਦਾ ਮਾਪ ਕਰਨ ਦਾ ਇੱਕ ਸਮਾਜਿਕ ਮਾਪਕ ਹੈ। ਇਸ ਤੋਂ ਭਾਵ 1000 ਪੁਰਸ਼ਾਂ ਦੇ ਪਿੱਛੇ ਇਸਤਰੀਆਂ ਦੀ ਗਿਣਤੀ ਤੋਂ ਹੁੰਦਾ ਹੈ। ਆਮ ਤੌਰ 'ਤੇ ਅਲਪ ਵਿਕਸਿਤ ਦੇਸ਼ਾਂ ਵਿੱਚ ਇਹ ਲਿੰਗ ਅਨੁਪਾਤ ਕਾਫੀ ਨੀਵਾਂ ਹੁੰਦਾ ਹੈ। ਇਹਨਾਂ ਦੇਸ਼ਾਂ ਵਿੱਚ ਇਸਤਰੀਆਂ ਦੀ ਹਾਲਤ ਤਰਸਯੋਗ ਹੁੰਦੀ ਹੈ। ਅਜਿਹਾ ਇਹਨਾਂ ਦੇਸ਼ਾਂ ਵਿੱਚ ਪਾਈ ਜਾਣ ਵਾਲੀ ਅਨਪੜ੍ਹਤਾ, ਇਸਤਰੀਆਂ ਦੇ ਪ੍ਰਤੀ ਛੋਟੀ ਸੋਚ ਅਤੇ ਲੋਕਾਂ ਵਿੱਚ ਜਾਗਰੂਕਤਾ ਦੀ ਕਮੀ ਕਾਰਨ ਹੁੰਦਾ ਹੈ। ਇਹਨਾਂ ਸਾਰੇ ਕਾਰਨਾਂ ਕਰਕੇ ਇਨ੍ਹਾਂ ਦੇਸ਼ਾਂ ਵਿੱਚ ਕੁੜੀਆਂ ਦੀ ਥਾਂ 'ਤੇ ਮੁੰਡਾ ਹੋਣ ਨੂੰ ਪ੍ਰਾਥਮਿਕਤਾ ਦਿੱਤੀ ਜਾਂਦੀ ਹੈ। ਇਸ ਦੇ ਉਲਟ ਵਿਕਸਿਤ ਦੇਸ਼ਾਂ ਵਿੱਚ ਇਹ ਲਿੰਗ ਅਨੁਪਾਤ ਕਾਫੀ ਉੱਚਾ ਹੁੰਦਾ ਹੈ। ਇਸ ਲਈ ਇਸ ਮਾਪਕ ਨੂੰ ਵੀ ਕਿਸੇ ਦੇਸ਼ ਦੇ ਆਰਥਿਕ ਵਿਕਾਸ ਕਰਨ ਲਈ ਵਰਤਿਆ ਜਾ ਸਕਦਾ ਹੈ।

**11.ਲੋਕਾਂ ਦੇ ਜੀਵਨ ਪੱਧਰ ਦੇ ਮਾਪਕ ਦੀ ਵਰਤੋਂ ਕਰਕੇ ਅਸੀਂ ਆਰਥਿਕ ਵਿਕਾਸ ਦਾ ਮਾਪ ਕਿਵੇਂ ਕਰ ਸਕਦੇ ਹਾਂ?**

ਉੱਤਰ:- ਅਸਲ ਵਿੱਚ ਆਰਥਿਕ ਵਿਕਾਸ ਦਾ ਮੁੱਖ ਉਦੇਸ਼ ਲੋਕਾਂ ਦੇ ਜੀਵਨ ਪੱਧਰ ਵਿੱਚ ਵਾਧਾ ਕਰਨਾ ਹੁੰਦਾ ਹੈ। ਇਸ ਲਈ ਆਰਥਿਕ ਵਿਕਾਸ ਦਾ ਮਾਪ ਕਰਨ ਲਈ ਇਸ ਮਾਪਕ ਨੂੰ ਵੀ ਵਰਤਿਆ ਜਾ ਸਕਦਾ ਹੈ। ਇਸ ਦੇ ਆਧਾਰ 'ਤੇ ਜੇਕਰ ਕਿਸੇ ਦੇਸ਼ ਦੇ ਲੋਕਾਂ ਦਾ ਜੀਵਨ ਪੱਧਰ ਉੱਚਾ ਹੈ ਤਾਂ ਉਹ ਜੀਵਨ ਦੀਆਂ ਬਹੁਤ ਸਾਰੀਆਂ ਸੁਵਿਧਾਵਾਂ ਦਾ ਆਨੰਦ ਪ੍ਰਾਪਤ ਕਰ ਰਹੇ ਹਨ, ਤਾਂ ਉਸ ਦੇਸ਼ ਨੂੰ ਵਿਕਸਿਤ ਦੇਸ਼ ਕਿਹਾ ਜਾਵੇਗਾ। ਇਹ ਪੂਰਨ ਸੱਚ ਹੈ ਕਿ ਅਲਪਵਿਕਸਿਤ ਦੇਸ਼ਾਂ ਵਿੱਚ ਲੋਕਾਂ ਦਾ ਜੀਵਨ ਪੱਧਰ ਕਾਫੀ ਨੀਵਾਂ ਹੁੰਦਾ ਹੈ ਅਤੇ ਉਹਨਾਂ ਕੋਲ ਜੀਵਨ ਦੀਆਂ ਬਹੁਤ ਘੱਟ ਸੁਵਿਧਾਵਾਂ ਮੌਜੂਦ ਹੁੰਦੀਆਂ ਹਨ, ਜਿਸ ਕਰਕੇ ਹੀ ਉਹਨਾਂ ਦੇਸ਼ਾਂ ਨੂੰ ਅਲਪਵਿਕਸਿਤ ਦੇਸ਼ ਕਿਹਾ ਜਾਂਦਾ ਹੈ। ਇਸ ਲਈ ਇਸ ਮਾਪਕ ਦੇ ਆਧਾਰ 'ਤੇ ਵੀ ਕਿਸੇ ਦੇਸ਼ ਦੇ ਆਰਥਿਕ ਵਿਕਾਸ ਦੇ ਪੱਧਰ ਦਾ ਪਤਾ ਲਗਾਇਆ ਜਾਂਦਾ ਹੈ।

**12.ਜੀਵਨ ਦੇ ਭੌਤਿਕ ਗੁਣਵੱਤਾ ਸੂਚਕ ਅੰਕ ਤੋਂ ਕੀ ਭਾਵ ਹੈ? ਆਰਥਿਕ ਵਿਕਾਸ ਦਾ ਮਾਪ ਕਰਨ ਲਈ ਇਸ ਦੁਆਰਾ ਕਿਹੜੇ ਸੂਚਕਾਂ ਦੀ ਵਰਤੋਂ ਕੀਤੀ ਜਾਂਦੀ ਹੈ?**

ਉੱਤਰ:- ਜੀਵਨ ਦੇ ਭੌਤਿਕ ਗੁਣਵੱਤਾ ਸੂਚਕ ਅੰਕ ਤੋਂ ਭਾਵ ਹੈ ਕਿ ਲੋਕਾਂ ਦੇ ਜੀਵਨ ਕਲਿਆਣ ਦੀ ਗੁਣਵੱਤਾ ਦਾ ਪਤਾ ਲਗਾਉਣਾ। ਜੀਵਨ ਦੇ ਭੌਤਿਕ ਗੁਣਵੱਤਾ ਸੂਚਕ ਅੰਕ ਵਿੱਚ ਹੇਠ ਲਿਖੇ ਸੂਚਕਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਹਨਾਂ ਸਾਰੇ ਸੂਚਕਾਂ ਨੂੰ 0 ਤੋਂ 100 ਤੱਕ ਦਾ ਦਰਜਾ ਪ੍ਰਦਾਨ ਕਰਵਾਇਆ, ਜਿਸ ਵਿੱਚ 0 ਸਭ ਤੋਂ ਖਰਾਬ ਅਤੇ 100 ਸਭ ਤੋਂ ਵਧੀਆ ਪ੍ਰਦਰਸ਼ਨ ਨੂੰ ਦਰਸਾਉਂਦਾ ਹੈ :-

**1.ਔਸਤ ਜੀਵਨ ਅਵਧੀ ਮਾਪਕ**:-ਇਸ ਤੋਂ ਭਾਵ ਹੈ ਕਿ ਇੱਕ ਦੇਸ਼ ਦੇ ਲੋਕਾਂ ਦੀ ਔਸਤ ਉਮਰ ਤੋਂ ਕਿੰਨ੍ਹੀ ਲੰਬੀ ਹੈ ਇਸ ਮਾਪਕ ਦਾ ਕਿਸੇ ਦੇਸ਼ ਦੇ ਆਰਥਿਕ ਵਿਕਾਸ ਨਾਲ ਸਿੱਧਾ ਸੰਬੰਧ ਹੁੰਦਾ ਹੈ ਕਿਉਂਕਿ ਇੱਕ ਦੇਸ਼ ਦੇ ਲੋਕਾਂ ਦੀ ਔਸਤ ਜੀਵਨ ਅਵਧੀ ਜਿੰਨ੍ਹੀ ਘੱਟ ਹੋਵੇਗੀ, ਜੀਵਨ ਦੇ ਭੌਤਿਕ ਗੁਣਵੱਤਾ ਸੂਚਕ ਅੰਕ ਦਾ ਮੁੱਲ ਉਨ੍ਹਾਂ ਹੀ ਘੱਟ ਹੋਵੇਗਾ।

**2.ਸ਼ਿਸ਼ੂ ਮੌਤ ਦਰ**:- ਸ਼ਿਸ਼ੂ ਮੌਤ ਦਰ ਤੋਂ ਭਾਵ ਇੱਕ ਸਾਲ ਦੀ ਜੀਵਨ ਅਵਧੀ ਪੂਰੀ ਹੋਣ ਤੋਂ ਪਹਿਲਾਂ ਪ੍ਰਤੀ 1000 ਨਵੇਂ ਜੰਮੇ ਬੱਚਿਆਂ ਦੇ ਪਿੱਛੇ ਮਰ ਜਾਣ ਵਾਲੇ ਬੱਚਿਆਂ ਦੀ ਗਿਣਤੀ ਤੋਂ ਹੁੰਦਾ ਹੈ। ਇਸ ਮਾਪਕ ਦਾ ਭੌਤਿਕ ਗੁਣਵੱਤਾ ਸੂਚਕ ਅੰਕ ਨਾਲ ਉਲਟਾ ਸੰਬੰਧ ਹੈ। ਸ਼ਿਸ਼ੂ ਮੌਤ ਦਰ ਦਾ ਮੁੱਲ ਜਿੰਨ੍ਹਾਂ

ਵੱਧ ਹੋਵੇਗਾ, ਜੀਵਨ ਦੇ ਭੌਤਿਕ ਗੁਣਵੱਤਾ ਸੂਚਕ ਅੰਕ ਦਾ ਮੁੱਲ ਉਨ੍ਹਾਂ ਹੀ ਘੱਟ ਹੋਵੇਗਾ ਅਤੇ ਸ਼ਿਸੂ ਮੌਤ ਦਰ ਦਾ ਮੁੱਲ ਜਿੰਨ੍ਹਾਂ ਘੱਟ ਹੋਵੇਗਾ, ਜੀਵਨ ਦੇ ਭੌਤਿਕ ਗੁਣਵੱਤਾ ਸੂਚਕ ਅੰਕ ਦਾ ਮੁੱਲ ਵੱਧ ਹੋਵੇਗਾ।

**3. ਮੂਲਭੂਤ ਸਾਖ਼ਰਤਾ ਦਰ**:-ਇਸ ਤੋਂ ਭਾਵ ਪ੍ਰਤੀ 100 ਵਿਅਕਤੀਆਂ ਪਿੱਛੇ ਪੜ੍ਹੇ-ਲਿਖੇ ਵਿਅਕਤੀਆਂ ਦੀ ਗਿਣਤੀ ਤੋਂ ਹੈ। ਇਸ ਦਾ ਮਾਪ ਹਮੇਸ਼ਾ ਪ੍ਰਤੀਸ਼ਤ ਦੇ ਰੂਪ ਵਿੱਚ ਕੀਤਾ ਜਾਂਦਾ ਹੈ।

**13. ਮਾਨਵ ਵਿਕਾਸ ਸੂਚਕ ਅੰਕ ਤੋਂ ਕੀ ਭਾਵ ਹੈ ?ਆਰਥਿਕ ਵਿਕਾਸ ਦਾ ਮਾਪ ਕਰਨ ਲਈ ਇਸ ਦੁਆਰਾ ਕਿਹੜੇ ਸੂਚਕਾਂ ਦੀ ਵਰਤੋਂ ਕੀਤੀ ਜਾਂਦੀ ਹੈ?**

ਉੱਤਰ:- ਮਾਨਵ ਵਿਕਾਸ ਸੂਚਕ ਅੰਕ ਕਿਸੇ ਦੇਸ਼ ਦੇ ਆਰਥਿਕ ਵਿਕਾਸ ਨੂੰ ਮਾਪਣ ਵਾਲਾ ਇੱਕ ਹੋਰ ਮਹੱਤਵਪੂਰਨ ਮਾਪਕ ਹੈ, ਜਿਸ ਨੂੰ ਜੀਵਨ ਦੇ ਭੌਤਿਕ ਗੁਣਵੱਤਾ ਸੂਚਕ ਅੰਕ ਵਿੱਚ ਇੱਕ ਸੁਧਾਰ ਦੇ ਰੂਪ ਵਿੱਚ ਸਵੀਕਾਰ ਕੀਤਾ ਜਾਂਦਾ ਹੈ। ਇਸ ਵਿੱਚ ਸਭ ਤੋਂ ਵੱਡਾ ਸੁਧਾਰ ਇਹ ਹੈ ਕਿ ਦੇਸ਼ ਦੇ ਆਰਥਿਕ ਵਿਕਾਸ ਦਾ ਮਾਪ ਕਰਦੇ ਸਮੇਂ ਸਿਰਫ਼ ਗੈਰ-ਆਮਦਨ ਆਧਾਰਿਤ ਸਾਧਨਾਂ ਨੂੰ ਹੀ ਨਹੀਂ, ਬਲਕਿ ਆਮਦਨ ਆਧਾਰਿਤ ਸਾਧਨਾਂ ਨੂੰ ਵੀ ਸ਼ਾਮਿਲ ਕਰਦਾ ਹੈ ।

ਮਾਨਵ ਵਿਕਾਸ ਸੂਚਕ ਅੰਕ ਦੇ ਮਾਪ:-

1. **ਜੀਵਨ ਦੀ ਔਸਤ ਅਵਧੀ** :- ਇਸ ਤੋਂ ਭਾਵ ਹੈ ਕਿ ਜਨਮ ਦੇ ਸਮੇਂ ਤੇ ਜੀਵਨ ਦੀ ਸੰਭਾਵਨਾ ਤੋਂ ਹੈ। ਇਸ ਤੋਂ ਭਾਵ ਹੈ ਕਿ ਇੱਕ ਨਵੇਂ ਜੰਮੇ ਬੱਚੇ ਦੇ ਕਿੰਨ੍ਹੇ ਸਾਲ ਜ਼ਿੰਦਾ ਰਹਿਣ ਦੀ ਉਮੀਦ ਕੀਤੀ ਜਾਂਦੀ ਹੈ।
2. **ਸਿੱਖਿਆ ਪ੍ਰਾਪਤੀ ਸੂਚਕ ਅੰਕ**:-ਇਸ ਦਾ ਭਾਵ ਇੱਕ ਦੇਸ਼ ਦੇ ਲੋਕਾਂ ਦੇ ਸਿੱਖਿਆ ਦੇ ਪੱਧਰ ਤੋਂ ਹੈ।
3. **ਵਾਸਤਵਿਕ ਪ੍ਰਤੀ ਵਿਅਕਤੀ ਕੁੱਲ ਘਰੇਲੂ ਉਤਪਾਦ**: ਇਸ ਤੋਂ ਭਾਵ ਵਸਤੂਆਂ ਅਤੇ ਸੇਵਾਵਾਂ ਦੀ ਉਸ ਮਾਤਰਾ ਤੋਂ ਹੈ, ਜਿਸਨੂੰ ਲੋਕ ਆਪਣੀ ਮੌਦਰਿਕ ਆਮਦਨ ਦੇ ਨਾਲ ਖਰੀਦ ਸਕਦੇ ਹਨ।

**14. ਵਸਤੂ ਵਟਾਂਦਰਾ ਪ੍ਰਣਾਲੀ ਦੀਆ ਕਮੀਆਂ ਦਾ ਵਰਣਨ ਕਰੋ?**

**ਉੱਤਰ:-** ਜਦੋਂ ਲੋਕਾਂ ਦੀਆਂ ਜ਼ਰੂਰਤਾਂ ਵੱਧ ਗਈਆਂ, ਤਾਂ ਉਹਨਾਂ ਲਈ ਆਪਣੀਆਂ ਵਸਤੂਆਂ ਦਾ ਦੂਜੇ ਲੋਕਾਂ ਦੀਆਂ ਵਸਤੂਆਂ ਨਾਲ ਆਦਾਨ-ਪ੍ਰਦਾਨ ਕਰਨਾ ਮੁਸ਼ਕਿਲ ਹੋ ਗਿਆ। ਇਸ ਤਰ੍ਹਾਂ ਵਸਤੂ ਵਟਾਂਦਰਾ ਪ੍ਰਣਾਲੀ ਲੰਬੇ ਸਮੇਂ ਤੱਕ ਨਾ ਚੱਲ ਸਕੀ। ਵਸਤੂ ਵਟਾਂਦਰਾ ਪ੍ਰਣਾਲੀ ਦੀਆਂ ਮੁੱਖ ਕਮੀਆਂ ਹੇਠ ਲਿਖੇ ਅਨੁਸਾਰ ਹਨ:-

**1.** ਵਸਤੂ ਵਟਾਂਦਰਾ ਪ੍ਰਣਾਲੀ ਲੋੜਾਂ ਦੇ ਦੋਹਰੇ ਸੰਜੋਗ ਦੀ ਮੰਗ ਕਰਦੀ ਹੈ ਤੇ ਜਦੋਂ ਇਹ ਇੱਕ ਦੂਜੇ ਦੀ ਇੱਛਾ ਨੂੰ ਪੂਰੀ ਨਹੀਂ ਕਰਦੀ ਤਾਂ ਅਜਿਹੀ ਸਥਿਤੀ ਵਿੱਚ ਵਸਤੂ ਵਟਾਂਦਰਾ ਪ੍ਰਣਾਲੀ ਅਸਫ਼ਲ ਹੋ ਜਾਂਦੀ ਹੈ।

**2.** ਇਸ ਤੋ ਇਲਾਵਾ ਪਹਿਲੇ ਵਿਅਕਤੀ ਨੂੰ ਕਿਸੇ ਦੂਜੇ ਵਿਅਕਤੀ ਨੂੰ ਲੱਭਣ ਲਈ ਕਾਫੀ ਲੰਮਾ ਸਮਾਂ ਇੰਤਜ਼ਾਰ ਕਰਨਾ ਪੈਂਦਾ ਹੈ ਜੋ ਆਪਣੀ ਜ਼ਰੂਰਤ ਦੇ ਅਨੁਸਾਰ ਉਸ ਦੀ ਵਸਤੂ ਖਰੀਦਣ ਲਈ ਤਿਆਰ ਹੋਵੇ।

**3.** ਲੰਬੇ ਸਮੇਂ ਲਈ ਵਸਤੂਆਂ ਨੂੰ ਭੰਡਾਰ ਕਰਕੇ ਰੱਖਣਾ ਵੀ ਸੰਭਵ ਨਹੀਂ ਹੁੰਦਾ ਸੀ ਕਿਉਂਕਿ ਸਮੇਂ ਦੇ ਬੀਤਣ ਨਾਲ ਉਹ ਵਸਤੂਆਂ ਖਰਾਬ ਹੋ ਸਕਦੀਆਂ ਸਨ।

**4.** ਵਸਤੂਆਂ ਦੀ ਢੋਆ-ਢੁਆਈ ਵਿੱਚ, ਖ਼ਰਚੇ ਦੇ ਸੰਬੰਧ ਵਿੱਚ ਬਹੁਤ ਸਾਰੀਆਂ ਮੁਸ਼ਕਿਲਾਂ ਸ਼ਾਮਿਲ ਹੁੰਦੀਆਂ ਸਨ। ਇੱਕ ਵਸਤੂ ਨੂੰ ਦੂਜੀ ਥਾਂ 'ਤੇ ਲੈ ਕੇ ਜਾਣ ਨਾਲ ਬਹੁਤ ਵੱਡੀ ਲਾਗਤ ਵੀ ਆਉਂਦੀ ਸੀ।

**15. ਮੁਦਰਾ ਤੋਂ ਤੁਹਾਡਾ ਕੀ ਭਾਵ ਹੈ?**

ਉੱਤਰ- ਮੁਦਰਾ ਉਹ ਹੈ ਜੋ ਲੈਣ-ਦੇਣ ਦੇ ਮਾਧਿਅਮ, ਮਾਪ ਦੀ ਇਕਾਈ ਅਤੇ ਮੁੱਲ ਦੇ ਭੰਡਾਰ ਦੀ ਸਾਂਝੀ ਇਕਾਈ ਵੱਜੋਂ ਕੰਮ ਕਰਦੀ ਹੈ। ਮੁਦਰਾ ਸ਼ਬਦ 'ਮੋਨੇਟਾ' ਸ਼ਬਦ ਤੋਂ ਲਿਆ ਗਿਆ ਹੈ ਜੋ ਕੇ ਰੋਮ ਦੀ ਦੇਵੀ 'ਜੂਨੋ' ਦਾ ਦੂਜਾ ਨਾਂ ਹੈ। ਪਹਿਲਾਂ ਵਸਤੂਆਂ ਨੂੰ ਮੁਦਰਾ ਦੇ ਰੂਪ ਵਿੱਚ ਲੈਣ-ਦੇਣ ਲਈ ਵਰਤਿਆ ਜਾਂਦਾ ਸੀ ਜਿਵੇਂ ਕਿ ਅਨਾਜ ਅਤੇ ਪਸ਼ੂ ਆਦਿ । ਉਸ ਤੋਂ ਬਾਅਦ ਸੋਨਾ, ਚਾਂਦੀ, ਤਾਂਬਾ ਅਤੇ ਪਿੱਤਲ ਆਦਿ ਨੂੰ ਵੀ ਮੁਦਰਾ ਦੇ ਰੂਪ ਵਿੱਚ ਵਰਤਿਆ ਜਾਂਦਾ ਰਿਹਾ ਸੀ। ਉਸ ਤੋਂ ਬਾਅਦ ਕਾਗਜ਼ੀ ਮੁਦਰਾ ਦੀ ਕਾਢ ਹੋਈ। ਕਰੰਸੀ ਮੁਦਰਾ ਦਾ ਆਧੁਨਿਕ ਰੂਪ ਹੈ, ਜਿਸ ਵਿੱਚ ਕਾਗਜ਼ੀ ਨੋਟ, ਡੈਬਿਟ ਅਤੇ ਕ੍ਰੈਡਿਟ ਕਾਰਡ (ਪਲਾਸਟਿਕ ਮੁਦਰਾ) ਸ਼ਾਮਿਲ ਹੁੰਦੇ ਹਨ । ਮੁਦਰਾ ਦਾ ਦੂਜਾ ਰੂਪ ਬੈਂਕਾਂ ਕੋਲ ਜਮ੍ਹਾਂ ਹੁੰਦਾ ਹੈ। ਅੱਜ ਇਲੈਟ੍ਰੋਨਿਕ ਮੁਦਰਾ ਦੇ ਰੂਪ ਵਿੱਚ ਵੀ ਡਿਜ਼ੀਟਲ ਲੈਣ-ਦੇਣ ਕੀਤਾ ਜਾਂਦਾ ਹੈ।

**16.ਮੁਦਰਾ ਦੇ ਮੁੱਖ ਕਾਰਜ ਕੀ ਹਨ?**

ਉੱਤਰ:- ਮੁਦਰਾ ਦਾ ਵਿਸ਼ਲੇਸ਼ਣ ਚਾਰ ਕਾਰਜਾਂ ਦੇ ਆਧਾਰ 'ਤੇ ਕੀਤਾ ਜਾ ਸਕਦਾ ਹੈ:-

**1. ਵਟਾਂਦਰੇ ਦਾ ਮਾਧਿਅਮ**- ਵਟਾਂਦਰੇ ਦਾ ਅਰਥ ਖਰੀਦਣ ਅਤੇ ਵੇਚਣ ਨਾਲ ਸੰਬੰਧਿਤ ਗਤੀਵਿਧੀਆਂ ਤੋਂ ਹੈ। ਜਦੋਂ ਮੁਦਰਾ ਨੂੰ ਵਸਤੂਆਂ ਅਤੇ ਸੇਵਾਵਾਂ ਖਰੀਦਣ ਅਤੇ ਵੇਚਣ ਲਈ ਵਰਤਿਆ ਜਾਵੇ ਤਾਂ ਇਹ ਵਟਾਂਦਰੇ ਦੇ ਮਾਧਿਅਮ ਦੇ ਤੌਰ 'ਤੇ ਕੰਮ ਕਰਦੀ ਹੈ।

**2. ਮੁੱਲ ਦਾ ਮਾਪ-** ਮੁੱਲ ਦਾ ਅਰਥ ਕੀਮਤ ਤੋਂ ਹੈ। ਮੁਦਰਾ ਦੀ ਵਰਤੋਂ ਵੱਖ-ਵੱਖ ਵਸਤੂਆਂ ਅਤੇ ਸੇਵਾਵਾਂ ਦੇ ਮੁੱਲ ਦਾ ਮਾਪ ਕਰਨ ਲਈ ਕੀਤੀ ਜਾਂਦੀ ਹੈ।

**3. ਮੁਲਤਵੀ ਭੁਗਤਾਨ ਦਾ ਮਾਨਕ**:-ਮੁਲਤਵੀ ਭੁਗਤਾਨ ਦਾ ਅਰਥ ਹੈ ਭੁਗਤਾਨ ਭਵਿੱਖ ਵਿੱਚ ਕਰਨਾ। ਮੁਦਰਾ ਦੀ ਵਰਤੋਂ ਭਵਿੱਖ ਵਿੱਚ ਕੀਤੇ ਜਾਣ ਵਾਲੇ ਭੁਗਤਾਨ ਲਈ ਵੀ ਕੀਤੀ ਜਾਂਦੀ ਹੈ।

**4. ਮੁੱਲ ਦਾ ਭੰਡਾਰ**- ਮੁਦਰਾ ਨੂੰ ਮੁੱਲ ਦੇ ਭੰਡਾਰ ਵੱਜੋਂ ਵੀ ਵਰਤਿਆ ਜਾ ਸਕਦਾ ਹੈ। ਵਸਤੂ ਵਟਾਂਦਰਾ ਪ੍ਰਣਾਲੀ ਵਿੱਚ ਵਸਤੂਆਂ ਅਤੇ ਸੇਵਾਵਾਂ ਦੇ ਮੁਕਾਬਲੇ ਮੁਦਰਾ ਦਾ ਭੰਡਾਰ ਕਰਨਾ ਸੌਖਾ ਹੈ।

**17. ਮੁਦਰਾ ਦੇ ਆਧੁਨਿਕ ਰੂਪ ਕਿਹੜੇ ਹਨ?**

ਉੱਤਰ:-ਮੁਦਰਾ ਨੂੰ ਆਮ ਤੌਰ 'ਤੇ ਲੈਣ-ਦੇਣ ਦੇ ਮਾਧਿਅਮ ਵਜੋਂ ਸਵੀਕਾਰ ਕੀਤਾ ਜਾਂਦਾ ਹੈ। ਮੁਦਰਾ ਦੇ ਵੱਖ-ਵੱਖ ਰੂਪਾਂ ਦਾ ਵਰਨਣ ਇਸ ਪ੍ਰਕਾਰ ਹੈ:-

**1. ਕਰੰਸੀ**- ਕਰੰਸੀ ਮੁਦਰਾ ਦਾ ਆਧੁਨਿਕ ਰੂਪ ਹੈ। ਜਿਸ ਵਿੱਚ ਕਾਗਜ਼ੀ ਨੋਟ ਅਤੇ ਸਿੱਕੇ ਸ਼ਾਮਿਲ ਹੁੰਦੇ ਹਨ। ਆਧੁਨਿਕ ਮੁਦਰਾ ਕਿਸੇ ਦੇਸ਼ ਦੀ ਸਰਕਾਰ ਦੁਆਰਾ ਅਧਿਕਾਰਤ ਕੀਤੀ ਜਾਂਦੀ ਹੈ ਅਤੇ ਇਸ ਲਈ, ਇਸ ਨੂੰ ਲੈਣ- ਦੇਣ ਦੇ ਮਾਧਿਅਮ ਵਜੋਂ ਸਵੀਕਾਰ ਕੀਤਾ ਜਾਂਦਾ ਹੈ। ਇਸਨੂੰ ਪ੍ਰਤੀਨਿਧ ਮੁਦਰਾ ਕਿਹਾ ਜਾਂਦਾ ਹੈ।

2. **ਬੈਂਕਾਂ ਕੋਲ ਜਮ੍ਹਾਂ ਰਕਮ**- ਮੁਦਰਾ ਦਾ ਦੂਸਰਾ ਰੂਪ ਬੈਂਕਾਂ ਕੋਲ ਜਮ੍ਹਾਂ ਰਕਮ ਹੈ। ਉਦਾਹਰਣ ਵਜੋਂ, ਆਪਣੀਆਂ ਰੋਜ਼ਾਨਾ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਤੋਂ ਬਾਅਦ ਲੋਕਾਂ ਕੋਲ ਕੁੱਝ ਪੈਸੇ ਬੱਚ ਜਾਂਦੇ ਹਨ। ਲੋਕ ਆਪਣੇ ਨਾਮ ਤੇ ਬੈਂਕ ਖਾਤਾ ਖੋਲ੍ਹ ਕੇ ਇਸ ਪੈਸੇ ਨੂੰ ਬੈਂਕ ਵਿੱਚ ਜਮ੍ਹਾਂ ਕਰਦੇ ਹਨ। ਜਦ ਉਨ੍ਹਾਂ ਨੂੰ ਜ਼ਰੂਰਤ ਹੁੰਦੀ ਹੈ, ਉਹ ਆਪਣਾ ਪੈਸਾ ਵਾਪਸ ਲੈ ਸਕਦੇ ਹਨ। ਇਸ ਲਈ, ਲੋਕਾਂ ਦਾ ਬੈਂਕਾਂ ਕੋਲ ਜੋ ਕੁੱਝ ਵੀ ਜਮ੍ਹਾਂ ਹੁੰਦਾ ਹੈ, ਨੂੰ ਵੀ ਮੁਦਰਾ ਦਾ ਰੂਪ ਮੰਨਿਆ ਜਾਂਦਾ ਹੈ। ਇਸ ਤਰੀਕੇ ਨਾਲ ਲੋਕਾਂ ਦਾ ਪੈਸਾ ਬੈਂਕਾਂ ਕੋਲ ਸੁਰੱਖਿਅਤ ਰਹਿੰਦਾ ਹੈ ਅਤੇ ਉਹ ਕੁੱਝ ਵਿਆਜ ਦਰ ਵੀ ਕਮਾਉਂਦੇ ਹਨ। ਬੈਂਕਾਂ ਕੋਲ ਜਮ੍ਹਾਂ ਦੋ ਕਿਸਮਾਂ ਦੇ ਹੁੰਦੇ ਹਨ, ਜੋ ਕਿ ਇਸ ਤਰ੍ਹਾਂ ਹਨ -

**ਮੰਗ ਜਮ੍ਹਾਂ**- ਇਹ ਬੈਂਕਾਂ ਵਿੱਚ ਜਮ੍ਹਾਂ ਉਹ ਰਾਸ਼ੀ ਹੁੰਦੀ ਹੈ,ਜਿਸ ਨੂੰ ਗ੍ਰਾਹਕ ਕਿਸੇ ਵੀ ਸਮੇਂ ਆਪਣੇ ਖਾਤੇ ਵਿੱਚੋਂ ਕੱਢਵਾ ਸਕਦਾ ਹੈ।

**ਸਮਾਂ ਜਮ੍ਹਾਂ** - ਇਹ ਬੈਂਕਾਂ ਵਿੱਚ ਜਮ੍ਹਾਂ ਉਹ ਰਾਸ਼ੀ ਹੁੰਦੀ ਹੈ, ਜਿਸ ਵਿੱਚ ਪੈਸੇ ਇੱਕ ਨਿਸ਼ਚਿਤ ਸਮੇਂ ਲਈ ਬੈਂਕ ਵਿੱਚ ਜਮ੍ਹਾਂ ਹੁੰਦੇ ਹਨ।

**18.ਉਧਾਰ ਦੇ ਵੱਖੋ-ਵੱਖਰੇ ਸਰੋਤਾਂ ਦੀ ਵਿਆਖਿਆ ਕਰੋ।**

ਉੱਤਰ- ਉਧਾਰ ਕਈ ਵਾਰ ਲੋਕ ਨੂੰ ਆਪਣੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਲੈਣਾ ਹੀ ਪੈਂਦਾ ਹੈ। ਇਸਦੇ ਲਈ ਉਨ੍ਹਾਂ ਨੂੰ ਅਜਿਹੇ ਸ੍ਰੋਤਾਂ ਦੀ ਜ਼ਰੂਰਤ ਹੁੰਦੀ ਹੈ ਜੋ ਉਹਨਾਂ ਨੂੰ ਉਧਾਰ ਦੇ ਸਕਣ। ਉਧਾਰ ਦੇ ਸਰੋਤ ਦੋ ਕਿਸਮ ਦੇ ਹੁੰਦੇ ਹਨ:-

**1. ਗੈਰ-ਰਸਮੀ ਸਰੋਤ** -ਗੈਰ-ਰਸਮੀ ਸਰੋਤ ਦਾ ਅਰਥ ਉਹ ਸਰੋਤ ਹਨ ਜੋ ਲੋਕਾਂ ਨੂੰ ਕਰਜ਼ਾ ਪ੍ਰਦਾਨ ਕਰਦੇ ਸਮੇਂ ਕਿਸੇ ਵੀ ਨਿਯਮ ਜਾਂ ਸ਼ਰਤਾਂ ਦੀ ਪਾਲਣਾ ਨਹੀਂ ਕਰਦੇ ਜਿਵੇਂ ਕਿ ਕਰਜ਼ੇ ਦੀ ਰਕਮ, ਕਰਜ਼ੇ ਦੀ ਮਿਆਦ, ਵਿਆਜ਼ ਦੀ ਦਰ ਆਦਿ। ਇਹਨਾਂ ਵਿੱਚ ਇਹ ਸਾਰੇ ਫੈਸਲੇ ਉਹਨਾਂ ਦੁਆਰਾ ਆਪਣੀ ਮਰਜ਼ੀ ਨਾਲ ਲਏ ਜਾਂਦੇ ਹਨ। ਇਸ ਵਿੱਚ ਸ਼ਾਹੂਕਾਰ, ਵਪਾਰੀ, ਮਾਲਕ, ਰਿਸ਼ਤੇਦਾਰ ਅਤੇ ਦੋਸਤ ਸ਼ਾਮਿਲ ਹੁੰਦੇ ਹਨ ।

**2. ਰਸਮੀ ਸਰੋਤ-** ਰਸਮੀ ਸਰੋਤ, ਉਹ ਸਰੋਤ ਹਨ ਜਿਨ੍ਹਾਂ ਵਿੱਚ ਦਿੱਤੇ ਗਏ ਕਰਜ਼ਿਆਂ ਦੀ ਮਾਤਰਾ, ਕਰਜ਼ੇ ਦੀ ਮਿਆਦ, ਵਿਆਜ ਦੀ ਦਰ ਆਦਿ ਬਾਰੇ ਕੁੱਝ ਨਿਯਮਾਂ ਅਤੇ ਕਾਨੂੰਨਾਂ ਦੀ ਪਾਲਣਾ ਕਰਨੀ ਪੈਂਦੀ ਹੈ ਅਤੇ ਉਹ ਇਨ੍ਹਾਂ ਨਿਯਮਾਂ ਅਤੇ ਕਾਨੂੰਨਾਂ ਨੂੰ ਨਜ਼ਰ-ਅੰਦਾਜ਼ ਨਹੀਂ ਕਰ ਸਕਦੇ । ਇਸ ਵਿੱਚ ਬੈਂਕਾਂ ਅਤੇ ਸਹਿਕਾਰੀ ਸਭਾਵਾਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ।

**1. ਸਹਿਕਾਰਤਾਵਾਂ ਤੋਂ ਕਰਜ਼ੇ**:- ਸਹਿਕਾਰਤਾ, ਬੈਂਕਾਂ ਤੋਂ ਇਲਾਵਾ ਪੇਂਡੂ ਖੇਤਰਾਂ ਵਿੱਚ ਸਸਤਾ ਉਧਾਰ ਪ੍ਰਦਾਨ ਕਰਵਾਉਣ ਦਾ ਇੱਕ ਪ੍ਰਮੁੱਖ ਸਰੋਤ ਹੈ।

**2. ਗਰੀਬਾਂ ਲਈ ਸਵੈ-ਸਹਾਇਤਾ ਸਮੂਹ-** ਇਹਨਾਂ ਸਮੂਹਾਂ ਦੇ ਮੈਂਬਰ ਇੱਕ ਦੂਜੇ ਨੂੰ ਉਨ੍ਹਾਂ ਦੀਆਂ ਉਧਾਰ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਵਿੱਚ ਸਹਾਇਤਾ ਕਰਦੇ ਹਨ। ਇੱਕ ਸਵੈ-ਸਹਾਇਤਾ ਸਮੂਹ ਦੇ 15-20 ਮੈਂਬਰ ਹੁੰਦੇ ਹਨ, ਜੋ ਕਿ ਆਮ ਤੌਰ 'ਤੇ ਇੱਕ ਗੁਆਂਢ ਨਾਲ ਸੰਬੰਧਿਤ ਹੁੰਦੇ ਹਨ, ਜੋ ਨਿਯਮਿਤ ਤੌਰ 'ਤੇ ਮਿਲਦੇ ਹਨ ਅਤੇ ਬੱਚਤ ਕਰਦੇ ਹਨ। ਮੈਂਬਰ ਆਪਣੀਆਂ ਨਿਯਮਿਤ ਲੋੜਾਂ ਪੂਰੀਆਂ ਕਰਨ ਲਈ ਛੋਟੇ ਕਰਜ਼ੇ ਲੈ ਸਕਦੇ ਹਨ।

**19.ਸਵੈ-ਸਹਾਇਤਾ ਸਮੂਹਾਂ ਤੋਂ ਤੁਸੀਂ ਕੀ ਸਮਝਦੇ ਹੋ?**

ਉੱਤਰ- ਅਜੋਕੇ ਸਾਲਾਂ ਵਿੱਚ, ਲੋਕ ਕਰਜ਼ੇ ਦੀ ਸਹੂਲਤ ਪ੍ਰਾਪਤ ਕਰਨ ਦੇ ਕੁੱਝ ਨਵੇਂ ਤਰੀਕਿਆਂ ਨੂੰ ਲੱਭਣ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਇੱਕ ਅਜਿਹਾ ਤਰੀਕਾ ਹੈ, ਸਵੈ ਸਹਾਇਤਾ ਸਮੂਹ। ਇਹਨਾਂ ਸਮੂਹਾਂ ਦੇ ਮੈਂਬਰ ਇੱਕ ਦੂਜੇ ਨੂੰ ਉਨ੍ਹਾਂ ਦੀਆਂ ਉਧਾਰ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਵਿੱਚ ਸਹਾਇਤਾ ਕਰਦੇ ਹਨ। ਇੱਕ ਸਵੈ-ਸਹਾਇਤਾ ਸਮੂਹ ਦੇ 15-20 ਮੈਂਬਰ ਹੁੰਦੇ ਹਨ, ਜੋ ਕਿ ਆਮ ਤੌਰ ਤੇ ਇੱਕ ਗੁਆਂਢ ਨਾਲ ਸੰਬੰਧਿਤ ਹੁੰਦੇ ਹਨ, ਜੋ ਨਿਯਮਿਤ ਤੌਰ 'ਤੇ ਮਿਲਦੇ ਹਨ ਅਤੇ ਬੱਚਤ ਕਰਦੇ ਹਨ। ਮੈਂਬਰ ਆਪਣੀਆਂ ਨਿਯਮਿਤ ਲੋੜਾਂ ਪੂਰੀਆਂ ਕਰਨ ਲਈ ਛੋਟੇ ਕਰਜ਼ੇ ਲੈ ਸਕਦੇ ਹਨ। ਸਮੂਹ ਇਹਨਾਂ ਕਰਜ਼ਿਆਂ 'ਤੇ ਵਿਆਜ ਵੀ ਲੈਂਦਾ ਹੈ, ਪਰ ਇਹ ਵਿਆਜ ਦਰ ਉਸ ਵਿਆਜ ਤੋਂ ਘੱਟ ਹੁੰਦੀ ਹੈ, ਜੋ ਸਾਹੂਕਾਰ ਉਨ੍ਹਾਂ ਤੋਂ ਲੈਂਦੇ ਹਨ।

**20. ਉਧਾਰ ਗਾਹਕ ਲਈ ਕਿਵੇਂ ਲਾਭਦਾਇਕ ਸਿੱਧ ਹੋ ਸਕਦਾ ਹੈ?**

ਉੱਤਰ- ਉਧਾਰ ਪ੍ਰਣਾਲੀ, ਗਾਹਕ ਲਈ ਬਹੁਤ ਲਾਭਦਾਇਕ ਸਿੱਧ ਹੋ ਸਕਦੀ ਹੈ। ਉਨ੍ਹਾਂ ਵਿੱਚੋਂ ਕੁੱਝ ਕਾਰਨ ਹੇਠ ਲਿਖੇ ਅਨੁਸਾਰ ਹਨ:-

1. ਉਧਾਰ ਉੱਦਮੀਆਂ ਨੂੰ ਆਪਣੀ ਕਮਾਈ ਵਧਾਉਣ ਵਿੱਚ ਮਦਦ ਕਰਦਾ ਹੈ। ਉਨ੍ਹਾਂ ਨੂੰ ਪਹਿਲਾਂ ਨਾਲੋ ਬਿਹਤਰ ਬਣਾਉਂਦਾ ਹੈ, ਕਿਉਂਕਿ ਉਧਾਰ ਦੀ ਮਦਦ ਨਾਲ ਉਹ ਨਵੀਆਂ ਕਾਰੋਬਾਰੀ ਇਕਾਈਆਂ ਦੀ ਸ਼ੁਰੂਆਤ ਕਰ ਸਕਦੇ ਹਨ ਅਤੇ ਚੰਗੀ ਆਮਦਨ ਪ੍ਰਾਪਤ ਕਰ ਸਕਦੇ ਹਨ।

2. ਉਧਾਰ ਲੈਣਾ ਵਪਾਰੀਆਂ, ਕਾਰੋਬਾਰੀਆਂ, ਉੱਦਮੀਆਂ, ਵਿਦਿਆਰਥੀਆਂ ਅਤੇ ਸਮਾਜ ਦੇ ਲਈ ਕਈ ਤਰ੍ਹਾਂ ਦੇ ਲੋਕਾਂ ਲਈ ਲਾਭਦਾਇਕ ਹੋ ਸਕਦਾ ਹੈ, ਜੇਕਰ ਉਧਾਰ ਨੂੰ ਉਤਪਾਦਕੀ ਕੰਮਾਂ ਲਈ ਵਰਤਿਆ ਜਾਵੇ।

3. ਉਧਾਰ ਮਕਾਨ ਬਣਾਉਣ, ਕਾਰਾਂ ਖਰੀਦਣ, ਪੇਸ਼ੇਵਰ ਸਿੱਖਿਆ ਆਦਿ ਲਈ ਬੈਂਕਾਂ ਤੋਂ ਉੱਚਿਤ ਵਿਆਜ ਦਰਾਂ ਅਤੇ ਸ਼ਰਤਾਂ 'ਤੇ ਉਪਲੱਬਧ ਹੈ।

4. ਉਧਾਰ ਸਮਾਜ ਵਿੱਚ ਮੰਗ ਵਧਾਉਣ ਲਈ ਵੀ ਫਾਇਦੇਮੰਦ ਹੈ ਕਿਉਂਕਿ ਲੋਕ ਉਧਾਰ ਦੀ ਮਦਦ ਨਾਲ ਬਾਜ਼ਾਰ ਤੋਂ ਵੱਖ-ਵੱਖ ਵਸਤੂਆਂ ਖਰੀਦ ਸਕਦੇ ਹਨ।

5. ਵਿਦਿਆਰਥੀ ਬੈਂਕ ਤੋਂ ਸਿੱਖਿਆ ਕਰਜ਼ਾ ਵੀ ਲੈ ਸਕਦੇ ਹਨ ਅਤੇ ਆਪਣਾ ਕੈਰੀਅਰ ਬਣਾ ਸਕਦੇ ਹਨ।

**21. ਈ- ਬੈਂਕਿੰਗ ਕੀ ਹੈ?**

ਉੱਤਰ:-ਈ-ਬੈਂਕਿੰਗ ਇੱਕ ਇਲੈਕਟ੍ਰੋਨਿਕ ਭੁਗਤਾਨ ਪ੍ਰਣਾਲੀ ਹੈ ਜੋ ਇੱਕ ਬੈਂਕ ਜਾਂ ਹੋਰ ਵਿੱਤੀ ਸੰਸਥਾਵਾਂ ਦੇ ਗਾਹਕ ਨੂੰ ਵਿੱਤੀ ਸੰਸਥਾ ਦੀ ਵੈੱਬਸਾਈਟ ਦੁਆਰਾ ਵਿੱਤੀ ਲੈਣ-ਦੇਣ ਕਰਨ ਦੇ ਯੋਗ ਬਣਾਉਂਦੀ ਹੈ। ਈ-ਬੈਂਕਿੰਗ ਨੂੰ ਬਿਜਲਈ ਬੈਂਕਿੰਗ, ਔਨਲਾਈਨ ਬੈਂਕਿੰਗ ਜਾਂ ਇੰਟਰਨੈਟ ਬੈਂਕਿੰਗ ਵੀ ਕਿਹਾ ਜਾਂਦਾ ਹੈ। ਈ-ਬੈਂਕਿੰਗ ਵਿੱਚ ਏ.ਟੀ.ਐਮ, ਡੈਬਿਟ ਕਾਰਡ, ਕ੍ਰੈਡਿਟ ਕਾਰਡ, ਇੰਟਰਨੈੱਟ ਬੈਂਕਿੰਗ, ਮੋਬਾਇਲ ਬੈਂਕਿੰਗ ਆਦਿ ਸ਼ਾਮਿਲ ਕੀਤੇ ਜਾਂਦੇ ਹਨ।

**22. ਭਾਰਤ ਨੇ 1991 ਵਿੱਚ ਨਵੀਂ ਆਰਥਿਕ ਨੀਤੀ ਕਿਉਂ ਅਪਣਾਈ ?ਕਾਰਨ ਲਿਖੋ।**

ਉੱਤਰ:- ਭਾਰਤ ਦੁਆਰਾ ਸਾਲ 1991 ਵਿੱਚ ਨਵੀਂ ਆਰਥਿਕ ਨੀਤੀ ਅਪਣਾਉਣ ਦੇ ਹੇਠ ਲਿਖੇ ਕਾਰਨ ਸਨ:-

1. ਭਾਰਤ ਸਰਕਾਰ ਨੇ ਸਰਵਜਨਕ ਖੇਤਰ ਦੀਆਂ ਇਕਾਈਆਂ ਵਿੱਚ ਭਾਰੀ ਮਾਤਰਾ ਵਿੱਚ ਖਰਚ ਕੀਤਾ, ਪਰੰਤੂ ਇਹਨਾਂ ਇਕਾਈਆਂ ਤੋਂ ਪ੍ਰਾਪਤ ਆਮਦਨ ਬਹੁਤ ਘੱਟ ਸੀ। ਇਸ ਲਈ ਸਰਕਾਰ ਦੀ ਆਮਦਨ ਅਤੇ ਖਰਚੇ ਵਿਚਕਾਰ ਪਾੜਾ ਵੱਧ ਗਿਆ ਜਿਸ ਨੇ ਸਰਕਾਰ ਨੂੰ ਇੱਕ ਵੱਡੇ ਰਾਜਕੋਸ਼ੀ ਘਾਟੇ ਵੱਲ ਧੱਕ ਦਿੱਤਾ। ਇਸ ਘਾਟੇ ਨੂੰ ਦੂਰ ਕਰਨ ਲਈ ਭਾਰਤ ਸਰਕਾਰ ਨੂੰ ਨਵੀਂ ਆਰਥਿਕ ਨੀਤੀ ਅਪਣਾਉਣੀ ਪਈ।

2.ਭੁਗਤਾਨ ਸੰਤੁਲਨ ਵਿੱਚ ਘਾਟੇ ਬਹੁਤ ਜ਼ਿਆਦਾ ਵੱਧ ਗਿਆ ਸੀ ਉਸਨੂੰ ਠੀਕ ਕਰਨ ਕਰਨ ਲਈ ਸਰਕਾਰ ਨੂੰ ਬਾਹਰੀ ਉਧਾਰ 'ਤੇ ਨਿਰਭਰ ਹੋਣਾ ਪਿਆ। ਉਧਾਰ ਦੀ ਇਹ ਰਕਮ ਇੰਨ੍ਹੀ ਜ਼ਿਆਦਾ ਹੋ ਗਈ ਸੀ ਕਿ ਸਰਕਾਰ ਲਈ ਇਸ ਦਾ ਭੁਗਤਾਨ ਕਰਨਾ ਮੁਸ਼ਕਿਲ ਹੋ ਗਿਆ ਸੀ। ਇਸ ਲਈ ਨਵੀਂ ਆਰਥਿਕ ਨੀਤੀ ਦਾ ਅਪਣਾਇਆ ਜਾਣਾ ਜ਼ਰੂਰੀ ਹੋ ਗਿਆ।

3. ਸਰਵਜਨਕ ਖੇਤਰ ਦੀਆਂ ਇਕਾਈਆ ਵੱਲੋਂ ਪੈਦਾ ਕੀਤਾ ਜਾਣ ਵਾਲਾ ਉਤਪਾਦਨ ਬਹੁਤ ਘੱਟ ਸੀ ਜਿਸ ਦੇ ਨਤੀਜੇ ਵਜੋਂ ਇਹ ਖੇਤਰ ਬਜ਼ਾਰ ਵਿੱਚ ਵਸਤੂਆਂ ਦੀ ਵੱਧ ਰਹੀ ਮੰਗ ਨੂੰ ਪੂਰਾ ਨਹੀਂ ਕਰ ਸਕਿਆ। ਇਸ ਲਈ ਸਰਕਾਰ ਕੋਲ ਆਪਣੀ ਆਰਥਿਕ ਨੀਤੀ ਨੂੰ ਬਦਲਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਰਿਹਾ।

4. ਸਰਕਾਰ ਨੂੰ ਵੱਡੀ ਮਾਤਰਾ ਵਿੱਚ ਵਸਤੂਆਂ ਦਾ ਆਯਾਤ ਕਰਨਾ ਪਿਆ, ਨਤੀਜੇ ਵਜੋਂ ਆਯਾਤ ਕੀਤੀਆਂ ਜਾਣ ਵਾਲੀਆਂ ਵਸਤੂਆਂ ਦੇ ਬਿੱਲ ਵੱਧਦੇ ਗਏ ਅਤੇ ਸੰਕਟ ਇੰਨਾਂ ਗੰਭੀਰ ਸੀ ਉਸ ਸਮੇਂ ਦੀ ਸਰਕਾਰ ਨੂੰ ਵਿਦੇਸ਼ੀ ਕਰਜ਼ ਅਤੇ ਇਸਦੇ ਉੱਪਰਲੇ ਵਿਆਜ਼ ਦੀ ਰਕਮ ਨੂੰ ਚੁਕਾਉਣ ਲਈ ਵਿਦੇਸ਼ਾਂ ਵਿੱਚ ਸੋਨੇ ਗਹਿਣੇ ਰੱਖਣਾ ਪਿਆ। ਇਸ ਲਈ ਸਰਕਾਰ ਨੂੰ ਆਪਣੀ ਆਰਥਿਕ ਨੀਤੀ ਨੂੰ ਬਦਲਣ ਲਈ ਮਜ਼ਬੂਰ ਹੋਣਾ ਪਿਆ।

5. ਸਰਕਾਰੀ ਖੇਤਰ ਦੀਆਂ ਇਕਾਈਆਂ ਦੇ ਤਰਸਯੋਗ/ ਮਾੜੇ ਯੋਗਦਾਨ ਦੇ ਨਿੱਜੀਕਰਨ ਦੀ ਨੀਤੀ ਨੂੰ ਅਪਨਾਉਣ ਲਈ ਸਰਕਾਰ ਨੂੰ ਬੇਬੱਸ ਕਰ ਦਿੱਤਾ।

6.ਈਰਾਨ ਅਤੇ ਇਰਾਕ ਵਿਚਕਾਰ 1990-91 ਦੇ ਖਾੜੀ ਦੇ ਯੁੱਧ ਕਾਰਨ ਪੈਟਰੋਲ ਦੀਆਂ ਕੀਮਤਾਂ ਵਿੱਚ ਭਾਰੀ ਵਾਧਾ ਹੋਇਆ। ਜਿਸ ਨਾਲ ਭਾਰਤ ਦਾ ਭੁਗਤਾਨ ਸੰਤੁਲਨ ਹੋਰ ਵੀ ਨਿਰਾਸ਼ਾਜਨਕ ਹੋ ਗਿਆ।

**23.ਵਿਸ਼ਵੀਕਰਨ ਦਾ ਪ੍ਰਭਾਵ ਸਭ 'ਤੇ ਇਕਸਾਰ ਨਹੀਂ ਪਿਆ? ਵਿਆਖਿਆ ਕਰੋ।**

ਉੱਤਰ:- ਵਿਸ਼ਵੀਕਰਨ ਤੇ ਹਮੇਸ਼ਾਂ ਇਹ ਦੋਸ਼ ਲੱਗਦਾ ਰਿਹਾ ਹੈ ਕਿ ਇਹ ਨੀਤੀ ਵਿਕਸਿਤ ਦੇਸ਼ਾਂ ਲਈ ਹੀ ਲਾਹੇਵੰਦ ਰਹੀ ਹੈ। ਵਿਕਾਸਸ਼ੀਲ ਅਤੇ ਵਿਕਸਿਤ ਦੇਸ਼ ਇਸ ਤੋਂ ਕੋਈ ਵੀ ਲਾਭ ਨਹੀਂ ਉਠਾ ਸਕੇ। ਬਹੁਤ ਸਾਰੇ ਸਬੂਤ ਇਹ ਚਾਨਣਾ ਪਾਉਂਦੇ ਹਨ ਕਿ ਹਰ ਇੱਕ ਦੇਸ਼ ਨੂੰ ਇਸ ਤੋਂ ਬਰਾਬਰ ਲਾਭ ਪ੍ਰਾਪਤ ਨਹੀਂ ਹੋਏ ਹਨ। ਸਿਰਫ਼ ਉਹ ਦੇਸ਼ ਜਿਹਨਾਂ ਕੋਲ ਮੁਕਾਬਲਤਨ ਜ਼ਿਆਦਾ ਮੁਹਾਰਤ ਅਤੇ ਪੈਸਾ ਸੀ, ਉਹਨਾਂ ਨੇ ਹੀ ਵਿਸ਼ਵੀਕਰਨ ਦੀ ਪ੍ਰਕਿਰਿਆ ਤੋਂ ਨਵੇਂ ਮੌਕੇ ਪ੍ਰਾਪਤ ਕੀਤੇ ਅਤੇ ਉਹਨਾਂ ਦਾ ਪੂਰਨ ਪ੍ਰਯੋਗ ਕੀਤਾ, ਪਰ ਹੋਰ ਬਹੁਤ ਸਾਰੇ ਦੇਸ਼ਾਂ ਨੂੰ ਵਿਸ਼ਵੀਕਰਨ ਦੇ ਅਜਿਹੇ ਲਾਭ ਪ੍ਰਾਪਤ ਨਹੀਂ ਹੋਏ। ਜੇਕਰ ਭਾਰਤ ਦੀ ਗੱਲ ਕਰੀਏ ਤਾਂ ਵਿਸ਼ਵੀਕਰਨ ਨੇ ਪਿਛਲੇ 20 ਜਾਂ ਇਸ ਤੋਂ ਵੱਧ ਸਾਲਾਂ ਦੌਰਾਨ ਉਪਭੋਗਤਾਵਾਂ ਅਤੇ ਉਤਪਾਦਕਾਂ ਉੱਪਰ ਮਹੱਤਵਪੂਰਨ ਪ੍ਰਭਾਵ ਪਾਇਆ ਹੈ। ਆਰਥਿਕ ਤੌਰ 'ਤੇ ਚੰਗੇ ਉਪਭੋਗਤਾਵਾਂ ਨੂੰ ਵਿਸ਼ਵੀਕਰਨ ਦਾ ਫਾਇਦਾ ਹੋਇਆ ਤੇ ਉਨ੍ਹਾਂ ਕੋਲੋਂ ਵਸਤੂਆਂ ਦੀ ਵਧੇਰੇ ਚੋਣ ਹੋ ਗਈ ਪਰੰਤੂ ਕਮਜ਼ੋਰ ਵਰਗ ਇਸ ਦਾ ਫਾਇਦਾ ਨਾ ਚੁੱਕ ਸਕੇ। ਵਿਸ਼ਵੀਕਰਨ ਦੇ ਆਗਮਨ ਨੇ ਭਾਰਤੀ ਉਤਪਾਦਕਾਂ ਵਿਚਕਾਰ ਮੁਕਾਬਲਾ ਵਧਾ ਦਿੱਤਾ। ਭਾਰਤ ਦੀਆ ਸਿਖਰ ਦੀਆਂ ਕੰਪਨੀਆਂ ਨੇ ਵਿਦੇਸ਼ੀ ਕੰਪਨੀਆਂ ਨਾਲ ਤਿੱਖਾ ਮੁਕਾਬਲਾ ਹੋਣ ਕਰਕੇ, ਬਜ਼ਾਰ ਵਿੱਚੋਂ ਬਾਹਰ ਹੋ ਜਾਣ ਦੇ ਡਰੋਂ ਮਜ਼ਬੂਰੀ ਵੱਸ ਆਪਣੀ ਤਕਨੀਕ ਅਤੇ ਵਸਤੂਆਂ ਦੀ ਗੁਣਵੱਤਾ ਵਿੱਚ ਸੁਧਾਰ ਲਿਆਦਾਂ।

**24.ਭਾਰਤ ਨੂੰ ਵਿਸ਼ਵੀਕਰਨ ਵੱਲ ਲੈ ਕੇ ਜਾਣ ਵਾਲੇ ਕਾਰਕਾਂ ਦੀ ਸੰਖੇਪ ਵਿੱਚ ਵਿਆਖਿਆ ਕਰੋ?**

ਉੱਤਰ:- ਭਾਰਤ ਨੂੰ ਵਿਸ਼ਵੀਕਰਨ ਵੱਲ ਲੈ ਕੇ ਜਾਣ ਵਾਲੇ ਕੁੱਝ ਮਹੱਤਵਪੂਰਨ ਕਾਰਕਾਂ ਦਾ ਵਰਣਨ ਇਸ ਪ੍ਰਕਾਰ ਹੈ:-

**1.ਤਕਨੀਕ**:- ਹਰ ਖੇਤਰ ਵਿੱਚ ਤਕਨੀਕ ਵਿੱਚ ਤੇਜ਼ੀ ਨਾਲ ਹੋਏ ਸੁਧਾਰਾਂ ਨੂੰ ਵਿਸ਼ਵੀਕਰਨ ਦੀ ਪ੍ਰਕਿਰਿਆ ਨੂੰ ਸ਼ੁਰੂ ਕਰਨ ਦੀ ਸ਼ਕਤੀ ਮੰਨਿਆ ਜਾਂਦਾ ਹੈ। ਅੱਜ ਤਕਨੀਕ ਨੇ ਵੱਖ-ਵੱਖ ਦੇਸ਼ਾਂ ਨੂੰ ਬਹੁਤ ਸੌਖੀ ਤਰ੍ਹਾਂ ਇਕ-ਦੂਜੇ ਨਾਲ ਸੰਪਰਕ ਵਿੱਚ ਰਹਿਣ ਦੇ ਯੋਗ ਬਣਾਇਆ ਹੈ। ਦੂਰ ਸੰਚਾਰ, ਟੈਲੀਫੋਨ, ਕੰਪਿਊਟਰ, ਇੰਟਰਨੈੱਟ, ਮੋਬਾਈਲ ਫੋਨ, ਫੈਕਸ ਆਦਿ ਦੇ ਖੇਤਰ ਵਿੱਚ ਤਕਨੀਕੀ ਵਿਕਾਸ ਨੇ ਵੀ ਸੰਸਾਰ ਪੱਧਰ 'ਤੇ ਸੰਪਰਕ ਕਰਨ ਵਿੱਚ ਸਹਾਇਤਾ ਕੀਤੀ ਹੈ।

2.**ਵਿਦੇਸ਼ੀ ਵਪਾਰ ਅਤੇ ਵਿਦੇਸ਼ੀ ਨੀਤੀ:-** ਭਾਰਤ ਨੇ ਆਜ਼ਾਦੀ ਤੋਂ ਬਾਅਦ, ਆਪਣੇ ਵਿਦੇਸ਼ੀ ਵਪਾਰ ਅਤੇ ਵਿਦੇਸ਼ ਨੀਤੀ ਨੂੰ ਸਿਰਫ਼ ਜ਼ਰੂਰੀ ਵਸਤਾਂ ਦੇ ਆਯਾਤ ਦੀ ਹੀ ਪ੍ਰਵਾਨਗੀ ਦਿੱਤੀ ਸੀ। ਭਾਰਤ ਨੇ ਨਵੀ ਆਰਥਿਕ ਨੀਤੀ ਨੂੰ 1991 ਵਿੱਚ ਅਪਣਾ ਕੇ ਵਿਦੇਸ਼ੀ ਵਪਾਰ ਤੇ ਲੱਗੀਆਂ ਸਾਰੀਆਂ ਰੋਕਾਂ ਨੂੰ ਹਟਾ ਦਿੱਤਾ, ਜਿਸ ਨਾਲ ਭਾਰਤੀ ਅਰਥ-ਵਿਵਸਥਾ ਸੰਸਾਰ ਦੀ ਅਰਥ ਵਿਵਸਥਾ ਨਾਲ ਜੁੜ ਗਈ।

3.**ਵਿਸ਼ਵ ਵਪਾਰ ਸੰਗਠਨ:-** ਵਿਸ਼ਵ ਵਪਾਰ ਸੰਗਠਨ ਇੱਕ ਅੰਤਰ-ਰਾਸ਼ਟਰੀ ਸੰਗਠਨ ਹੈ ਜਿਸ ਦਾ ਉਦੇਸ਼ ਅੰਤਰਰਾਸ਼ਟਰੀ ਪੱਧਰ 'ਤੇ ਗੈਰ ਕਰ ਪ੍ਰਤਿਬੰਧਾਂ ਨੂੰ ਘਟਾ ਕੇ ਵਸਤੂਆਂ ਅਤੇ ਸੇਵਾਵਾਂ ਦੇ ਮੁਕਤ ਵਪਾਰ ਨੂੰ ਉਤਸ਼ਾਹਿਤ ਕਰਨਾ ਹੈ। ਭਾਰਤ ਇਸ ਸੰਗਠਨ ਦਾ 1995 ਤੋਂ ਮੈਂਬਰ ਹੈ।

**25. ਕੋਪਰਾ ਤੋਂ ਕੀ ਭਾਵ ਹੈ? ਵਿਆਖਿਆ ਕਰੋ।**

ਉੱਤਰ:- ਉਪਭੋਗਤਾਵਾਂ ਨੂੰ ਉਤਪਾਦਕਾਂ ਅਤੇ ਵਿਕਰੇਤਾਵਾਂ ਦੇ ਸ਼ੋਸ਼ਣ ਤੋਂ ਬਚਾਉਣ ਲਈ ਭਾਰਤੀ ਸੰਸਦ ਨੇ 24 ਦਸੰਬਰ, 1986 ਨੂੰ ਉਪਭੋਗਤਾ ਸਰੰਖਣ ਐਕਟ ਲਾਗੂ ਕੀਤਾ। ਇਸ ਨੂੰ ਭਾਰਤ ਵਿੱਚ ਉਪਭੋਗਤਾ ਸਰੰਖਣ ਲਈ ਮੈਗਨਾ ਕਾਰਟਾ ਕਿਹਾ ਜਾਂਦਾ ਹੈ ਕਿਉਂਕਿ ਇਹ ਪੂਰੇ ਭਾਰਤ ਵਿੱਚ ਉਪਭੋਗਤਾਵਾਂ ਨੂੰ ਅਦਾਲਤਾਂ ਅਤੇ ਮੰਚ ਪ੍ਰਦਾਨ ਕਰਦਾ ਹੈ। ਇਹ ਨਿੱਜੀ, ਜਨਤਕ ਅਤੇ ਸਹਿਕਾਰੀ ਸਾਰੇ ਖੇਤਰਾਂ ਨਾਲ ਸੰਬੰਧ ਰੱਖਦਾ ਹੈ। ਇਹ ਉਪਭੋਗਤਾ ਨੂੰ ਛੇ ਅਧਿਕਾਰ ਅਤੇ ਛੇ ਜ਼ਿੰਮੇਵਾਰੀਆਂ ਪ੍ਰਦਾਨ ਕਰਦਾ ਹੈ। ਇਹ ਉਪਭੋਗਤਾ ਦੀ ਸ਼ਿਕਾਇਤ ਦੀ ਜਾਂਚ ਕਰਨ ਲਈ ਇੱਕ ਉਪਭੋਗਤਾ ਸੁਰੱਖਿਆ ਅਥਾਰਟੀ ਸਥਾਪਿਤ ਕਰਦਾ ਹੈ। ਕੋਪਰਾ ਨੇ ਜ਼ਿਲ੍ਹਾ, ਰਾਜ ਅਤੇ ਰਾਸ਼ਟਰੀ ਪੱਧਰ 'ਤੇ ਤਿੰਨ- ਪੱਧਰੀ ਅਰਧ ਨਿਆਂਇਕ ਉਪਭੋਗਤਾ ਅਦਾਲਤਾਂ ਦੀ ਸਥਾਪਨਾ ਕੀਤੀ।

**26. ਕੀ ਸਾਰੇ ਇਸ਼ਤਿਹਾਰ ਭਰੋਸੇਯੋਗ ਹੁੰਦੇ ਹਨ? ਉਦਾਹਰਣਾਂ ਸਹਿਤ ਵਿਆਖਿਆ ਕਰੋ।**

ਉੱਤਰ:- ਨਹੀਂ, ਸਾਰੇ ਇਸ਼ਤਿਹਾਰ ਭਰੋਸੇਯੋਗ ਨਹੀਂ ਹੁੰਦੇ ਹਨ ਕਿਉਂਕਿ ਕਈ ਕੰਪਨੀਆਂ ਅਜਿਹੀਆਂ ਹੋ ਸਕਦੀਆਂ ਹਨ ਜੋ ਗਾਹਕਾਂ ਨਾਲ ਧੋਖੇਬਾਜ਼ੀ ਕਰਦੀਆਂ ਹਨ। ਕਈ ਕੰਪਨੀਆਂ ਇਸ਼ਤਿਹਾਰ ਦਿੰਦੀਆਂ ਹਨ ਕਿ ਉਨ੍ਹਾਂ ਦਾ ਉਤਪਾਦ ਬੱਚਿਆਂ ਦੇ ਖਾਣ ਲਈ ਸਿਹਤਮੰਦ ਹੈ, ਅਸਲ ਵਿੱਚ ਉਹ ਬੱਚਿਆਂ ਲਈ ਸਿਹਤਮੰਦ ਨਹੀਂ ਹੁੰਦਾ। ਕਈ ਵਾਰ ਇੱਕ ਮੋਬਾਇਲ ਨੈੱਟਵਰਕ ਕੰਪਨੀ ਸਭ ਤੋਂ ਤੇਜ਼ ਨੈੱਟਵਰਕ ਦੀ ਮਸ਼ਹੂਰੀ ਕਰਦੀ ਹੈ, ਪਰ ਵਰਤਣ ਵਿੱਚ ਅਜਿਹਾ ਨਹੀਂ ਹੁੰਦਾ। ਅਜਿਹੀਆਂ ਧਾਰਨਾਂਵਾਂ ਗਲਤ ਇਸ਼ਤਿਹਾਰਬਾਜ਼ੀ ਦੀ ਸ਼੍ਰੇਣੀ ਵਿੱਚ ਆਉਂਦੀਆਂ ਹਨ ਅਤੇ ਜਿੱਥੇ ਉਪਭੋਗਤਾ ਨੂੰ ਗੁੰਮਰਾਹ ਕੀਤਾ ਜਾਂਦਾ ਹੈ। ਕਿਸੇ ਚੀਜ਼ ਦੀ ਭਰੋਸੇਯੋਗਤਾ ਉਸ ਦੀ ਵਰਤੋਂ ਤੋਂ ਬਾਅਦ ਹੀ ਪਤਾ ਲੱਗਦੀ ਹੈ।

**27. ਉਤਪਾਦ ਦੇ ਉੱਪਰ, ਤੁਸੀਂ ਉਤਪਾਦ ਸੰਬੰਧੀ ਕਿਸ ਕਿਸਮ ਦੀ ਸੂਚਨਾ ਦੇਖਣਾ ਚਾਹੁੰਦੇ ਹੋ?**

ਉੱਤਰ:- ਉਤਪਾਦ ਦੇ ਉੱਪਰ ਅਸੀਂ ਹੇਠ ਲਿਖੀਆਂ ਕੁੱਝ ਸੂਚਨਾਵਾਂ ਦੇਖਣਾ ਚਾਹੁੰਦੇ ਹਾਂ -

1. ਉਪਭੋਗਤਾ ਦੁਆਰਾ ਉਸ ਚੀਜ਼ ਦੀ ਗੁਣਵੱਤਾ ਨੂੰ ਜਾਣਨਾ।
2. ਉਤਪਾਦ ਦੀ ਉਤਪਾਦਨ ਤਰੀਕ ਅਤੇ ਮਿਆਦ ਪੁੱਗਣ ਦੀ ਤਰੀਕ।
3. ਉਤਪਾਦ ਦੀ ਭਰੋਸੇਯੋਗਤਾ।
4. ਹੰਢਣਸਾਰਤਾ ਸੰਬੰਧੀ ਜਾਣਕਾਰੀ।
5. ਉਤਪਾਦ ਦਾ ਬੈਚ ਨੰ: ਅਤੇ ਕੀਮਤ ਆਦਿ ਬਾਰੇ।
6. ਉਤਪਾਦਨ ਸਥਾਨ ਦਾ ਪੂਰਾ ਪਤਾ।

**28. ਭਾਰਤ ਵਿੱਚ ਉਪਭੋਗਤਾ ਅਦਾਲਤਾਂ ਦੇ ਤਿੰਨ ਪੱਧਰੀ ਪ੍ਰਬੰਧ ਦੀ ਵਿਆਖਿਆ ਕਰੋ?**

ਉੱਤਰ -ਉਪਭੋਗਤਾ ਸਰੰਖਣ ਕਾਨੂੰਨ ਅਧੀਨ ਤਿੰਨ ਪੱਧਰੀ ਅਰਧ-ਨਿਆਂਇਕ ਅਦਾਲਤਾਂ ਦੀ ਸਥਾਪਨਾ ਕੀਤੀ ਹੈ, ਜੋ ਕਿ ਹੇਠ ਲਿਖੇ ਅਨੁਸਾਰ ਹੈ:-

1. ਜ਼ਿਲ੍ਹਾ ਪੱਧਰੀ -ਇਹਨਾਂ ਅਦਾਲਤਾਂ ਵਿੱਚ 20 ਲੱਖ ਰੁਪਏ ਤੱਕ ਦੇ ਕੇਸਾਂ ਨੂੰ ਨਿਪਟਾਇਆ ਜਾਂਦਾ ਹੈ।
2. ਰਾਜ ਪੱਧਰੀ - ਇਹਨਾਂ ਅਦਾਲਤਾਂ ਵਿੱਚ 20 ਲੱਖ ਰੁਪਏ ਤੋਂ ਇੱਕ ਕਰੋੜ ਤੱਕ ਦੇ ਕੇਸਾਂ ਨੂੰ ਨਿਪਟਾਇਆ ਜਾਂਦਾ ਹੈ।
3. ਰਾਸ਼ਟਰੀ ਪੱਧਰੀ -ਇਹਨਾਂ ਅਦਾਲਤਾਂ ਵਿੱਚ 1 ਕਰੋੜ ਤੋਂ ਵੱਧ ਰੁਪਏ ਦੇ ਦਾਅਵਿਆਂ ਨੂੰ ਨਜਿੱਠਿਆ ਜਾਂਦਾ ਹੈ।

**29.ਵੱਖ-ਵੱਖ ਉਤਪਾਦਾਂ ਦੇ ਮਾਨਕੀਕਰਣ ਲਈ ਮਹੱਤਵਪੂਰਨ ਲੋਗੋ ਕਿਹੜੇ-ਕਿਹੜੇ ਹਨ?**

ਉੱਤਰ -ਸਰਕਾਰ ਦੁਆਰਾ ਨਿਰਧਾਰਿਤ ਕੁਆਲਿਟੀ ਦੇ ਮਿਆਰਾਂ ਨੂੰ ਪੂਰਾ ਕਰਨ ਲਈ, ਕਈ ਸਰਕਾਰੀ ਸੰਸਥਾਵਾਂ ਇਸ ਦੀ ਜਾਂਚ ਕਰਦੀਆਂ ਹਨ ਅਤੇ ਪ੍ਰਮਾਣੀਕਰਨ ਚਿੰਨ੍ਹ ਜਾਰੀ ਕਰਦੀਆਂ ਹਨ। ਅਜਿਹੇ ਲੋਗੋ ਜਾਂ ਨਿਸ਼ਾਨ ਚਿੰਨ੍ਹ ਉਪਭੋਗਤਾ ਨੂੰ ਗੁਣਵੱਤਾ ਦੇ ਭਰੋਸੇ ਨਾਲ ਉਤਪਾਦ ਖਰੀਦਣ ਵਿੱਚ ਸਹਾਇਤਾ ਕਰਦੇ ਹਨ। ਮਹੱਤਵਪੂਰਨ ਚਿੰਨ੍ਹ ਇਸ ਪ੍ਰਕਾਰ ਹਨ:

| ਲੜੀ ਨੰ: | ਉਤਪਾਦ ਦਾ ਨਾਂ | ਮਾਨਕੀਕਰਣ ਚਿੰਨ੍ਹ |
|---|---|---|
| 1. | ਉਦਯੋਗਿਕ ਉਤਪਾਦਾਂ ਲਈ ਆਈ.ਐੱਸ.ਆਈ (ISI) | |
| 2. | ਖੇਤੀਬਾੜੀ ਉਤਪਾਦਾਂ ਲਈ (ਐਗਮਾਰਕ) | |
| 3. | ਸੋਨੇ ਦੇ ਗਹਿਣਿਆਂ ਲਈ (ਹਾਲਮਾਰਕ) | |

**30. ਉਪਭੋਗਤਾਵਾਂ ਦੇ ਅਧਿਕਾਰਾਂ ‘ਤੇ ਇਕ ਨੋਟ ਲਿਖੋ?**

ਉੱਤਰ:- ਉਪਭੋਗਤਾਵਾਂ ਨੂੰ ਸ਼ੋਸ਼ਣ ਤੋਂ ਬਚਾਉਣ ਲਈ, ਉਪਭੋਗਤਾ ਸਰੰਖਣ ਐਕਟ ਅਧੀਨ ਛੇ ਮੁੱਖ ਅਧਿਕਾਰਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਜਿਨ੍ਹਾਂ ਦਾ ਵਰਣਨ ਇਸ ਪ੍ਰਕਾਰ ਹੈ:-

**1. ਸੁਰੱਖਿਆ ਦਾ ਅਧਿਕਾਰ** - ਇਹ ਅਧਿਕਾਰ ਇਹ ਸੁਨਿਸ਼ਚਿਤ ਕਰਦਾ ਹੈ ਕਿ ਉਪਭੋਗਤਾ ਨੂੰ ਅਜਿਹੀਆਂ ਵਸਤੂਆਂ ਦੀ ਵਿਕਰੀ ਅਤੇ ਸੇਵਾਵਾਂ ਮੁਹੱਈਆ ਕਰਨ ਤੋਂ ਬਚਾਇਆ ਜਾਵੇ, ਜੋ ਉਹਨਾਂ ਦੀ ਜ਼ਿੰਦਗੀ ਅਤੇ ਜਾਇਦਾਦ ਲਈ ਅਸੁਰੱਖਿਅਤ ਹਨ।

**2. ਚੋਣ ਕਰਨ ਦਾ ਅਧਿਕਾਰ** - ਉਪਭੋਗਤਾ ਨੂੰ ਚੋਣ ਕਰਨ ਦਾ ਅਧਿਕਾਰ ਪ੍ਰਾਪਤ ਹੈ ਕਿ ਉਹ ਵਿਕਰੇਤਾ ਦੁਆਰਾ ਪੇਸ਼ ਕੀਤੀਆਂ ਚੀਜ਼ਾਂ ਖਰੀਦਣ ਜਾਂ ਨਾ ਖਰੀਦਣ।

**3. ਸੂਚਨਾ ਦਾ ਅਧਿਕਾਰ** - ਆਰ. ਟੀ. ਆਈ ਐਕਟ ਦੇ ਅਧੀਨ ਸਾਰੇ ਨਾਗਰਿਕਾਂ ਨੂੰ ਵੱਖ-ਵੱਖ ਸਰਕਾਰੀ ਮਹਿਕਮਿਆਂ ਦੇ ਕੰਮ-ਕਾਰਾਂ ਬਾਰੇ ਜਾਣਨ ਦਾ ਅਧਿਕਾਰ ਹੈ।

**4. ਉਪਭੋਗਤਾ ਦੀ ਸਿੱਖਿਆ ਦਾ ਅਧਿਕਾਰ** - ਉਪਭੋਗਤਾ ਦੀ ਸਿੱਖਿਆ ਦਾ ਅਧਿਕਾਰ ਅਨੁਸਾਰ ਉਪਭੋਗਤਾ ਨੂੰ ਲੋੜੀਂਦਾ ਗਿਆਨ ਅਤੇ ਹੁਨਰ ਹਾਸਿਲ ਕਰਨ ਦੇ ਯੋਗ ਹੋਣਾ ਚਾਹੀਦਾ ਹੈ ਤਾਂ ਜੋ ਉਹ ਬਾਕੀ ਅਧਿਕਾਰਾਂ ਦੀ ਸਹੀ ਵਰਤੋਂ ਕਰ ਸਕੇ।

**5. ਸੁਣੇ ਜਾਣ ਦਾ ਅਧਿਕਾਰ -** ਇੱਕ ਅਜਿਹਾ ਅਧਿਕਾਰ ਹੈ ਜਿਸ ਵਿੱਚੋਂ ਉਪਭੋਗਤਾ ਨੂੰ ਵਸਤੂਆਂ ਅਤੇ ਸੇਵਾਵਾਂ ਦੀ ਗੁਣਵੱਤਾ ਅਤੇ ਕੀਮਤ ਬਾਰੇ ਰਾਇ ਮਿਲਦੀ ਹੈ।

**6. ਨਿਪਟਾਰੇ ਦਾ ਅਧਿਕਾਰ:-** ਜੇਕਰ ਉਪਭੋਗਤਾ ਨੂੰ ਖਰਾਬ ਹੋਇਆ ਉਤਪਾਦ ਮਿਲਦਾ ਹੈ ਤਾਂ ਉਹ ਉਸ ਦੀ ਮੁਰੰਮਤ ਮੁਫ਼ਤ ਕਰਵਾ ਸਕਦਾ ਹੈ, ਉਸ ਨੂੰ ਬਦਲ ਸਕਦਾ ਹੈ ਜਾਂ ਪੂਰੀ ਕੀਮਤ ‘ਤੇ ਵਾਪਸ ਕੀਤਾ ਜਾ ਸਕਦਾ ਹੈ ਜਾਂ ਮੁਆਵਜ਼ਾ ਪ੍ਰਾਪਤ ਕੀਤਾ ਜਾ ਸਕਦਾ ਹੈ।

**31.ਉਪਭੋਗਤਾਵਾਂ ਦੇ ਕਰਤੱਵਾਂ ‘ਤੇ ਇੱਕ ਨੋਟ ਲਿਖੋ?**

ਉੱਤਰ: ਜਿੱਥੇ ਉਪਭੋਗਤਾ ਨੂੰ ਅਧਿਕਾਰ ਦਿੱਤੇ ਗਏ ਹਨ, ਉੱਥੇ ਉਪਭੋਗਤਾ ਦੀਆਂ ਕਈ ਜ਼ਿੰਮੇਵਾਰੀਆਂ ਵੀ ਬਣਦੀਆਂ ਹਨ ਜੋ ਇਸ ਪ੍ਰਕਾਰ ਹਨ:-

1. ਆਪਣੇ-ਆਪ ਨੂੰ ਪੁੱਛੋ।
2. ਆਲੋਚਨਾਤਮਕ ਤੌਰ ‘ਤੇ ਸੁਚੇਤ ਰਹੋ।
3. ਸ਼ਾਮਿਲ ਰਹੋ।
4. ਸੰਗਠਿਤ ਰਹੋ।
5. ਟਿਕਾਊ ਖਪਤ ਦਾ ਅਭਿਆਸ ਕਰੋ।
6. ਵਾਤਾਵਰਨ ਪ੍ਰਤੀ ਜ਼ਿੰਮੇਵਾਰ ਬਣੋ।

**32. ਬੀਮੇ ਦੇ ਲਾਭ ਦਾ ਵਰਣਨ ਆਪਣੇ ਸ਼ਬਦਾਂ ਵਿੱਚ ਕਰੋ।**

ਉੱਤਰ:- ਬੀਮਾ ਕਰਵਾਉਣ ਦੇ ਬਹੁਤ ਲਾਭ ਹੁੰਦੇ ਹਨ ਜਿਨ੍ਹਾਂ ਦਾ ਵਰਨਣ ਇਸ ਪ੍ਰਕਾਰ ਹੈ:-

**1.ਵਿਅਕਤੀ ਨੂੰ ਲਾਭ**:- ਬੀਮੇ ਦਾ ਮੁੱਖ ਲਾਭ ਇਹ ਹੈ ਕਿ ਇਹ ਸਾਡੀ ਜ਼ਿੰਦਗੀ ਵਿੱਚ ਆਉਣ ਵਾਲੀਆਂ ਅਨਿਸ਼ਚਿਤਤਾਵਾਂ ਨੂੰ ਘੱਟ ਕਰਦਾ ਹੈ। ਮਨੁੱਖੀ ਜੀਵਨ ਦਾ ਕੋਈ ਵੀ ਭਰੋਸਾ ਨਹੀਂ ਹੈ ਭਾਵ ਕਿ ਕਿਸੇ ਬਿਮਾਰੀ, ਹਾਦਸੇ ਜਾਂ ਕਿਸੇ ਹੋਰ ਕਾਰਨ ਕਰਕੇ ਸਾਡੀ ਮੌਤ ਹੋ ਜਾਂਦੀ ਹੈ ਤਾਂ ਬੀਮਾ ਸਾਡੀਆਂ ਅਣਸੁਖਾਵੀਆਂ ਹਲਾਤਾਂ ਵਿੱਚ ਮਦਦ ਕਰਦਾ ਹੈ ਅਤੇ ਸਾਨੂੰ ਵਿੱਤੀ ਸੁਰੱਖਿਆ ਪ੍ਰਦਾਨ ਕਰਵਾਉਂਦਾ ਹੈ।

**2.ਸਮਾਜ ਨੂੰ ਲਾਭ**:-ਜਦੋਂ ਸਾਨੂੰ ਅਣਸੁਖਾਵੀਆਂ ਹਲਾਤਾਂ ਵਿੱਚ ਬੀਮੇ ਤੋਂ ਮਦਦ ਪ੍ਰਾਪਤ ਹੋ ਜਾਂਦੀ ਹੈ, ਤਾਂ ਇਸ ਨਾਲ ਵਿਅਕਤੀ ਦੀ ਆਮਦਨ ਵਿੱਚ ਕਮੀ ਨਹੀਂ ਆਉਂਦੀ। ਜਿਸ ਨਾਲ ਉਸ ਦੀ ਉਤਪਾਦਕਤਾ ਅਤੇ ਜੀਵਨ ਪੱਧਰ ਵਿੱਚ ਵਾਧਾ ਹੁੰਦਾ ਹੈ ਅਤੇ ਉਹ ਸਮਾਜ ਦੇ ਵਿਕਾਸ ਲਈ ਬਿਹਤਰ ਤਰੀਕੇ ਨਾਲ ਕੰਮ ਕਰ ਸਕਦਾ ਹੈ।

**3.ਅਰਥਵਿਵਸਥਾ ਨੂੰ ਲਾਭ**:- ਸਰਕਾਰ ਨੂੰ ਦੇਸ਼ ਦਾ ਆਰਥਿਕ ਵਿਕਾਸ ਕਰਨ ਲਈ ਧਨ ਦੀ ਲੋੜ ਹੁੰਦੀ ਹੈ ਅਤੇ ਸਰਕਾਰ ਇਹਨਾਂ ਕੰਪਨੀਆਂ ਤੋਂ ਇਹ ਧਨ ਲੈ ਕੇ ਦੇਸ਼ ਦੇ ਵਿਕਾਸ ਦੇ ਕੰਮਾਂ ਜਿਵੇਂ ਕਿ ਸੜਕ ਨਿਰਮਾਣ, ਪੁੱਲ ਨਿਰਮਾਣ, ਸਕੂਲਾਂ ਅਤੇ ਕਾਲਜਾਂ ਦਾ ਨਿਰਮਾਣ, ਸਿਹਤ ਸੁਵਿਧਾਵਾਂ ਪ੍ਰਦਾਨ ਕਰਨ ਆਦਿ ਵਿੱਚ ਲਗਾਉਂਦੀ ਹੈ ਅਤੇ ਇਸ ਧਨ ਦਾ ਨਿਵੇਸ਼ ਕਰਕੇ ਦੇਸ਼ ਦਾ ਤੇਜ਼ੀ ਨਾਲ ਵਿਕਾਸ ਕਰਦੀ ਹੈ।

33.**ਭਾਰਤ ਵਿੱਚ ਸਟਾਕ ਐਕਸਚੇਂਜ ਬਜ਼ਾਰ ਦੀਆਂ ਦੋ ਮੁੱਖ ਕਿਸਮਾਂ ਦੀ ਵਿਆਖਿਆ ਕਰੋ?**

ਉੱਤਰ:-ਭਾਰਤ ਵਿਚ ਮੁੱਖ ਤੌਰ ਤੇ ਦੋ ਸਟਾਕ ਐਕਸਚੇਂਜ ਬਜ਼ਾਰ ਸਭ ਤੋਂ ਵੱਧ ਮਹੱਤਵਪੂਰਨ ਹਨ। ਇਹਨਾਂ ਦਾ ਵਰਣਨ ਇਸ ਪ੍ਰਕਾਰ ਹੈ:-

**1.ਬੰਬੇ ਸਟਾਕ ਐਕਸਚੇਂਜ ਬਜ਼ਾਰ**:- ਇਸ ਦੀ ਸਥਾਪਨਾ ਸਾਲ 1875 ਵਿੱਚ ਮੁੰਬਈ ਵਿੱਚ ਦਲਾਲ ਸਟ੍ਰੀਟ ਵਿਖੇ ਕੀਤੀ ਗਈ ਸੀ। ਇਹ ਦੁਨੀਆਂ ਦੀਆਂ ਸਭ ਤੋਂ ਪ੍ਰਾਚੀਨ ਸਟਾਕ ਐਕਸਚੇਂਜ ਵਿੱਚੋਂ ਇੱਕ ਹੈ ਅਤੇ ਵਰਤਮਾਨ ਵਿੱਚ ਦੁਨੀਆ ਦੀ 10ਵੀਂ ਸਭ ਤੋਂ ਵੱਡੀ ਸਟਾਕ ਐਕਸਚੇਂਜ ਹੈ। ਇਸ ਦੇ ਪ੍ਰਦਰਸ਼ਨ ਨੂੰ SENSEX ਦੁਆਰਾ ਮਾਪਿਆ ਜਾਂਦਾ ਹੈ।

**2.ਰਾਸਟਰੀ ਸਟਾਕ ਐਕਸਚੇਂਜ ਬਜ਼ਾਰ**:- ਇਸ ਦੀ ਸਥਾਪਨਾ 1992 ਵਿੱਚ ਮੁੰਬਈ ਵਿੱਚ ਕੀਤੀ ਗਈ ਸੀ। ਇਸ ਸਮੇਂ ਇਹ ਦੁਨੀਆਂ ਦੀ 12ਵੀਂ ਸਭ ਤੋਂ ਵੱਡੀ ਸਟਾਕ ਐਕਸਚੇਂਜ ਹੈ। ਇਸ ਦੇ ਪ੍ਰਦਰਸ਼ਨ ਨੂੰ NIFTI ਦੁਆਰਾ ਮਾਪਿਆ ਜਾਂਦਾ ਹੈ।

**34.ਸਟਾਕ ਐਕਸਚੇਂਜ ਬਜ਼ਾਰ ਵਿਚ ਨਿਵੇਸ਼ ਕਰਨ ਲਈ ਕਿਹੜੀਆਂ ਗੱਲਾਂ ਨੂੰ ਜਾਨਣਾ ਜ਼ਰੂਰੀ ਹੈ?**

ਉੱਤਰ:- ਸਟਾਕ ਐਕਸਚੇਂਜ ਬਜ਼ਾਰ ਵਿੱਚ ਨਿਵੇਸ਼ ਕਰਨ ਸਮੇਂ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ:-

1.ਸਟਾਕ ਐਕਸਚੇਂਜ ਬਜ਼ਾਰ ਵਿੱਚ ਨਿਵੇਸ਼, ਵੱਖ-ਵੱਖ ਤਰ੍ਹਾਂ ਦੇ ਨਿਵੇਸ਼ਾਂ ਵਿੱਚੋਂ ਇਕ ਤਰ੍ਹਾਂ ਦਾ ਨਿਵੇਸ਼ ਹੈ, ਜਿਸ ਵਿੱਚ ਤੁਸੀਂ ਆਪਣਾ ਧਨ ਲਗਾ ਸਕਦੇ ਹੋ। ਇਸ ਤੋਂ ਇਲਾਵਾ ਅਸੀਂ ਆਪਣੇ ਧਨ ਦਾ ਨਿਵੇਸ਼ ਬੈਂਕ ਜਮ੍ਹਾਂ, ਜ਼ਮੀਨ ਜਾਇਦਾਦ ਖ਼ਰੀਦਣ, ਸੋਨਾ ਖ਼ਰੀਦਣ ਆਦਿ ਵਿੱਚ ਵੀ ਕਰ ਸਕਦੇ ਹਾਂ।

2.ਸਟਾਕ ਐਕਸਚੇਂਜ ਬਜ਼ਾਰ ਵਿੱਚ ਨਿਵੇਸ਼ ਕਰਦੇ ਸਮੇਂ ਇਹ ਯਾਦ ਰੱਖਣ ਦੀ ਲੋੜ ਹੈ ਕਿ ਕਦੇ ਵੀ ਸਾਡੇ ਦੁਆਰਾ ਕੀਤੀ ਗਈ ਸ਼ੇਅਰਾਂ ਦੀ ਖਰੀਦ ਜੋਖ਼ਮ ਤੋਂ ਬਿਨ੍ਹਾਂ ਨਹੀਂ ਹੋਵੇਗੀ। ਬਜ਼ਾਰ ਵਿੱਚ ਜਿੱਥੇ ਸ਼ੇਅਰਾਂ ਦੀਆਂ ਕੀਮਤਾਂ ਉੱਪਰ ਜਾਣ ਦਾ ਲਾਭ ਹੁੰਦਾ ਹੈ ਉੱਥੇ ਸ਼ੇਅਰਾਂ ਦੀਆਂ ਕੀਮਤਾਂ ਘੱਟ ਹੋਣ ਨਾਲ ਨੁਕਸਾਨ ਦਾ ਡਰ ਵੀ ਬਣਿਆ ਰਹਿੰਦਾ ਹੈ।

3.ਸਟਾਕ ਐਕਸਚੇਂਜ ਬਜ਼ਾਰ ਵਿੱਚ ਨਿਵੇਸ਼ ਕਰਨ ਤੋਂ ਪਹਿਲਾਂ ਤੁਹਾਨੂੰ ਇੱਕ ਵਿਚੋਲਾ ਫ਼ਰਮ ਦੁਆਰਾ ਆਪਣਾ ਖਾਤਾ ਖੁਲ੍ਹਵਾਉਣ ਦੀ ਲੋੜ ਹੁੰਦੀ ਹੈ।

4.ਕਦੇ ਵੀ ਕਿਸੇ ਇੱਕ ਕੰਪਨੀ ਦੇ ਸ਼ੇਅਰਾਂ ਵਿੱਚ ਨਿਵੇਸ਼ ਨਹੀਂ ਕਰਨਾ ਚਾਹੀਦਾ ਕਿਉਂਕਿ ਉਹ ਕੰਪਨੀ ਜੇਕਰ ਘਾਟੇ ਵਿੱਚ ਚਲੀ ਜਾਵੇ ਤਾਂ ਸਾਡੇ ਸਾਰੇ ਪੈਸੇ ਡੁੱਬ ਜਾਣਗੇ। ਇਸ ਲਈ ਕਈ ਕੰਪਨੀਆਂ ਦੇ ਸ਼ੇਅਰਾਂ ਵਿੱਚ ਥੋੜ੍ਹਾ-ਥੋੜ੍ਹਾ ਨਿਵੇਸ਼ ਕਰਨਾ ਚਾਹੀਦਾ ਹੈ।

**35.ਸਟਾਕ ਐਕਸਚੇਂਜ ਬਾਜ਼ਾਰ ਦੇ ਮਹੱਤਵ ਦਾ ਵਰਣਨ ਕਰੋ?**

ਉੱਤਰ:- ਵਰਤਮਾਨ ਸਮੇਂ ਵਿੱਚ ਸਟਾਕ ਐਕਸਚੇਂਜ ਬਾਜ਼ਾਰ ਦਾ ਮਹੱਤਵ ਬਹੁਤ ਵੱਧ ਗਿਆ ਹੈ। ਇਸ ਦੇ ਮਹੱਤਵ ਦਾ ਵਰਣਨ ਇਸ ਪ੍ਰਕਾਰ ਹੈ:-

1.ਇਹ ਵੱਖ-ਵੱਖ ਕੰਪਨੀਆਂ ਨੂੰ ਆਪਣੀ ਉਤਪਾਦਨ ਸ਼ਕਤੀ ਦਾ ਵਿਸਤਾਰ ਕਰਨ ਲਈ ਧਨ ਪ੍ਰਾਪਤ ਕਰਨ ਵਿੱਚ ਮਦਦ ਕਰਦਾ ਹੈ। ਬਜ਼ਾਰ ਵਿੱਚ ਕੰਪਨੀਆਂ ਆਪਣੇ ਸ਼ੇਅਰ ਜਾਰੀ ਕਰਦੀਆਂ ਹਨ ਅਤੇ ਵੱਖ-ਵੱਖ ਨਿਵੇਸ਼ਕਰਤਾ, ਜੋ ਇਹਨਾਂ ਕੰਪਨੀਆਂ ਦੇ ਸ਼ੇਅਰਾਂ ਵਿੱਚ ਰੁਚੀ ਰੱਖਦੇ ਹਨ, ਇਹਨਾਂ ਦੀ ਖਰੀਦ ਕਰਦੇ ਹਨ। ਇਸ ਨਾਲ ਕੰਪਨੀ ਨੂੰ ਧਨ ਦੀ ਪ੍ਰਾਪਤੀ ਹੁੰਦੀ ਹੈ ਜਿਸ ਦੀ ਵਰਤੋਂ ਨਵੀਆਂ ਫੈਕਟਰੀਆਂ ਖੋਲ੍ਹਣ ਵਿੱਚ ਕੀਤੀ ਜਾਂਦੀ ਹੈ।

2.ਇਹ ਬਾਜ਼ਾਰ ਇੱਕ ਆਮ ਆਦਮੀ ਨੂੰ ਵੀ, ਜਿਸ ਕੋਲ ਵੱਧ ਮਾਤਰਾ ਵਿੱਚ ਧਨ ਮੌਜੂਦ ਨਹੀਂ ਹੈ, ਆਪਣੇ ਧਨ ਦਾ ਨਿਵੇਸ਼ ਕਰਨ ਦੀ ਸੁਵਿਧਾ ਪ੍ਰਦਾਨ ਕਰਵਾਉਂਦਾ ਹੈ। ਇਸ ਬਜ਼ਾਰ ਵਿੱਚ ਛੋਟੇ ਨਿਵੇਸ਼ਕਰਤਾ ਆਪਣੇ ਕੋਲ ਮੌਜੂਦ ਧਨ ਦੇ ਮੁਤਾਬਕ ਆਪਣੀ ਪਸੰਦ ਦੀਆਂ ਕੰਪਨੀਆਂ ਦੇ ਸ਼ੇਅਰਾਂ ਦੀ ਖਰੀਦ ਸਕਦੇ ਹਨ ਅਤੇ ਆਪਣੀ ਆਮਦਨ ਵਿੱਚ ਵਾਧਾ ਕਰ ਸਕਦੇ ਹਨ।

3.ਸਟਾਕ ਐਕਸਚੇਂਜ ਬਜ਼ਾਰ ਲੋਕਾਂ ਕੋਲ਼ ਮੌਜੂਦ ਬੱਚਤ ਨੂੰ ਨਿਵੇਸ਼ ਵਿੱਚ ਬਦਲਣ ਵਿੱਚ ਮਦਦ ਕਰਦਾ ਹੈ। ਇਸ ਨਾਲ ਪੂੰਜੀ ਦੀ ਗਤੀਸ਼ੀਲਤਾ ਵਿੱਚ ਵਾਧਾ ਹੁੰਦਾ ਹੈ।

4. ਸਟਾਕ ਐਕਸਚੇਂਜ ਬਜ਼ਾਰ ਕਿਸੇ ਅਰਥਵਿਵਸਥਾ ਦੇ ਆਰਥਿਕ ਵਿਕਾਸ ਦੇ ਸੂਚਕ ਦੇ ਤੌਰ 'ਤੇ ਵੀ ਕੰਮ ਕਰਦਾ ਹੈ। ਜੇਕਰ ਬਜ਼ਾਰ ਉੱਪਰ ਵੱਲ ਜਾਂਦਾ ਹੈ ਤਾਂ ਇਹ ਉਸ ਦੇਸ਼ ਦੇ ਆਰਥਿਕ ਵਿਕਾਸ ਦੀ ਤੇਜ਼ ਦਰ ਦੇ ਰੂਪ ਵਿੱਚ ਦੇਖਿਆ ਜਾਂਦਾ ਹੈ ਤੇ ਜੇਕਰ ਇਹ ਬਜ਼ਾਰ ਹੇਠਾਂ ਜਾ ਰਿਹਾ ਹੈ ਤਾਂ ਇਸ ਨਾਲ ਉਸ ਦੇਸ਼ ਦੇ ਆਰਥਿਕ ਵਿਕਾਸ ਦੀ ਦਰ ਘੱਟ ਹੋ ਜਾਂਦੀ ਹੈ।

## ਭਾਗ- ੲ (ਇਤਿਹਾਸ)

**ਬਹੁ-ਵਿਕਲਪੀ ਪ੍ਰਸ਼ਨ:-**

**(1) ਪੰਜਾਬ ਸ਼ਬਦ ਕਿਹੜੀ ਭਾਸ਼ਾ ਦੇ ਸ਼ਬਦ ਜੋੜਾਂ ਦਾ ਸੁਮੇਲ ਹੈ?**

ੳ. ਅਰਬੀ    **ਅ. ਫਾਰਸੀ**    ੲ. ਸਿੰਧੀ    ਸ. ਹਿੰਦੀ

**(2) ਹੇਠ ਲਿਖਿਆਂ ਵਿੱਚੋਂ ਕਿਹੜਾ ਨਾਂ ਪੰਜਾਬ ਨੂੰ ਕਦੇ ਨਹੀਂ ਦਿੱਤਾ ਗਿਆ?**

ੳ. ਪੈਂਟਾਪੋਟਾਮੀਆ ਅ. ਟੱਕੀ ੲ. ਸੇਕੀਆ **ਸ. ਹੇਡੂ**

**(3) ਕਿਸ ਮੁਗਲ ਬਾਦਸ਼ਾਹ ਦੇ ਸਮੇਂ ਤੋਂ ਦੋ ਦਰਿਆਵਾਂ ਵਿਚਕਾਰਲੇ ਮੈਦਾਨ ਨੂੰ 'ਦੁਆਬ' ਕਿਹਾ ਜਾਣ ਲੱਗਾ?**

ੳ. ਬਾਬਰ ਅ. ਹੁਮਾਯੂੰ **ੲ. ਅਕਬਰ** ਸ. ਜਹਾਂਗੀਰ

**(4) ਪੰਜਾਬ ਭਾਰਤ ਦੀ ਕਿਸ ਸੀਮਾ 'ਤੇ ਸਥਿੱਤ ਹੈ?**

ੳ. ਉੱਤਰ-ਪੂਰਬ **ਅ. ਉੱਤਰ-ਪੱਛਮ** ੲ. ਉੱਤਰ-ਦੱਖਣ ਸ. ਦੱਖਣ-ਪੱਛਮ

**(5).ਪਾਕਿਸਤਾਨੀ ਪੰਜਾਬ ਨੂੰ................ਕਿਹਾ ਜਾਂਦਾ ਹੈ।**

**ੳ. ਪੱਛਮੀ ਪੰਜਾਬ** ਅ. ਪੂਰਬੀ ਪੰਜਾਬ ੲ. ਉੱਤਰ-ਪੱਛਮੀ ਪੰਜਾਬ ਸ. ਉੱਤਰ-ਪੂਰਬੀ ਪੰਜਾਬ

**(6)ਵੈਦਿਕ ਸਾਹਿਤ ਵਿੱਚ ਪੰਜਾਬ ਦੇ ਧੁਰ ਪੂਰਬ ਵਿੱਚ ਵੱਸਦੇ ਕਿਸ ਦਰਿਆ ਦਾ ਵਰਣਨ ਕੀਤਾ ਗਿਆ ਹੈ?**

ੳ. ਸਿੰਧ ਅ. ਜੇਹਲਮ **ੲ. ਸਰਸਵਤੀ** ਸ. ਚਨਾਬ

**(7) ਰਮਾਇਣ ਅਤੇ ਮਹਾਂਭਾਰਤ ਸਮੇਂ ਪੰਜਾਬ ਦਾ ਕੀ ਨਾਮ ਸੀ ?**

ੳ. ਟੱਕੀ ਅ. ਸਪਤ ਸਿੰਧੂ ੲ. ਸੇਕੀਆ **ਸ. ਪੰਚਨਦ**

**(8) ਚੀਨੀ ਸੈਲਾਨੀ ਹਿਊਨਸਾਂਗ ਨੇ ਪੰਜਾਬ ਨੂੰ ਕੀ ਨਾਮ ਦਿੱਤਾ ਸੀ ?**

**ੳ. ਸੇਕੀਆ** ਅ. ਪੰਜਾਬ ੲ. ਬ੍ਰਹਮਵਰਤ ਸ. ਸਰਹੱਦੀ ਸੂਬਾ

**(9) ਹਿੰਦੀ-ਪਾਰਥੀ ਰਾਜਿਆਂ ਦੇ ਅਧੀਨ ਪੰਜਾਬ ਦੀ ਰਾਜਧਾਨੀ "ਸਾਕਲਾ" ਦਾ ਅੱਜਕਲ੍ਹ ਕੀ ਨਾਮ ਹੈ ?**

ੳ. ਲਾਹੌਰ ਅ. ਦਿੱਲੀ **ੲ. ਸਿਆਲਕੋਟ** ਸ. ਇਸਲਾਮਾਬਾਦ

**(10) ਮੁਗਲ ਕਾਲ ਸਮੇਂ ਪੰਜਾਬ ਕਿਹੜੇ ਦੋ ਪ੍ਰਾਂਤਾਂ ਵਿਚਕਾਰ ਵੰਡਿਆ ਗਿਆ ਸੀ ?**

ੳ. ਲਾਹੌਰ ਅਤੇ ਪੇਸ਼ਾਵਰ ਅ. ਲਾਹੌਰ ਅਤੇ ਇਸਲਾਮਾਬਾਦ **ੲ. ਲਾਹੌਰ ਅਤੇ ਮੁਲਤਾਨ** ਸ. ਲਾਹੌਰ ਅਤੇ ਸਿਆਲਕੋਟ

**(11) ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਪੰਜਾਬ ਦੀ ਪੂਰਬੀ ਹੱਦ ਕਿਹੜੀ ਸੀ ?**

**ੳ. ਦਰਿਆ ਸਤਲੁਜ** ਅ. ਦਰਿਆ ਸਿੰਧ ੲ. ਦਰਿਆ ਘੱਗਰ ਸ. ਦਰਿਆ ਬਿਆਸ

**(12)1911 ਈ. ਵਿੱਚ ਕਿਸ ਅੰਗਰੇਜ਼ ਵਾਇਸਰਾਇ ਨੇ ਦਿੱਲੀ ਨੂੰ ਭਾਰਤ ਦੀ ਰਾਜਧਾਨੀ ਬਣਾ ਕੇ ਪੰਜਾਬ ਨਾਲੋਂ ਵੱਖ ਕਰ ਦਿੱਤਾ ?**

ੳ. ਲਾਰਡ ਕਰਜ਼ਨ ਅ. ਲਾਰਡ ਵਾਰਨ ਹੇਸਟਿੰਗਜ਼ ੲ. ਲਾਰਡ ਡਲਹੌਜ਼ੀ **ਸ. ਲਾਰਡ ਹਾਰਡਿੰਗ**

**(13) 1947 ਈ. ਵਿੱਚ ਪੰਜਾਬ ਦੀ ਵੰਡ ਸਮੇਂ ਪੰਜਾਬ ਦੇ 29 ਜਿਲ੍ਹਿਆਂ ਵਿੱਚੋਂ ਭਾਰਤੀ ਪੰਜਾਬ ਦੇ ਹਿੱਸੇ ਕਿੰਨ੍ਹੇ ਜ਼ਿਲ੍ਹੇ ਆਏ?**

ੳ. ਬਾਰਾਂ **ਅ. ਤੇਰਾਂ** ੲ. ਚੌਦਾਂ ਸ. ਦਸ

**(14) ਦਰਿਆ ਸਿੰਧ ਤੋਂ ਲੈ ਕੇ ਦਰਿਆ ਯਮੁਨਾ ਦੇ ਵਿਚਕਾਰ ਪੰਜਾਬ......................ਦਾ ਇੱਕ ਟੁੱਕੜਾ ਹੈ।**

ੳ. ਮੈਦਾਨੀ ਧਰਤੀ ਅ. ਵਰਗਾਕਾਰ ਧਰਤੀ **ੲ. ਤਿਕੋਣੀ ਧਰਤੀ** ਸ. ਦੁਆਬ

**(15) ਹਿਮਾਲਿਆ ਦੀਆਂ ਸੁਲੇਮਾਨ ਅਤੇ ਕਿਰਥਾਰ ਦੀਆਂ ਪਹਾੜੀ ਲੜੀਆਂ ਪੰਜਾਬ ਦੇ ਕਿਸ ਹਿੱਸੇ ਵਿੱਚ ਸਥਿੱਤ ਹਨ?**

ੳ. ਪੂਰਬ ਅ. ਉੱਤਰ ੲ. ਦੱਖਣ **ਸ. ਪੱਛਮ**

**(16) ਵਿਦੇਸ਼ੀ ਹਮਲਾਵਰ ਕਿਸ ਦੱਰੇ ਰਾਹੀਂ ਪੰਜਾਬ ਵਿੱਚ ਆਏ ?**

ੳ. ਦੱਰਾ ਟੋਚੀ ਅ. ਦੱਰਾ ਕੁਰੱਮ **ੲ. ਦੱਰਾ ਖੈਬਰ** ਸ. ਦੱਰਾ ਬੋਲਾਨ

**(17) ਗੁਰੂ ਨਾਨਕ ਦੇਵ ਜੀ ਨੇ ਕਿਸਦੇ ਮੋਦੀਖਾਨੇ ਵਿੱਚ ਨੌਕਰੀ ਕੀਤੀ?**

ੳ. ਜੈ ਰਾਮ ਅ. ਪੰਡਿਤ ਹਰਦਿਆਲ **ੲ.ਦੌਲਤ ਖਾਂ ਲੋਧੀ** ਸ. ਬਾਬਰ

**(18)ਹੇਠ ਲਿਖਿਆਂ ਵਿੱਚੋਂ ਕਿਸ ਥਾਂ 'ਤੇ ਗੁਰੂ ਨਾਨਕ ਦੇਵ ਜੀ ਦੀ ਸੱਜਣ ਠੱਗ ਨਾਲ ਮੁਲਾਕਾਤ ਹੋਈ ਸੀ?**

ੳ.ਸੱਯਦਪੁਰ **ਅ. ਤੁਲੰਬਾ** ੲ. ਕੁਰੂਕਸ਼ੇਤਰ ਸ. ਹਾਜੀਪੁਰ

**(19)ਹੇਠ ਲਿਖੀਆਂ ਵਿੱਚੋਂ ਕਿਹੜੀ ਬਾਣੀ ਗੁਰੂ ਨਾਨਕ ਦੇਵ ਜੀ ਦੁਆਰਾ ਰਚੀ ਗਈ ਨਹੀਂ ਹੈ?**

**ੳ. ਜਾਪੁ ਸਾਹਿਬ** ਅ. ਜਪੁਜੀ ਸਾਹਿਬ ੲ. ਵਾਰ ਆਸਾ ਸ. ਵਾਰ ਮਾਝ

**(20) "ਨਾ ਕੋਈ ਹਿੰਦੂ, ਨਾ ਕੋਈ ਮੁਸਲਮਾਨ।" ਇਹ ਸ਼ਬਦ ਕਿਸ ਗੁਰੂ ਸਾਹਿਬ ਨੇ ਕਹੇ?**

ੳ. ਸ੍ਰੀ ਗੁਰੂ ਅੰਗਦ ਦੇਵ ਜੀ ਅ. ਸ੍ਰੀ ਗੁਰੂ ਅਮਰ ਦਾਸ ਜੀ **ੲ. ਸ੍ਰੀ ਗੁਰੂ ਨਾਨਕ ਦੇਵ ਜੀ** ਸ. ਸ੍ਰੀ ਗੁਰੂ ਅਰਜਨ ਦੇਵ ਜੀ

**(21) ਦੇਵਨਾਗਰੀ ਅਤੇ ਗਣਿਤ ਦੀ ਵਿੱਦਿਆ ਪ੍ਰਾਪਤ ਕਰਨ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਕਿਸ ਕੋਲ ਭੇਜਿਆ ਗਿਆ?**

ੳ. ਪੰਡਿਤ ਬ੍ਰਿਜ ਲਾਲ **ਅ. ਪੰਡਿਤ ਗੋਪਾਲ** ੲ. ਪੰਡਿਤ ਸ਼ਰਧਾ ਰਾਮ ਸ. ਪੰਡਿਤ ਬਾਲਾ ਜੀ

**(22)ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਸਕ੍ਰਿਤ ਦੀ ਵਿੱਦਿਆ ਕਿਸ ਤੋਂ ਪ੍ਰਾਪਤ ਕੀਤੀ ਸੀ ?**

ੳ. ਪੰਡਿਤ ਰੱਖਾ ਰਾਮ **ਅ. ਪੰਡਿਤ ਬ੍ਰਿਜ ਲਾਲ** ੲ. ਪੰਡਿਤ ਗੋਪਾਲ ਜੀ ਸ. ਪੰਡਿਤ ਈਸ਼ਵਰ ਲਾਲ ਜੀ

**(23)ਫਾਰਸੀ ਪੜ੍ਹਨ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਕਿਸ ਕੋਲ ਭੇਜਿਆ ਗਿਆ ਸੀ ?**

**ੳ. ਮੌਲਵੀ ਕੁਤੁਬ-ਉਦ-ਦੀਨ** ਅ. ਮੌਲਵੀ ਇਜ਼ਾਜ਼-ਉਦ-ਦੀਨ ੲ. ਮੌਲਵੀ ਗਿਆਸੂਦੀਨ ਸ. ਮੌਲਵੀ ਫਕਰੂਦੀਨ

**(24) ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਗਿਆਨ ਦੀ ਪ੍ਰਾਪਤੀ ਕਦੋਂ ਹੋਈ ?**

ੳ. 1497 ਈ. **ਅ. 1499 ਈ.** ੲ. 1498 ਈ. ਸ. 1496 ਈ.

**(25)ਭਾਈ ਮਰਦਾਨਾ ਜੀ ਕੌਣ ਸੀ ?**

**ੳ. ਸ੍ਰੀ ਗੁਰੂ ਨਾਨਕ ਦੇਵ ਜੀ ਦਾ ਰਬਾਬੀ** ਅ. ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਧਿਆਪਕ

ੲ. ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸ਼ਗਿਰਦ ਸ. ਸ੍ਰੀ ਗੁਰੂ ਨਾਨਕ ਦੇਵ ਜੀ ਦਾ ਨੌਕਰ

**(26) ਸੱਯਦਪੁਰ ਦਾ ਦੂਜਾ ਨਾਮ ਕੀ ਹੈ ?**

ੳ. ਜੈਕਬਾਬਾਦ ਅ. ਫਿਰੋਜ਼ਾਬਾਦ ੲ. ਫੈਸਲਾਬਾਦ **ਸ. ਏਮਨਾਬਾਦ**

**(27) ਗੁਰੂ ਜੀ ਨੇ ਲੋਕਾਂ ਨੂੰ ਸੂਰਜ ਵੱਲ ਮੂੰਹ ਕਰਕੇ ਆਪਣੇ ਪਿੱਤਰਾਂ ਨੂੰ ਪਾਣੀ ਦਿੰਦੇ ਹੋਏ ਕਿੱਥੇ ਦੇਖਿਆ ?**

**ੳ. ਹਰਿਦੁਆਰ** ਅ. ਕੁਰੂਕਸ਼ੇਤਰ ੲ. ਗੋਰਖਮੱਤਾ ਸ. ਜੋਸ਼ੀ ਮੱਠ

**(28)ਬਨਾਰਸ ਵਿਖੇ ਗੁਰੂ ਜੀ ਦੀ ਮੁਲਾਕਾਤ ਕਿਸ ਨਾਲ ਹੋਈ ?**

ੳ. ਪੰਡਿਤ ਕੀਰਤੀ ਨਾਲ ਅ. ਪੰਡਿਤ ਸ਼ੰਕਰਦੇਵ ਨਾਲ

**ੲ. ਪੰਡਿਤ ਚਤੁਰਦਾਸ ਨਾਲ** ਸ. ਪੰਡਿਤ ਭਗੀਰਥ ਨਾਲ

**(29) ਗੁਰੂ ਨਾਨਕ ਦੇਵ ਜੀ ਨੇ ਸੱਚੀ ਸੁੰਦਰਤਾ ਅਤੇ ਉੱਚੇ ਚਰਿੱਤਰ ਦਾ ਉਪਦੇਸ਼ ਕਿਸਨੂੰ ਦਿੱਤਾ ?**

ੳ. ਜਾਦੂਗਰਨੀ ਨੂਰਜਹਾਂ ਨੂੰ **ਅ. ਜਾਦੂਗਰਨੀ ਨੂਰ ਸ਼ਾਹ ਨੂੰ**

ੲ. ਜਾਦੂਗਰਨੀ ਮਲਿਕਾ ਨੂੰ ਸ. ਜਾਦੂਗਰਨੀ ਕਾਮਰੂਪ ਨੂੰ

**(30)ਰਾਜਾ ਸ਼ਿਵਨਾਭ ਜਾਂ ਸ਼ਿਵਨਾਥ ਕਿੱਥੋਂ ਦਾ ਰਹਿਣ ਵਾਲਾ ਸੀ ?**

ੳ. ਭਾਰਤ ਦਾ **ਅ. ਸ੍ਰੀ ਲੰਕਾ ਦਾ** ੲ. ਸ੍ਰੀ ਜਗਨਨਾਥਪੁਰੀ ਦਾ ਸ. ਪਤਾਲ ਨਗਰ ਦਾ

**(31) ਪੀਰ ਬੁੱਢਣ ਸ਼ਾਹ ਨਾਲ ਗੁਰੂ ਜੀ ਦੀ ਮੁਲਾਕਾਤ ਕਿੱਥੇ ਹੋਈ ?**

**ੳ. ਹਿਮਾਚਲ ਪ੍ਰਦੇਸ਼ ਵਿੱਚ** ਅ. ਉੱਤਰ ਪ੍ਰਦੇਸ਼ ਵਿੱਚ ੲ. ਮੱਧ ਪ੍ਰਦੇਸ਼ ਵਿੱਚ ਸ. ਆਂਧਰਾ ਪ੍ਰਦੇਸ਼ ਵਿੱਚ

**(32) 'ਆਨੰਦ ਸਾਹਿਬ' ਨਾਂ ਦੀ ਬਾਣੀ ਦੀ ਰਚਨਾ ਕਿਹੜੇ ਗੁਰੂ ਸਾਹਿਬ ਨੇ ਕੀਤੀ?**

ੳ. ਸ੍ਰੀ ਗੁਰੂ ਨਾਨਕ ਦੇਵ ਜੀ ਅ. ਸ੍ਰੀ ਗੁਰੂ ਅੰਗਦ ਦੇਵ ਜੀ **ੲ. ਸ੍ਰੀ ਗੁਰੂ ਅਮਰ ਦਾਸ ਜੀ** ਸ. ਸ੍ਰੀ ਗੁਰੂ ਰਾਮ ਦਾਸ ਜੀ

**(33) ਕਿਸ ਪ੍ਰਥਾ ਦਾ ਉਦੇਸ਼ ਸਿੱਖਾਂ ਕੋਲੋਂ ਭੇਟਾਂ ਇਕੱਠਾ ਕਰਨਾ ਅਤੇ ਸਿੱਖ ਧਰਮ ਦਾ ਪ੍ਰਚਾਰ ਕਰਨਾ ਸੀ?**

ੳ. ਸੰਗਤ ਪ੍ਰਥਾ ਅ. ਪੰਗਤ ਪ੍ਰਥਾ ੲ. ਲੰਗਰ ਪ੍ਰਥਾ **ਸ. ਮਸੰਦ ਪ੍ਰਥਾ**

**(34) ਤਰਨਤਾਰਨ, ਹਰਗੋਬਿੰਦਪੁਰ, ਛੇਹਰਟਾ ਅਤੇ ਕਰਤਾਰਪੁਰ ਸ਼ਹਿਰਾਂ ਦੀ ਸਥਾਪਨਾ ਕਿਸ ਗੁਰੂ ਸਾਹਿਬਾਨ ਨੇ ਕੀਤੀ ਸੀ?**

**ੳ. ਸ੍ਰੀ ਗੁਰੂ ਅਰਜਨ ਦੇਵ ਜੀ** ਅ. ਸ੍ਰੀ ਗੁਰੂ ਨਾਨਕ ਦੇਵ ਜੀ ੲ. ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਸ. ਸ੍ਰੀ ਗੁਰੂ ਰਾਮਦਾਸ ਜੀ

**(35) ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰੂਗੱਦੀ ਕਦੋਂ ਸੌਂਪੀ ?**

**ੳ. 1539 ਈ.** ਅ. 1538 ਈ. ੲ. 1536 ਈ. ਸ. 1537 ਈ.

**(36) ਸ੍ਰੀ ਗੁਰੂ ਅੰਗਦ ਦੇਵ ਜੀ ਨੇ "ਬਾਲਬੋਧ" ਕਿਉਂ ਤਿਆਰ ਕਰਵਾਇਆ ਸੀ ?**

ੳ. ਭਾਸ਼ਾ ਦੇ ਪ੍ਰਚਾਰ ਲਈ ਅ. ਪੰਜਾਬੀ ਸਾਹਿਤ ਦੇ ਪ੍ਰਚਾਰ ਲਈ

ੲ. ਗੁਰਬਾਣੀ ਦੇ ਪ੍ਰਚਾਰ ਲਈ **ਸ. ਪੰਜਾਬੀ ਲਿੱਪੀ ਦੇ ਪ੍ਰਚਾਰ ਲਈ**

**(37) ਮਾਤਾ ਖੀਵੀ ਜੀ ਕੌਣ ਸਨ ?**

**ੳ. ਸ੍ਰੀ ਗੁਰੂ ਅੰਗਦ ਦੇਵ ਜੀ ਦੀ ਪਤਨੀ** ਅ. ਸ੍ਰੀ ਗੁਰੂ ਅੰਗਦ ਦੇਵ ਜੀ ਦੀ ਮਾਤਾ

ੲ. ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੱਸ ਸ. ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸ਼ਰਧਾਲੂ

**(38) ਸ੍ਰੀ ਗੁਰੂ ਅੰਗਦ ਦੇਵ ਜੀ ਨੇ 1546 ਈ. ਵਿੱਚ ਕਿਹੜਾ ਨਗਰ ਵਸਾਇਆ ਸੀ ?**

ੳ. ਸ੍ਰੀ ਖਡੂਰ ਸਾਹਿਬ **ਅ. ਸ੍ਰੀ ਗੋਇੰਦਵਾਲ ਸਾਹਿਬ** ੲ. ਸ੍ਰੀ ਤਰਨਤਾਰਨ ਸਾਹਿਬ ਸ. ਨੌਰੰਗਾਬਾਦ

**(39) ਕਿਸ ਮੁਗਲ ਸਮਰਾਟ ਨੂੰ ਸ੍ਰੀ ਗੁਰੂ ਅਮਰਦਾਸ ਜੀ ਨੂੰ ਮਿਲਣ ਤੋਂ ਪਹਿਲਾਂ ਲੰਗਰ ਵਿੱਚੋਂ ਭੋਜਨ ਛੱਕਣਾ ਪਿਆ ਸੀ ?**

ੳ. ਅਮੀਰ ਖੁਸਰੋ ਅ. ਜਹਾਂਗੀਰ ੲ. ਦਾਰਾ ਸ਼ਿਕੋਹ **ਸ. ਅਕਬਰ**

**(40) ਸ੍ਰੀ ਗੁਰੂ ਅਮਰਦਾਸ ਦੀ ਨੇ ਆਪਣੇ ਅਧਿਆਤਮਕ ਸਾਮਰਾਜ ਨੂੰ ..................ਹਿੱਸਿਆਂ ਵਿੱਚ ਵੰਡਿਆ ਸੀ ।**

**ੳ. 22** ਅ. 21 ੲ. 23 ਸ. 24

**(41)"ਅਸਲ ਵਿੱਚ ਸਤੀ ਉਹ ਨਾਰੀ ਹੈ ਜੋ ਆਪਣੇ ਪਤੀ ਦੇ ਵਿਯੋਗ ਦੇ ਦੁੱਖ ਅਤੇ ਪੀੜਾ ਨੂੰ ਸਹਿਣ ਕਰਦੀ ਹੈ" ਇਹ ਸ਼ਬਦ ਕਿਸ ਗੁਰੂ ਸਾਹਿਬਾਨ ਦੇ ਹਨ ?**

ੳ. ਸ੍ਰੀ ਗੁਰੂ ਅੰਗਦ ਦੇਵ ਜੀ

**ਅ. ਸ੍ਰੀ ਗੁਰੂ ਅਮਰਦਾਸ ਜੀ**

ੲ. ਸ੍ਰੀ ਗੁਰੂ ਨਾਨਕ ਦੇਵ ਜੀ

ਸ. ਸ੍ਰੀ ਗੁਰੂ ਰਾਮ ਦਾਸ ਜੀ

**(42) "ਗੁਰੂ ਦਾ ਚੱਕ" ਕਿਸ ਗੁਰੂ ਸਾਹਿਬ ਨੇ ਵਸਾਇਆ ਸੀ ?**

**ੳ. ਸ੍ਰੀ ਗੁਰੂ ਰਾਮਦਾਸ ਜੀ ਨੇ**

ਅ. ਸ੍ਰੀ ਗੁਰੂ ਅਮਰਦਾਸ ਜੀ ਨੇ

ੲ. ਸ੍ਰੀ ਗੁਰੂ ਅਰਜਨ ਦੇਵ ਜੀ ਨੇ

ਸ. ਸ੍ਰੀ ਗੁਰੂ ਹਰਗੋਬਿੰਦ ਜੀ ਨੇ

**(43) ਗੁਰੂ ਕਾਲ ਸਮੇਂ ਸਿੱਖਾਂ ਦਾ ਵਪਾਰਿਕ ਕੇਂਦਰ ਕਿਹੜਾ ਸ਼ਹਿਰ ਸੀ ?**

ੳ. ਲਾਹੌਰ

**ਅ. ਅੰਮ੍ਰਿਤਸਰ**

ੲ. ਗੋਇੰਦਵਾਲ ਸਾਹਿਬ

ਸ. ਕਰਤਾਰਪੁਰ ਸਾਹਿਬ

**(44) ਸੰਤੋਖ਼ਸਰ ਸਰੋਵਰ ਦੀ ਖੁਦਾਈ ਦਾ ਕੰਮ ਕਿਸ ਗੁਰੂ ਸਾਹਿਬ ਨੇ ਸ਼ੁਰੂ ਕਰਵਾਇਆ ਸੀ ?**

**ੳ. ਸ੍ਰੀ ਗੁਰੂ ਰਾਮਦਾਸ ਜੀ**

ਅ. ਸ੍ਰੀ ਗੁਰੂ ਅਮਰਦਾਸ ਜੀ

ੲ. ਸ੍ਰੀ ਗੁਰੂ ਅਰਜਨ ਦੇਵ ਜੀ

ਸ. ਸ੍ਰੀ ਗੁਰੂ ਅੰਗਦਦੇਵ ਜੀ

**(45) ਸ੍ਰੀ ਗੁਰੂ ਅਰਜਨ ਦੇਵ ਜੀ ਨੇ ਰਾਵੀ ਅਤੇ ਬਿਆਸ ਨਦੀਆਂ ਵਿਚਕਾਰ ਕਿਸ ਸ਼ਹਿਰ ਦੀ ਨੀਂਹ ਰੱਖੀ ਸੀ ?**

ੳ. ਸ੍ਰੀ ਗੋਇੰਦਵਾਲ ਸਾਹਿਬ

ਅ. ਸ੍ਰੀ ਅੰਮ੍ਰਿਤਸਰ ਸਾਹਿਬ

**ੲ. ਸ੍ਰੀ ਤਰਨਤਾਰਨ ਸਾਹਿਬ**

ਸ. ਸ੍ਰੀ ਖਡੂਰ ਸਾਹਿਬ

**(46) ਸ੍ਰੀ ਹਰਿਮੰਦਰ ਸਾਹਿਬ ਵਿੱਚ ਆਦਿ ਗ੍ਰੰਥ ਦੀ ਸਥਾਪਨਾ ਕਦੋਂ ਕੀਤੀ ਗਈ?**

**ੳ. 1604 ਈ.** ਅ. 1505 ਈ. ੲ. 1605 ਈ. ਸ. 1505 ਈ.

**(47) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਹਿਲੀ ਅਤੇ ਮਹੱਤਵਪੂਰਨ ਲੜਾਈ ਕਿਹੜੀ ਸੀ ?**

ੳ. ਬਸੌਲੀ ਦੀ ਲੜਾਈ **ਅ. ਭੰਗਾਣੀ ਦੀ ਲੜਾਈ** ੲ. ਆਨੰਦਪੁਰ ਦੀ ਲੜਾਈ ਸ. ਨਿਰਮੋਹ ਦੀ ਲੜਾਈ

**(48) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਜੀਵਨ ਕਥਾ ਕਿਸ ਵਿੱਚ ਦਰਜ ਹੈ ?**

ੳ. ਪੰਥ ਪ੍ਰਕਾਸ਼ **ਅ. ਬਚਿੱਤਰ ਨਾਟਕ** ੲ. ਖੂਨ ਦੇ ਸੋਹਲੇ ਸ. ਦਸਮ ਗ੍ਰੰਥ

**(49) ਸ੍ਰੀ ਅਨੰਦਪੁਰ ਸਾਹਿਬ ਦਾ ਪੁਰਾਣਾ ਨਾਮ ਕੀ ਸੀ ?**

ੳ. ਨਿਰਮੋਹ ਅ. ਬਿਲਾਸਪੁਰ **ੲ. ਚੱਕ ਨਾਨਕੀ** ਸ. ਨਾਦੌਣ

**(50) ਸ੍ਰੀ ਗੁਰੂ ਗੋਬਿੰਦ ਸਿੰਘ ਵੱਲੋਂ ਜ਼ਫਰਨਾਮਾ ਖਤ ਕਿਸ ਨੂੰ ਲਿਖਿਆ ਗਿਆ ਸੀ ?**

ੳ. ਨਾਹਨ ਦੇ ਰਾਜੇ ਨੂੰ **ਅ. ਔਰੰਗਜ਼ੇਬ ਨੂੰ** ੲ. ਰਾਜਾ ਭੀਮ ਚੰਦ ਨੂੰ ਸ. ਮਹਾਂ ਸਿੰਘ ਨੂੰ

**(51) ਸ੍ਰੀ ਗੁਰੂ ਗੋਬਿੰਦ ਸਿੰਘ ਦੁਆਰਾ ਬਣਾਏ ਗਏ ਨਗਾਰੇ ਦਾ ਕੀ ਨਾਮ ਸੀ ?**

ੳ. ਗਗਨਦਮਾਮਾ ਅ. ਨਗਾਰਾ-ਏ ਖਾਲਸਾ ੲ. ਖਾਲਸਾਈ ਨਗਾਰਾ **ਸ. ਰਣਜੀਤ ਨਗਾਰਾ**

**(52) ਪਾਉਂਟਾ ਸ਼ਬਦ ਦਾ ਕੀ ਅਰਥ ਹੈ ?**

**ੳ. ਪੈਰ ਰੱਖਣ ਦੀ ਥਾਂ** ਅ. ਪੈਰ ਪਸਾਰਨਾ ੲ. ਪੈਰ ਮਾਰਨਾ ਸ. ਪੈਰ ਝਾੜਨਾ

**(53) ਖਿਦਰਾਣੇ ਦੀ ਢਾਬ ਦਾ ਅਜੋਕਾ ਨਾਮ .....................ਹੈ।**

ੳ. ਸਢੌਰਾ ਅ. ਘੁੜਾਮ ੲ. ਸ੍ਰੀ ਮੁਕਤਸਰ ਸਾਹਿਬ ਸ. ਸ਼ਾਹੀ ਟਿੱਬੀ

**(54) 1699 ਈ. ਵਿੱਚ ਸਿੱਖ ਇਤਿਹਾਸ ਵਿੱਚ ਕਿਹੜੀ ਘਟਨਾ ਵਾਪਰੀ ਸੀ ?**

ੳ. ਆਨੰਦਪੁਰ ਸਾਹਿਬ ਦਾ ਪਹਿਲਾਂ ਯੁੱਧ

**ਅ. ਖਾਲਸਾ ਦੀ ਸਿਰਜਣਾ ਹੋਈ**

ੲ. ਸਰਸਾ ਦੀ ਲੜਾਈ

ਸ. ਉਪਰੋਕਤ ਸਾਰੇ

**(55) ਬੰਦਾ ਸਿੰਘ ਬਹਾਦਰ ਨੇ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਨੂੰ ਕਿਹੜੀ ਲੜਾਈ ਵਿੱਚ ਮਾਰਿਆ ?**

ੳ. ਸਮਾਣੇ ਦੀ ਲੜਾਈ ਵਿੱਚ

**ਅ. ਚੱਪੜ-ਚਿੜੀ ਦੀ ਲੜਾਈ ਵਿੱਚ**

ੲ. ਸਢੌਰਾ ਦੀ ਲੜਾਈ ਵਿੱਚ

ਸ. ਗੁਰਦਾਸ ਨੰਗਲ ਦੀ ਲੜਾਈ ਵਿੱਚ

**(56) ਕਿਸ ਲੜਾਈ ਵਿੱਚ ਬੰਦਾ ਸਿੰਘ ਬਹਦਾਰ ਨੂੰ ਕੈਦੀ ਬਣਾ ਕੇ ਦਿੱਲੀ ਲਿਆਂਦਾ ਗਿਆ ?**

ੳ. ਚੱਪੜ-ਚਿੜੀ ਦੀ ਲੜਾਈ

**ਅ. ਗੁਰਦਾਸ ਨੰਗਲ ਦੀ ਲੜਾਈ**

ੲ. ਬਹਿਰਾਮਪੁਰ ਦੀ ਲੜਾਈ

ਸ. ਅਮੀਨਾਬਾਦ ਦੀ ਲੜਾਈ

**(57) ਹੇਠ ਲਿਖਿਆਂ ਵਿੱਚੋਂ ਪਹਿਲੀ ਮਿਸਲ ਕਿਹੜੀ ਸੀ?**

**ੳ. ਫੈਜ਼ਲਪੁਰੀਆ ਮਿਸਲ** ਅ. ਭੰਗੀ ਮਿਸਲ ੲ. ਆਹਲੂਵਾਲੀਆ ਮਿਸਲ ਸ. ਨਕਈ ਮਿਸਲ

**(58) ਬੰਦਾ ਸਿੰਘ ਬਹਦਾਰ ਨੂੰ ਕਦੋਂ ਸ਼ਹੀਦ ਕੀਤਾ ਗਿਆ?**

ੳ. 1715 ਈ. **ਅ. 1716 ਈ.** ੲ. 1717 ਈ. ਸ.1718 ਈ.

**(59) ਲੋਹਗੜ੍ਹ ਦਾ ਯੁੱਧ ਕਦੋਂ ਲੜਿਆ ਗਿਆ?**

ੳ. 1718 ਈ. ਅ. 1714 ਈ. **ੲ. 1710 ਈ.** ਸ. 1716 ਈ.

**(60) ਸਰਹਿੰਦ ਦਾ ਸ਼ਾਸਕ ਬੰਦਾ ਸਿੰਘ ਬਹਦਾਰ ਨੇ ਕਿਸ ਨੂੰ ਬਣਾਇਆ?**

ੳ. ਵਿਨੋਦ ਸਿੰਘ ਅ. ਬਾਜ ਸਿੰਘ **ੲ. ਤੇਜ ਸਿੰਘ** ਸ. ਜਲਾਲ ਖਾਂ

**(61) ਬਾਬਾ ਬੰਦਾ ਸਿੰਘ ਬਹਾਦਰ ਦਾ ਅਸਲੀ ਨਾਂ ਕੀ ਸੀ?**

**ੳ. ਮਾਧੋ ਦਾਸ** ਅ. ਲਛਮਣ ਦਾਸ ੲ. ਬਾਲਾ ਦਾਸ ਸ. ਹਰਦਿਆਲ ਦਾਸ

**(62) ਬਾਬਾ ਬੰਦਾ ਸਿੰਘ ਬਹਾਦਰ ਨੂੰ ਖਾਲਸਾ ਬਣਾਉਣ ਵਾਲੇ ਗੁਰੂ ਸਾਹਿਬ ਕੌਣ ਸਨ?**

ੳ. ਸ੍ਰੀ ਗੁਰੂ ਤੇਗ ਬਹਾਦਰ ਜੀ ਅ. ਸ੍ਰੀ ਗੁਰੂ ਅਰਜਨ ਦੇਵ ਜੀ

**ੲ. ਸ੍ਰੀ ਗੁਰੂ ਗੋਬਿੰਦ ਸਿੰਘ ਜੀ** ਸ. ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ

**(63) ਬੰਦਾ ਸਿੰਘ ਬਹਾਦਰ ਨੇ ਆਪਣੀ ਰਾਜਧਾਨੀ ਕਿਹੜੇ ਸਥਾਨ ਨੂੰ ਬਣਾਇਆ?**

ੳ. ਸਰਹਿੰਦ ਅ. ਆਨੰਦਪੁਰ ਸਾਹਿਬ **ੲ. ਲੋਹਗੜ੍ਹ** ਸ. ਅੰਮ੍ਰਿਤਸਰ

**(64) ਬੰਦਾ ਸਿੰਘ ਬਹਾਦਰ ਨੇ ਕਿਸ ਵਰਗ ਨੂੰ ਜ਼ਮੀਨ ਦਾ ਮਾਲਕ ਬਣਾਇਆ?**

ੳ. ਜਗੀਰਦਾਰ **ਅ. ਕਿਸਾਨ** ੲ. ਮੁਗ਼ਲ ਅਧਿਕਾਰੀ ਸ. ਵਪਾਰੀ

**(65) ਬੰਦਾ ਸਿੰਘ ਬਹਾਦਰ ਨੇ ਕਿਸ ਸਮਰਾਟ ਦੇ ਸਮੇਂ ਮੁਗਲਾਂ ਨਾਲ ਲੜਾਈ ਕੀਤੀ?**

ੳ. ਅਕਬਰ ਅ. ਜਹਾਂਗੀਰ ੲ. ਔਰੰਗਜ਼ੇਬ **ਸ. ਫਰੁਖ਼ਸੀਅਰ**

**(66) ਸ਼ੁਕਰਚੱਕੀਆ ਮਿਸਲ ਦਾ ਮੋਢੀ ਕੌਣ ਸੀ ?**

ੳ. ਜੱਸਾ ਸਿੰਘ **ਅ. ਚੜ੍ਹਤ ਸਿੰਘ** ੲ.ਜੈ ਸਿੰਘ ਸ. ਗੁਲਾਬ ਸਿੰਘ

**(67) ਮਹਾਰਾਜਾ ਰਣਜੀਤ ਸਿੰਘ ਦਾ ਜਨਮ ਕਦੋਂ ਹੋਇਆ?**

ੳ. 1769 ਈ. **ਅ. 1780 ਈ.** ੲ. 1799 ਈ. ਸ. 1801 ਈ.

**(68) ਮਹਾਰਾਜਾ ਰਣਜੀਤ ਸਿੰਘ ਦਾ ਜਨਮ ਸਥਾਨ ਕਿਹੜਾ ਸੀ?**

ੳ. ਅੰਮ੍ਰਿਤਸਰ **ਅ. ਗੁਜਰਾਂਵਾਲਾ** ੲ. ਲਾਹੌਰ ਸ. ਪਟਿਆਲਾ

**(69) ਮਹਾਰਾਜਾ ਰਣਜੀਤ ਸਿੰਘ ਕਿਸ ਮਿਸਲ ਨਾਲ ਸੰਬੰਧਿਤ ਸਨ?**

ੳ. ਭੰਗੀ ਮਿਸਲ ਅ. ਫੈਜ਼ਲਪੁਰੀਆ ਮਿਸਲ **ੲ. ਸ਼ੁਕਰਚੱਕੀਆ ਮਿਸਲ** ਸ. ਆਹਲੂਵਾਲੀਆ ਮਿਸਲ

**(70) ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ 'ਤੇ ਕਦੋਂ ਕਬਜ਼ਾ ਕੀਤਾ?**

ੳ. 1797 ਈ. **ਅ. 1799 ਈ.** ੲ. 1801 ਈ. ਸ. 1805 ਈ.

**(71) ਮਹਾਰਾਜਾ ਰਣਜੀਤ ਸਿੰਘ ਨੇ ਸਿੱਖ ਰਾਜ ਦੀ ਰਾਜਧਾਨੀ ਕਿਹੜੇ ਸ਼ਹਿਰ ਨੂੰ ਬਣਾਇਆ?**

ੳ. ਅੰਮ੍ਰਿਤਸਰ ਅ. ਪਟਿਆਲਾ **ੲ. ਲਾਹੌਰ** ਸ. ਸਰਹਿੰਦ

**(72) ਹੇਠ ਲਿਖਿਆਂ ਵਿੱਚੋਂ ਕਿਹੜੀ ਉਪਲੱਬਧੀ ਮਹਾਰਾਜਾ ਰਣਜੀਤ ਸਿੰਘ ਨਾਲ ਸੰਬੰਧਿਤ ਹੈ?**

ੳ. ਖਾਲਸਾ ਦੀ ਸਿਰਜਣਾ **ਅ. ਅੰਮ੍ਰਿਤਸਰ ਦੇ ਹਰਿਮੰਦਰ ਸਾਹਿਬ ਨੂੰ ਸੋਨੇ ਨਾਲ ਸਜਾਉਣਾ**

ੲ. ਦਿੱਲੀ 'ਤੇ ਕਬਜ਼ਾ ਸ. ਅੰਗਰੇਜ਼ੀ ਰਾਜ ਦੀ ਸਥਾਪਨਾ

**(73) ਮਹਾਰਾਜਾ ਰਣਜੀਤ ਸਿੰਘ ਦੀ ਫੌਜ ਨੂੰ ਕਿਸ ਨਾਂ ਨਾਲ ਜਾਣਿਆ ਜਾਂਦਾ ਸੀ?**

ੳ. ਮੁਗ਼ਲ ਫੌਜ **ਅ. ਖਾਲਸਾ ਫੌਜ** ੲ. ਬ੍ਰਿਟਿਸ਼ ਫੌਜ ਸ. ਮਰਾਠਾ ਫੌਜ

**(74) ਮਹਾਰਾਜਾ ਰਣਜੀਤ ਸਿੰਘ ਅਤੇ ਅੰਗਰੇਜ਼ਾਂ ਵਿਚਕਾਰ ਕਿਹੜੀ ਸੰਧੀ ਹੋਈ ਸੀ?**

ੳ. ਇਲਾਹਾਬਾਦ ਦੀ ਸੰਧੀ (1807) **ਅ. ਅੰਮ੍ਰਿਤਸਰ ਦੀ ਸੰਧੀ (1809)**

ੲ. ਲਾਹੌਰ ਦੀ ਸੰਧੀ (1837) ਸ. ਸਰਹਿੰਦ ਦੀ ਸੰਧੀ (1810)

**(75) ਅੰਮ੍ਰਿਤਸਰ ਦੀ ਸੰਧੀ (1809) ਕਿਸ-ਕਿਸ ਦੇ ਵਿਚਕਾਰ ਹੋਈ?**

ੳ. ਰਣਜੀਤ ਸਿੰਘ ਅਤੇ ਮੁਗ਼ਲ ਅ. ਰਣਜੀਤ ਸਿੰਘ ਅਤੇ ਮਰਾਠੇ

ੲ. ਰਣਜੀਤ ਸਿੰਘ ਅਤੇ ਅੰਗਰੇਜ਼ ਸ. ਅੰਗਰੇਜ਼ ਅਤੇ ਫਰਾਂਸੀਸੀ

**(76). ਮਹਾਰਾਜਾ ਰਣਜੀਤ ਸਿੰਘ ਦੀ ਨੀਤੀ ਅੰਗਰੇਜ਼ਾਂ ਪ੍ਰਤੀ ਕਿਹੋ ਜਿਹੀ ਸੀ?**

ੳ. ਸਦਾ ਯੁੱਧ ਦੀ **ਅ. ਸਹਿਯੋਗ ਅਤੇ ਸ਼ਾਂਤੀ ਦੀ** ੲ. ਆਗਿਆਕਾਰੀ ਸ. ਉਪਰੋਕਤ ਸਾਰੇ

**(77) ਅੰਗਰੇਜਾਂ ਅਤੇ ਸਿੱਖਾਂ ਦਾ ਦੂਸਰਾ ਯੁੱਧ ਕਦੋਂ ਹੋਇਆ ?**

**ੳ. 1848-49 ਈ.** ਅ. 1849-50 ਈ. ੲ. 1846-47 ਈ. ਸ. 1847-48 ਈ.

**(78) ਗੁਜਰਾਤ , ਮੁਲਤਾਨ , ਰਾਮਨਗਰ , ਚਿੱਲਿਆਂਵਾਲਾ ਅੰਗਰੇਜ਼ਾਂ ਅਤੇ ਸਿੱਖਾਂ ਵਿਚਕਾਰ ਕਿਹੜੇ ਐਂਗਲੋ-ਸਿੱਖ ਯੁੱਧ ਦੇ ਸਥਾਨ ਹਨ ?**

ੳ. ਪਹਿਲੇ ਐਂਗਲੋ-ਸਿੱਖ ਯੁੱਧ **ਅ. ਦੂਸਰੇ ਐਂਗਲੋ-ਸਿੱਖ ਯੁੱਧ** ੲ. ਇਹ ਦੋਨੋਂ ਸ. ਇਹਨਾਂ ਵਿੱਚੋਂ ਕੋਈ ਨਹੀਂ

**(79) ਨਵੰਬਰ 22, 1848 ਈ. ਨੂੰ ਅੰਗਰੇਜ਼ਾਂ ਅਤੇ ਸਿੱਖਾਂ ਵਿਚਕਾਰ ਲੜਾਈ ਕਿੱਥੇ ਹੋਈ ?**

**ੳ. ਰਾਮਨਗਰ** ਅ. ਚਿੱਲਿਆਂਵਾਲਾ ੲ. ਗੁਜਰਾਤ ਸ. ਮੁਲਤਾਨ

**(80) ਅੰਗਰੇਜ਼ ਵਪਾਰੀਆਂ ਦੇ ਰੂਪ ਵਿੱਚ, ਭਾਰਤ ਵਿੱਚ ਆਏ ਅਤੇ ਹੌਲੀ-ਹੌਲੀ ਸਾਰੇ ਭਾਰਤ 'ਤੇ ਕਬਜ਼ਾ ਕਰ ਲਿਆ। ਵਪਾਰੀਆਂ ਦੇ ਰੂਪ ਵਿੱਚ ਅੰਗਰੇਜ਼ ਕਿਹੜੀ ਈ. ਵਿੱਚ ਕਦੋਂ ਭਾਰਤ ਆਏ ਸਨ?**

ੳ. 1700 ਈ. ਵਿੱਚ ਅ. 1800 ਈ. ਵਿੱਚ **ੲ. 1600 ਈ. ਵਿੱਚ** ਸ. 1500 ਈ. ਵਿੱਚ

**(81) ਸਾਡਾ ਭਾਰਤ ਅੰਗਰੇਜ਼ਾਂ ਦੀ ਗੁਲਾਮੀ ਤੋਂ 15 ਅਗਸਤ 1947 ਈ. ਨੂੰ ਆਜ਼ਾਦ ਹੋਇਆ। ਇਸ ਆਜ਼ਾਦੀ ਵਾਸਤੇ ਪਹਿਲੀ ਲੜਾਈ ਮੇਰਠ ਤੋਂ ਸ਼ੁਰੂ ਹੋਈ ਸੀ। ਮੇਰਠ ਤੋਂ ਇਹ ਪਹਿਲੀ ਲੜਾਈ ਕਦੋਂ ਸ਼ੁਰੂ ਹੋਈ ?**

ੳ. 20 ਜੁਲਾਈ 1857 ਈ. **ਅ. 10 ਮਈ 1857 ਈ.**

ੲ. 15 ਅਗਸਤ 1857 ਈ. ਸ. 26 ਜਨਵਰੀ 1857 ਈ.

**(82) 1857 ਈ. ਦੀ ਬਗਾਵਤ ਪੰਜਾਬ ਵਿੱਚ ਕਾਮਯਾਬ ਨਾ ਹੋਣ ਦਾ ਕਾਰਨ .................ਸੀ।**

ੳ. ਉੱਚ ਕੋਟੀ ਦਾ ਨੇਤਾ ਨਹੀਂ ਸੀ। ਅ. ਕਈ ਦੇਸੀ ਰਾਜਿਆਂ ਨੇ ਬਗਾਵਤ ਦਾ ਸਮਰਥਨ ਨਹੀਂ ਕੀਤਾ।

ੲ. ਸਾਧਨ ਘੱਟ ਸਨ। **ਸ. ਉਪਰੋਕਤ ਸਾਰੇ**

**(83) ਅੰਗਰੇਜ਼ੀ ਰਾਜ ਨੂੰ ਮਾਲੀਆ ਨਾ ਦੇ ਕੇ ਇਸ ਨੇ ਬਗਾਵਤ ਕੀਤੀ ਅਤੇ ਕਈ ਅੰਗਰੇਜ਼ ਫੌਜੀਆਂ ਦਾ ਕਤਲ ਕੀਤਾ ਅਤੇ ਪਾਕਪਟਨ ਦੇ ਨੇੜੇ ਮੁਕਾਬਲਾ ਕਰਦਾ ਹੋਇਆ ਸ਼ਹੀਦ ਹੋ ਗਿਆ। ਦੱਸੋ ਉਹ ਕੌਣ ਸੀ ?**

ੳ. ਸ. ਭਗਤ ਸਿੰਘ ਅ. ਲਾਲਾ ਲਾਜਪਤ ਰਾਏ

**ੲ. ਸਰਦਾਰ ਅਹਿਮਦ ਖਾਂ ਖਰਲ** ਸ. ਮੰਗਲ ਪਾਂਡੇ

**(84) 12 ਅਪਰੈਲ 1857 ਈ. ਨੂੰ ਵਿਸਾਖੀ ਵਾਲੇ ਦਿਨ ਲੋਕਾਂ ਨੂੰ ਅੰਮ੍ਰਿਤ ਛਕਾ ਕੇ ਨਵੀਂ ਜੱਥੇਬੰਦੀ ਦੀ ਨੀਂਹ ਰੱਖੀ ਜਿਸ ਨੂੰ ਨਾਮਧਾਰੀ ਲਹਿਰ ਆਖਿਆ ਜਾਂਦਾ ਹੈ। ਇਹ ਨੀਂਹ ਕਿਸ ਨੇ ਰੱਖੀ ?**

ੳ. ਸੋਹਨ ਸਿੰਘ ਭਕਨਾ **ਅ. ਸਤਿਗੁਰੂ ਰਾਮ ਸਿੰਘ**

ੲ. ਲਾਲਾ ਹਰਦਿਆਲ ਸ. ਕਰਤਾਰ ਸਿੰਘ ਸਰਾਭਾ

**(85) ਸਵਾਮੀ ਦਯਾ ਨੰਦ ਸਰਸਵਤੀ ਨੇ ਕਿਹੜੇ ਸਮਾਜ ਦੀ ਸਥਾਪਨਾ ਕੀਤੀ ?**

**ੳ. ਆਰੀਆ ਸਮਾਜ** ਅ. ਬ੍ਰਹਮੋ ਸਮਾਜ ੲ. ਜੈਨ ਸਮਾਜ ਸ. ਬੋਧ ਸਮਾਜ

**(86) ਗਦਰ ਪਾਰਟੀ ਦਾ ਜਨਮ ਬਾਬਾ ਸੋਹਣ ਸਿੰਘ ਭਕਨਾ ਦੀ ਅਗਵਾਈ ਹੇਠ ਕਦੋਂ ਅਤੇ ਕਿੱਥੇ ਹੋਇਆ?**

ੳ. 1914 ਈ. ਜਾਪਾਨ ਵਿੱਚ **ਅ. 1913 ਈ. ਸੇਨਫਰਾਂਸਿਸਕੋ (ਅਮਰੀਕਾ) ਵਿੱਚ**

ੲ. 1915 ਈ. ਕੈਨੇਡਾ ਵਿੱਚ ਸ. 1916 ਈ. ਜਰਮਨੀ ਵਿੱਚ

**(87) ਸਾਈਮਨ ਕਮਿਸ਼ਨ ਭਾਰਤ ਕਦੋਂ ਆਇਆ ?**

ੳ. 1926 ਈ. **ਅ. 1928 ਈ.** ੲ. 1922 ਈ. ਸ. 1923 ਈ.

**(88) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਦੋਂ ਹੋਂਦ ਵਿੱਚ ਆਈ ?**

**ੳ. 1920 ਈ.** ਅ. 1921 ਈ. ੲ. 1922 ਈ. ਸ. 1923 ਈ.

**(89) ਬਾਬਾ ਗੁਰਦਿੱਤ ਸਿੰਘ ਨੇ ਕਾਮਾਗਾਟਾਮਾਰੂ ਜਹਾਜ ਕਿਹੜੇ ਦੇਸ਼ ਤੋਂ ਕਿਰਾਏ ਤੇ ਲਿਆ ਸੀ?**

ੳ. ਇੰਗਲੈਂਡ ਅ. ਕੈਨੇਡਾ **ੲ. ਜਾਪਾਨ** ਸ. ਜਰਮਨ

## ਇੱਕ ਅੰਕ ਵਾਲੇ ਮਹੱਤਵਪੂਰਨ ਪ੍ਰਸ਼ਨ:-

**1. ਪੰਜਾਬ ਕਿਸ ਭਾਸ਼ਾ ਦੇ ਸ਼ਬਦ ਜੋੜਾਂ ਨਾਲ ਬਣਿਆ ਹੈ ?**

ਉੱਤਰ-ਪੰਜਾਬ ਫਾਰਸੀ ਭਾਸ਼ਾ ਦੇ ਦੋ ਸ਼ਬਦਾਂ-ਪੰਜ ਅਤੇ ਆਬ ਦੇ ਸੁਮੇਲ ਤੋਂ ਬਣਿਆ ਹੈ। ਇਸ ਦਾ ਅਰਥ ਹੈ ਪੰਜ ਪਾਣੀ ਅਰਥਾਤ ਪੰਜ ਦਰਿਆਵਾਂ

ਦੀ ਧਰਤੀ।

**2. ਪੰਜਾਬ ਨੂੰ ਸਪਤ-ਸਿੰਧੂ ਕਿਸ ਕਾਲ ਵਿੱਚ ਕਿਹਾ ਜਾਂਦਾ ਸੀ ਅਤੇ ਕਿਉਂ ?**

ਉੱਤਰ-ਪੰਜਾਬ ਨੂੰ ਵੈਦਿਕ ਕਾਲ ਵਿੱਚ ਸਪਤ-ਸਿੰਧੂ ਕਿਹਾ ਜਾਂਦਾ ਸੀ ਕਿਉਂਕਿ ਉਸ ਸਮੇਂ ਇਹ ਸੱਤ ਨਦੀਆਂ ਦਾ ਪ੍ਰਦੇਸ਼ ਸੀ।

**3. 'ਦੁਆਬਾ' ਸ਼ਬਦ ਤੋਂ ਕੀ ਭਾਵ ਹੈ ?**

ਉੱਤਰ-ਦੋ ਦਰਿਆਵਾਂ ਦੇ ਵਿਚਕਾਰਲੇ ਭਾਗ ਨੂੰ ਦੁਆਬਾ ਕਿਹਾ ਜਾਂਦਾ ਹੈ।

**4. ਬਹਿਲੋਲ ਖਾਂ ਲੋਧੀ ਕੌਣ ਸੀ?**

ਉੱਤਰ-ਬਹਿਲੋਲ ਖਾਂ ਲੋਧੀ 1450 ਈ. ਤੋਂ 1489 ਈ. ਤੱਕ ਦਿੱਲੀ ਦਾ ਸੁਲਤਾਨ ਸੀ।

**5.ਇਬਰਾਹੀਮ ਲੋਧੀ ਦਾ ਇੱਕ ਗੁਣ ਦੱਸੋ ।**

ਉੱਤਰ-ਇੱਕ ਬਹਾਦਰ ਸਿਪਾਹੀ ਅਤੇ ਸਫ਼ਲ ਜਰਨੈਲ ਸੀ।

**6.ਇਬਰਾਹੀਮ ਲੋਧੀ ਦੇ ਦੋ ਔਗੁਣਾਂ ਦਾ ਵਰਣਨ ਕਰੋ।**

ਉੱਤਰ-1. ਇਬਰਾਹੀਮ ਲੋਧੀ ਆਪ ਇੱਕ ਪਠਾਣ ਸੀ ਪਰੰਤੂ ਉਹ ਪਠਾਣਾਂ ਦੇ ਸੁਭਾਅ ਅਤੇ ਆਚਰਣ ਨੂੰ ਚੰਗੀ ਤਰ੍ਹਾਂ ਨਹੀਂ ਸਮਝ ਸਕਿਆ।

2.ਉਹ ਪਠਾਣਾਂ ਵਿੱਚ ਅਨੁਸ਼ਾਸਨ ਕਾਇਮ ਰੱਖਣਾ ਚਾਹੁੰਦਾ ਸੀ ਪਰੰਤੂ ਉਹ ਕਾਮਯਾਬ ਨਾ ਹੋ ਸਕਿਆ।

**7.ਬਾਬਰ ਨੂੰ ਪੰਜਾਬ ਉੱਤੇ ਜਿੱਤ ਕਦੋਂ ਪ੍ਰਾਪਤ ਹੋਈ ਅਤੇ ਇਸ ਲੜਾਈ ਵਿੱਚ ਉਸ ਨੇ ਕਿਸ ਨੂੰ ਹਰਾਇਆ?**

ਉੱਤਰ-ਬਾਬਰ ਨੂੰ ਪੰਜਾਬ 'ਤੇ ਜਿੱਤ 21 ਅਪ੍ਰੈਲ 1526 ਈ. ਨੂੰ ਪ੍ਰਾਪਤ ਹੋਈ ਅਤੇ ਉਸ ਨੇ ਇਸ ਲੜਾਈ ਵਿੱਚ ਇਬਰਾਹੀਮ ਲੋਧੀ ਨੂੰ ਹਰਾਇਆ ।

**8.ਮੁਸਲਿਮ ਸਮਾਜ ਕਿਹੜੀਆਂ-ਕਿਹੜੀਆਂ ਸ਼੍ਰੇਣੀਆਂ ਵਿੱਚ ਵੰਡਿਆ ਹੋਇਆ ਸੀ?**

ਉੱਤਰ- 1. ਅਮੀਰ ਅਤੇ ਸਰਦਾਰ 2. ਉਲਮਾ ਅਤੇ ਸੱਯਦ 3. ਮੱਧ ਸ਼੍ਰੇਣੀ 4. ਗੁਲਾਮ ਜਾਂ ਦਾਸ।

**9. ਉਲਮਾ ਬਾਰੇ ਤੁਸੀਂ ਕੀ ਜਾਣਦੇ ਹੋ?**

ਉੱਤਰ –ਉਹ ਮੁਸਲਿਮ ਧਾਰਮਿਕ ਸ਼੍ਰੇਣੀ ਦੇ ਨੇਤਾ ਸਨ ਜੋ ਅਰਬੀ ਅਤੇ ਧਾਰਮਿਕ ਸਾਹਿਤ ਦੇ ਉੱਘੇ ਵਿਦਵਾਨ ਸਨ।

**10. ਮੁਸਲਿਮ ਅਤੇ ਹਿੰਦੂ ਸਮਾਜ ਦੇ ਭੋਜਨ ਵਿੱਚ ਕੀ ਫ਼ਰਕ ਸੀ?**

ਉੱਤਰ-ਮੁਸਲਿਮ ਸਮਾਜ ਵਿੱਚ ਅਮੀਰਾਂ, ਸਰਦਾਰਾਂ, ਸਯੱਦਾਂ, ਸ਼ੇਖਾਂ, ਮੁੱਲਾਂ ਅਤੇ ਕਾਜ਼ੀਆਂ ਦੇ ਭੋਜਨ ਵਿੱਚ ਮੱਖਣ, ਮਿਰਚ, ਮਸਾਲੇ ਦੀ ਵਰਤੋਂ ਬਹੁਤ ਹੁੰਦੀ ਹੈ। ਹਿੰਦੂਆਂ ਦਾ ਭੋਜਨ ਸਾਦਾ ਅਤੇ ਸ਼ਾਕਾਹਾਰੀ ਸੀ। ਭੋਜਨ ਵਿੱਚ ਦਾਲਾਂ, ਸਬਜ਼ੀਆਂ, ਕਣਕ, ਚੌਲ, ਦੁੱਧ, ਦਹੀਂ ਅਤੇ ਘਿਓ ਪ੍ਰਚਲਿਤ ਸੀ।

**11.ਸੱਯਦ ਕੌਣ ਸਨ?**

ਉੱਤਰ- ਸੱਯਦ ਆਪਣੇ ਆਪ ਨੂੰ ਹਜ਼ਰਤ ਮੁਹੰਮਦ ਦੀ ਪੁੱਤਰੀ ਬੀਬੀ ਫਾਤਿਮਾ ਦੀ ਔਲਾਦ ਮੰਨਦੇ ਸਨ। ਮੁਸਲਿਮ ਸਮਾਜ ਵਿੱਚ ਇਨ੍ਹਾਂ ਦੀ ਕਾਫੀ ਇੱਜ਼ਤ ਸੀ ।

**12.ਮੁਸਲਿਮ ਮੱਧ ਸ਼੍ਰੇਣੀ ਦਾ ਵਰਣਨ ਕਰੋ ।**

ਉੱਤਰ-ਇਸ ਸ਼੍ਰੇਣੀ ਵਿੱਚ ਸਰਕਾਰੀ ਕਰਮਚਾਰੀ, ਸਿਪਾਹੀ, ਵਪਾਰੀ ਅਤੇ ਕਿਸਾਨ ਆਉਂਦੇ ਸਨ। ਇਨ੍ਹਾਂ ਦੀ ਆਰਥਿਕ ਹਾਲਤ ਚੰਗੀ ਸੀ। ਸਰਕਾਰੀ ਅਹੁਦਿਆਂ 'ਤੇ ਲੱਗੇ ਲੋਕਾਂ ਦਾ ਸਮਾਜਿਕ ਪੱਧਰ ਉੱਚਾ ਮੰਨਿਆ ਜਾਂਦਾ ਸੀ।

**13. ਮੁਸਲਮਾਨ ਇਸਤਰੀਆਂ ਦੇ ਪਹਿਰਾਵੇ ਦਾ ਵਰਣਨ ਕਰੋ ।**

ਉੱਤਰ-ਮੁਸਲਮਾਨ ਔਰਤਾਂ ਜੰਪਰ ,ਘੱਗਰਾ, ਤੰਗ ਪਜਾਮਾ ਅਤੇ ਪਰਦੇ ਲਈ ਬੁਰਕਾ ਪਹਿਨਦੀਆਂ ਸਨ।

**14.ਮੁਸਲਮਾਨਾਂ ਦੇ ਮਨ-ਪਰਚਾਵੇ ਦੇ ਸਾਧਨਾਂ ਦਾ ਵਰਣਨ ਕਰੋ।**

ਉੱਤਰ-ਮੁਸਲਮਾਨ ਸਰਦਾਰਾਂ ਅਤੇ ਅਮੀਰਾਂ ਦੇ ਮਨ ਪਰਚਾਵੇ ਦੇ ਮੁੱਖ ਸਾਧਨ ਚੌਗਾਨ, ਘੋੜਸਵਾਰੀ, ਘੋੜ-ਦੌੜ, ਨਾਚ ਦੇਖਣਾ ਅਤੇ ਸੰਗੀਤ ਸੁਣਨਾ ਸੀ। ਚੌਪਟ ਦੀ ਖੇਡ ਅਮੀਰ ਅਤੇ ਗ਼ਰੀਬ ਦੋਹਾਂ ਵਿੱਚ ਪ੍ਰਚਲਿਤ ਸੀ।

**15.ਕਿਸ ਘਟਨਾ ਨੂੰ ਸੱਚਾ ਸੌਦਾ ਦਾ ਨਾਂ ਦਿੱਤਾ ਗਿਆ ਹੈ ?**

ਉੱਤਰ-ਗੁਰੂ ਨਾਨਕ ਦੇਵ ਜੀ ਦੇ ਪਿ ਪਿਤਾ ਜੀ ਦੁਆਰਾ ਵਪਾਰ ਕਰਨ ਲਈ ਦਿੱਤੇ ਗਏ 20 ਰੁਪਈਆਂ ਨਾਲ, ਭੁੱਖੇ ਸਾਧੂਆਂ ਨੂੰ ਭੋਜਨ ਖੁਆਉਣ ਵਾਲੀ ਘਟਨਾ ਨੂੰ 'ਸੱਚਾ ਸੌਦਾ' ਦਾ ਨਾਂ ਦਿੱਤਾ ਗਿਆ ਹੈ ।

**16.ਗੁਰੂ ਨਾਨਕ ਦੇਵ ਜੀ ਨੇ ਗਿਆਨ ਦੀ ਪ੍ਰਾਪਤੀ ਤੋਂ ਬਾਅਦ ਕੀ ਸ਼ਬਦ ਕਹੇ ਅਤੇ ਇਨ੍ਹਾਂ ਦਾ ਕੀ ਭਾਵ ਸੀ ?**

ਉੱਤਰ- ਗਿਆਨ ਪ੍ਰਾਪਤੀ ਤੋਂ ਬਾਅਦ ਗੁਰੂ ਨਾਨਕ ਦੇਵ ਜੀ ਨੇ 'ਨਾ ਕੋਈ ਹਿੰਦੂ, ਨਾ ਕੋਈ ਮੁਸਲਮਾਨ' ਸ਼ਬਦ ਉਚਾਰੇ। ਇਨ੍ਹਾਂ ਦਾ ਭਾਵ ਸੀ ਕਿ ਹਿੰਦੂ ਅਤੇ ਮੁਸਲਮਾਨ ਦੋਵੇਂ ਹੀ ਇੱਕ ਸਮਾਨ ਹਨ ।

**17.ਗੁਰੂ ਨਾਨਕ ਦੇਵ ਜੀ ਦੀਆਂ ਰਚੀਆਂ ਚਾਰ ਬਾਣੀਆਂ ਦੇ ਨਾਂ ਲਿਖੋ ।**

ਉੱਤਰ- ਵਾਰ ਆਸਾ, ਵਾਰ ਮਲ੍ਹਾਰ,ਵਾਰ ਮਾਝ ਅਤੇ ਜਪੁਜੀ ਸਾਹਿਬ ।

**18.ਗੁਰੂ ਨਾਨਕ ਦੇਵ ਜੀ ਅਨੁਸਾਰ ਪਰਮਾਤਮਾ ਕਿਹੋ ਜਿਹਾ ਸੀ ?**

ਉੱਤਰ -ਗੁਰੂ ਜੀ ਅਨੁਸਾਰ ਪਰਮਾਤਮਾ ਨਿਰਾਕਾਰ, ਸਰਵ ਸ਼ਕਤੀਮਾਨ, ਸਰਵ ਵਿਆਪਕ ਤੇ ਸਰਵਉੱਚ ਹੈ ।

**19.ਗੁਰੂ ਨਾਨਕ ਦੇਵ ਜੀ ਕਿਹੋ ਜਿਹਾ ਜਨੇਊ ਚਾਹੁੰਦੇ ਸਨ?**

ਉੱਤਰ-ਜੋ ਸਦਗੁਣਾਂ ਦੇ ਧਾਗੇ ਤੋਂ ਬਣਿਆ ਹੋਵੇ।

**20.ਭਾਈ ਲਹਿਣਾ ਕਿਸ ਗੁਰੂ ਦਾ ਪਹਿਲਾ ਨਾਮ ਸੀ ?**

ਉੱਤਰ - ਸ੍ਰੀ ਗੁਰੂ ਅੰਗਦ ਦੇਵ ਜੀ ਦਾ ।

**21.ਲੰਗਰ ਪ੍ਰਥਾ ਤੋਂ ਕੀ ਭਾਵ ਹੈ ?**

ਉੱਤਰ-ਉਹ ਪ੍ਰਥਾ ਜਿਸ ਅਨੁਸਾਰ ਸਾਰੀਆਂ ਜਾਤਾਂ ਅਤੇ ਧਰਮਾਂ ਦੇ ਲੋਕ ਬਿਨ੍ਹਾਂ ਕਿਸੇ ਭੇਦ-ਭਾਵ ਦੇ ਇੱਕ ਹੀ ਪੰਗਤ ਵਿੱਚ ਇਕੱਠੇ ਬੈਠ ਕੇ ਲੰਗਰ ਛੱਕਦੇ ਹਨ ।

**22. ਸ੍ਰੀ ਗੋਇੰਦਵਾਲ ਵਿੱਚ ਬਾਉਲੀ ਦੀ ਨੀਂਹ ਕਿਸ ਗੁਰੂ ਜੀ ਨੇ ਰੱਖੀ ਸੀ ?**

ਉੱਤਰ-ਸ੍ਰੀ ਗੁਰੂ ਅੰਗਦ ਦੇਵ ਜੀ ਨੇ ।

**23.ਅਕਬਰ ਕਿਹੜੇ ਗੁਰੂ ਸਾਹਿਬ ਨੂੰ ਮਿਲਣ ਗੋਇੰਦਵਾਲ ਆਇਆ ਸੀ ?**

ਉੱਤਰ- ਸ੍ਰੀ ਗੁਰੂ ਅਮਰਦਾਸ ਜੀ ਨੂੰ ।

**24.ਮਸੰਦ ਪ੍ਰਥਾ ਦੇ ਉਦੇਸ਼ ਲਿਖੋ ।**

ਉੱਤਰ -ਸਿੱਖ ਧਰਮ ਦੇ ਵਿਕਾਸ ਲਈ ਧਨ ਇਕੱਠਾ ਕਰਨਾ, ਸਿੱਖ ਧਰਮ ਦਾ ਪ੍ਰਚਾਰ ਕਰਨਾ ਅਤੇ ਸਿੱਖਾਂ ਨੂੰ ਸੰਗਠਿਤ ਕਰਨਾ ।

**25. ਸ੍ਰੀ ਹਰਿਮੰਦਰ ਸਾਹਿਬ ਦਾ ਨੀਂਹ ਪੱਥਰ ਕਦੋਂ ਅਤੇ ਕਿਸ ਨੇ ਰੱਖਿਆ ?**

ਉੱਤਰ -1589 ਈ. ਵਿੱਚ ਸੂਫ਼ੀ ਫ਼ਕੀਰ ਸਾਂਈ ਮੀਆਂ ਮੀਰ ਜੀ ਨੇ ।

**26.'ਦਸਵੰਧ' ਤੋਂ ਕੀ ਭਾਵ ਹੈ ?**

ਉੱਤਰ-ਦਸਵੰਧ ਤੋਂ ਭਾਵ ਹੈ ਕਿ ਹਰੇਕ ਸਿੱਖ ਆਪਣੀ ਆਮਦਨ ਦਾ ਦਸਵਾਂ ਹਿੱਸਾ ਗੁਰੂ ਜੀ ਦੇ ਨਾਂ ਭੇਂਟ ਕਰੇ ।

**27.ਆਦਿ ਗ੍ਰੰਥ ਸਾਹਿਬ ਦਾ ਸੰਕਲਨ ਕਿਉਂ ਕੀਤਾ ਗਿਆ ?**

ਉੱਤਰ-ਆਦਿ ਗ੍ਰੰਥ ਸਾਹਿਬ ਦਾ ਸੰਕਲਨ ਸਿੱਖਾਂ ਨੂੰ ਗੁਰੂ ਸਾਹਿਬਾਨ ਦੀ ਸ਼ੁੱਧ ਅਤੇ ਪ੍ਰਮਾਣਿਕ ਬਾਣੀ ਦਾ ਗਿਆਨ ਕਰਾਉਣ ਲਈ ਕੀਤਾ ਗਿਆ ।

**28.ਗੋਇੰਦਵਾਲ ਬਾਰੇ ਤੁਸੀਂ ਕੀ ਜਾਣਦੇ ਹੋ?**

ਉੱਤਰ- ਗੁਰੂ ਅੰਗਦ ਦੇਵ ਜੀ ਨੇ ਗੋਇੰਦਵਾਲ ਸ਼ਹਿਰ ਦੀ ਸਥਾਪਨਾ ਕੀਤੀ ਤੇ ਗੁਰੂ ਅਮਰਦਾਸ ਜੀ ਦੇ ਸਮੇਂ ਇਹ ਸ਼ਹਿਰ ਸਿੱਖਾਂ ਦਾ ਪ੍ਰਸਿੱਧ ਕੇਂਦਰ ਬਣ ਗਿਆ।

**29.ਸਤੀ ਪ੍ਰਥਾ ਬਾਰੇ ਗੁਰੂ ਅਮਰਦਾਸ ਜੀ ਦੇ ਕੀ ਵਿਚਾਰ ਸਨ ?**

ਉੱਤਰ-ਗੁਰੂ ਜੀ ਨੇ ਸਤੀ ਪ੍ਰਥਾ ਦਾ ਖੰਡਨ ਕੀਤਾ ਤੇ ਕਿਹਾ ਕਿ 'ਉਸ ਨਾਰੀ ਨੂੰ ਸਤੀ ਨਹੀਂ ਕਿਹਾ ਜਾ ਸਕਦਾ ਜੋ ਆਪਣੇ ਪਤੀ ਦੀ ਚਿਤਾ ਵਿੱਚ ਸੜ ਜਾਂਦੀ ਹੈ। ਅਸਲ ਵਿੱਚ ਸਤੀ ਨਾਰੀ ਉਹ ਹੈ ਜੋ ਪਤੀ ਦੇ ਵਿਛੋੜੇ ਤੇ ਦੁੱਖ ਦੀ ਪੀੜ ਸਹਿਣ ਕਰਦੀ ਹੈ ।'

**30.ਰਾਮਦਾਸਪੁਰ ਜਾਂ ਅੰਮ੍ਰਿਤਸਰ ਦੀ ਸਥਾਪਨਾ ਦੀ ਮਹੱਤਤਾ ਦੱਸੋ ।**

ਉੱਤਰ -ਇਸ ਨਗਰ ਦੀ ਸਥਾਪਨਾ ਨਾਲ ਸਿੱਖਾਂ ਨੂੰ ਇੱਕ ਅਲੱਗ ਤੀਰਥ ਸਥਾਨ ਮਿਲ ਗਿਆ ਤੇ ਸਿੱਖ ਧਰਮ ਦਾ ਵਿਕਾਸ ਹੋਇਆ ।

**31.ਗੁਰੂ ਅਰਜਨ ਦੇਵ ਜੀ ਨੂੰ ਆਦਿ ਗ੍ਰੰਥ ਦੀ ਸਥਾਪਨਾ ਦੀ ਕਿਉਂ ਲੋੜ ਪਈ ?**

ਉੱਤਰ -ਸਿੱਖਾਂ ਨੂੰ ਗੁਰੂਆਂ ਦੀ ਸੰਪੂਰਨ, ਸ਼ੁੱਧ ਅਤੇ ਪ੍ਰਮਾਣਿਕ ਬਾਣੀ ਦਾ ਗਿਆਨ ਕਰਾਉਣ ਲਈ ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਦਾ ਸੰਕਲਨ ਕੀਤਾ।

**32.'ਮੀਰੀ' ਅਤੇ 'ਪੀਰੀ' ਦੀਆਂ ਤਲਵਾਰਾਂ ਦੀ ਵਿਸ਼ੇਸ਼ਤਾ ਦੱਸੋ ।**

ਉੱਤਰ-ਗੁਰੂ ਹਰਗੋਬਿੰਦ ਸਾਹਿਬ ਜੀ ਨੇ ਗੱਦੀ ਤੇ ਬੈਠਣ ਸਮੇਂ ਮੀਰੀ ਅਤੇ ਪੀਰੀ ਨਾਂ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ ।'ਮੀਰੀ' ਦੀ ਤਲਵਾਰ ਉਨ੍ਹਾਂ ਦੇ ਸੰਸਾਰਿਕ ਵਿਸ਼ਿਆਂ ਦੇ ਮਾਮਲਿਆਂ ਵਿੱਚ ਅਗਵਾਈ ਕਰਦੀ ਸੀ ਅਤੇ ਪੀਰੀ ਦੀ ਤਲਵਾਰ ਧਾਰਮਿਕ ਵਿਸ਼ਿਆਂ ਵਿੱਚ ਅਗਵਾਈ ਦੀ ਪ੍ਰਤੀਕ ਸੀ।

**33.ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ? ਉਹਨਾਂ ਦੇ ਮਾਤਾ ਪਿਤਾ ਜੀ ਦਾ ਨਾਂ ਵੀ ਦੱਸੋ ।**

ਉੱਤਰ-ਗੁਰੂ ਗੋਬਿੰਦ ਸਿੰਘ ਜੀ ਦਾ ਜਨਮ 22 ਦਸੰਬਰ 1666 ਈ. ਨੂੰ ਪਟਨਾ (ਬਿਹਾਰ ਦੀ ਰਾਜਧਾਨੀ)ਵਿਖੇ ਹੋਇਆ। ਉਹਨਾਂ ਦੇ ਪਿਤਾ ਜੀ ਦਾ ਨਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਮਾਤਾ ਜੀ ਦਾ ਨਾਂ ਗੁਜਰੀ ਸੀ।

**34.ਬਚਪਨ ਵਿੱਚ ਪਟਨਾ ਵਿਖੇ ਗੁਰੂ ਗੋਬਿੰਦ ਰਾਏ ਜੀ ਕੀ-ਕੀ ਖੇਡਾਂ ਖੇਡਦੇ ਹੁੰਦੇ ਸਨ?**

ਉੱਤਰ- ਬਚਪਨ ਵਿੱਚ ਗੁਰੂ ਜੀ ਆਪਣੇ ਸਾਥੀਆਂ ਦੀਆਂ ਦੌੜਾਂ ਅਤੇ ਕੁਸ਼ਤੀਆਂ ਕਰਵਾਇਆ ਕਰਦੇ ਸਨ ਅਤੇ ਆਪਣੇ ਸਾਥੀ ਬੱਚਿਆਂ ਨੂੰ ਦੋ ਹਿੱਸਿਆਂ ਵਿੱਚ ਵੰਡ ਕੇ ਉਹਨਾਂ ਤੋਂ ਨਕਲੀ ਯੁੱਧ ਵੀ ਕਰਵਾਇਆ ਕਰਦੇ ਸਨ ।

**35.ਗੁਰੂ ਗੋਬਿੰਦ ਰਾਏ ਜੀ ਨੇ ਕਿਸ-ਕਿਸ ਅਧਿਆਪਕ ਤੋਂ ਸਿੱਖਿਆ ਪ੍ਰਾਪਤ ਕੀਤੀ?**

ਉੱਤਰ-ਗੁਰੂ ਜੀ ਨੇ ਕਾਜ਼ੀ ਪੀਰ ਮੁਹੰਮਦ ਤੋਂ ਫਾਰਸੀ, ਪੰਡਤ ਹਰਜਸ ਤੋਂ ਸੰਸਕ੍ਰਿਤ, ਰਾਜਪੂਤ ਬਜਰ ਸਿੰਘ ਤੋਂ ਘੋੜ-ਸਵਾਰੀ ਅਤੇ ਅਸਤਰ-ਸ਼ਸਤਰ ਚਲਾਉਣ ਦੀ ਸਿੱਖਿਆ ਅਤੇ ਗੁਰਮੁਖੀ ਦਾ ਗਿਆਨ ਉਹਨਾਂ ਨੇ ਭਾਈ ਸਾਹਿਬ ਚੰਦ ਅਤੇ ਭਾਈ ਸਤੀ ਦਾਸ ਤੋਂ ਪ੍ਰਾਪਤ ਕੀਤਾ।

**36.ਕਸ਼ਮੀਰੀ ਪੰਡਤਾਂ ਦੀ ਕੀ ਸਮੱਸਿਆ ਸੀ? ਗੁਰੂ ਤੇਗ ਬਹਾਦਰ ਜੀ ਨੇ ਉਸਨੂੰ ਕਿਵੇਂ ਹੱਲ ਕੀਤਾ ?**

ਉੱਤਰ-ਕਸ਼ਮੀਰੀ ਪੰਡਤਾਂ ਨੂੰ ਔਰੰਗਜ਼ੇਬ ਜ਼ਬਰਦਸਤੀ ਮੁਸਲਮਾਨ ਬਣਾਉਣਾ ਚਾਹੁੰਦਾ ਸੀ।ਗੁਰੂ ਜੀ ਨੇ ਉਹਨਾਂ ਦੀ ਇਸ ਸਮੱਸਿਆ ਨੂੰ ਆਪਣਾ ਬਲੀਦਾਨ ਦੇ ਕੇ ਹੱਲ ਕੀਤਾ ।

**37.ਭੰਗਾਣੀ ਦੀ ਜਿੱਤ ਤੋਂ ਬਾਅਦ ਗੁਰੂ ਗੋਬਿੰਦ ਰਾਏ ਜੀ ਨੇ ਕਿਹੜੇ-ਕਿਹੜੇ ਕਿਲ੍ਹੇ ਉਸਾਰੇ?**

ਉੱਤਰ-ਅਨੰਦਗੜ੍ਹ, ਕੇਸਗੜ੍ਹ, ਲੋਹਗੜ੍ਹ ਅਤੇ ਫ਼ਤਿਹਗੜ੍ਹ।

**38.ਪੰਜ ਪਿਆਰਿਆਂ ਦੇ ਨਾਂ ਲਿਖੋ ।**

ਉੱਤਰ- ਭਾਈ ਧਰਮ ਸਿੰਘ, ਭਾਈ ਮੋਹਕਮ ਸਿੰਘ, ਭਾਈ ਸਾਹਿਬ ਸਿੰਘ, ਭਾਈ ਦਇਆ ਸਿੰਘ ਅਤੇ ਭਾਈ ਹਿੰਮਤ ਸਿੰਘ।

**39.ਗੁਰੂ ਗੋਬਿੰਦ ਸਿੰਘ ਜੀ ਜੋਤੀ-ਜੋਤਿ ਕਿਵੇਂ ਸਮਾਏ?**

ਉੱਤਰ- ਗੁਰੂ ਜੀ ਜਦੋਂ ਸੌਂ ਰਹੇ ਸਨ ਤਾਂ ਇੱਕ ਪਠਾਣ ਨੇ ਮੌਕਾ ਦੇਖ ਕੇ ਗੁਰੂ ਜੀ ਦੇ ਢਿੱਡ ਵਿੱਚ ਛੁਰਾ ਖੋਭ ਦਿੱਤਾ। ਜ਼ਖ਼ਮ ਦੇ ਵਿਗੜ ਜਾਣ ਕਾਰਨ 7 ਅਕਤੂਬਰ,1708 ਈ. ਨੂੰ ਗੁਰੂ ਜੀ ਜੋਤੀ-ਜੋਤਿ ਸਮਾ ਗਏ।

**40.ਖੰਡੇ ਦੀ ਪਾਹੁਲ ਤਿਆਰ ਕਰਨ ਸਮੇਂ ਕਿੰਨ੍ਹਾਂ -ਕਿੰਨ੍ਹਾਂ ਬਾਣੀਆਂ ਦਾ ਪਾਠ ਕੀਤਾ ਜਾਂਦਾ ਹੈ?**

ਉੱਤਰ- ਜਪੁਜੀ ਸਾਹਿਬ,ਅਨੰਦ ਸਾਹਿਬ ,ਜਾਪੁ ਸਾਹਿਬ ,ਸਵੈਯੇ ਅਤੇ ਚੌਪਈ ਸਾਹਿਬ।

**41.ਖਾਲਸਾ ਦੀ ਸਾਜਨਾ ਕਦੋਂ ਅਤੇ ਕਿੱਥੇ ਕੀਤੀ ਗਈ?**

ਉੱਤਰ- 1699 ਈ. ਵਿੱਚ ਵਿਸਾਖੀ ਵਾਲੇ ਦਿਨ ਸ੍ਰੀ ਅਨੰਦਪੁਰ ਸਾਹਿਬ ਵਿਖੇ।

**42.ਬਿਲਾਸਪੁਰ ਦੇ ਰਾਜਾ ਭੀਮ ਚੰਦ ਉੱਤੇ ਖਾਲਸਾ ਸਿਰਜਣਾ ਦਾ ਕੀ ਅਸਰ ਹੋਇਆ?**

ਉੱਤਰ-ਉਹ ਗੁਰੂ ਜੀ ਦੀਆਂ ਸੈਨਿਕ ਕਾਰਵਾਈਆਂ ਦੇਖ ਕੇ ਘਬਰਾ ਗਿਆ ਅਤੇ ਉਨ੍ਹਾਂ ਦੀ ਸ਼ਕਤੀ ਨੂੰ ਦਬਾਉਣ ਲਈ ਹੋਰ ਪਹਾੜੀ ਰਾਜਿਆਂ ਨਾਲ ਗੱਠਜੋੜ ਕਰਨ ਲੱਗਾ।

**43.ਨਦੌਣ ਦੀ ਲੜਾਈ ਦਾ ਕੀ ਕਾਰਨ ਸੀ?**

ਉੱਤਰ-ਨਾਦੌਣ ਦੀ ਲੜਾਈ ਪਹਾੜੀ ਰਾਜਿਆਂ ਅਤੇ ਮੁਗਲਾਂ ਵਿਚਕਾਰ ਹੋਈ। ਇਸ ਲੜਾਈ ਵਿੱਚ ਗੁਰੂ ਜੀ ਨੇ ਪਹਾੜੀ ਰਾਜਿਆਂ ਦਾ ਸਾਥ ਦਿੱਤਾ ਸੀ। ਇਸ ਦਾ ਇੱਕੋ-ਇੱਕ ਕਾਰਨ ਇਹ ਸੀ ਕਿ ਗੁਰੂ ਜੀ ਨਾਲ ਮਿੱਤਰਤਾ ਸਥਾਪਿਤ ਕਰਨ ਪਿੱਛੋਂ ਬਿਲਾਸਪੁਰ ਦੇ ਰਾਜਾ ਭੀਮ ਚੰਦ ਅਤੇ ਹੋਰ ਪਹਾੜੀ ਰਾਜਿਆਂ ਨੇ ਮੁਗਲ ਸਰਕਾਰ ਨੂੰ ਸਲਾਨਾ ਕਰ ਦੇਣਾ ਬੰਦ ਕਰ ਦਿੱਤਾ ਸੀ।

**44.ਪੂਰਵ-ਖ਼ਾਲਸਾ ਕਾਲ ਅਤੇ ਉੱਤਰ-ਖ਼ਾਲਸਾ ਕਾਲ ਤੋਂ ਤੁਹਾਡਾ ਕੀ ਭਾਵ ਹੈ?**

ਉੱਤਰ-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਗੁਰ-ਗੱਦੀ ਸੰਭਾਲਣ ਤੋਂ ਲੈ ਕੇ ਖ਼ਾਲਸਾ ਪੰਥ ਦੀ ਸਾਜਨਾ ਤੱਕ ਨੂੰ ਪੂਰਵ-ਖ਼ਾਲਸਾ ਕਾਲ ਅਤੇ ਖ਼ਾਲਸਾ ਦੀ ਸਾਜਨਾ ਤੋਂ ਬਾਅਦ ਦੇ ਸਮੇਂ ਨੂੰ ਉੱਤਰ-ਖਾਲਸਾ ਕਾਲ ਕਿਹਾ ਜਾਂਦਾ ਹੈ।

**45.ਸ੍ਰੀ ਮੁਕਤਸਰ ਸਾਹਿਬ ਦਾ ਪੁਰਾਣਾ ਨਾਂ ਕੀ ਸੀ? ਇਸ ਦਾ ਇਹ ਨਾਂ ਕਿਉਂ ਪਿਆ?**

ਉੱਤਰ- ਸ੍ਰੀ ਮੁਕਤਸਰ ਸਾਹਿਬ ਦਾ ਪੁਰਾਣਾ ਨਾਮ ਖਿਦਰਾਣਾ ਸੀ। ਅਨੰਦਪੁਰ ਸਾਹਿਬ ਦੀ ਦੂਜੀ ਲੜਾਈ ਵਿੱਚ ਜੋ ਚਾਲੀ ਸਿੰਘ ਗੁਰੂ ਜੀ ਨੂੰ ਬੇਦਾਵਾ ਲਿਖ ਕੇ ਗੁਰੂ ਜੀ ਦਾ ਸਾਥ ਛੱਡ ਗਏ ਸਨ, ਉਹ ਸਿੰਘ ਇੱਥੇ ਖਿਦਰਾਣਾ ਦੀ ਢਾਬ ਉੱਤੇ ਮੁਗਲਾਂ ਵਿਰੁੱਧ ਲੜਦੇ ਸ਼ਹੀਦ ਹੋ ਗਏ। ਗੁਰੂ ਜੀ ਨੇ ਚਾਲੀ ਸਿੰਘਾਂ ਦੀ ਬਹਾਦਰੀ ਦੇਖ ਕੇ ਉਹਨਾਂ ਦੇ ਮੁਖੀ ਭਾਈ ਮਹਾਂ ਸਿੰਘ ਦੇ ਸਾਹਮਣੇ ਬੇਦਾਵਾ ਪਾੜ ਦਿੱਤਾ। ਜਿਸ ਕਾਰਨ ਇਤਿਹਾਸ ਵਿੱਚ ਉਨ੍ਹਾਂ ਨੂੰ 'ਚਾਲੀ ਮੁਕਤੇ' ਕਹਿ ਕੇ ਯਾਦ ਕੀਤਾ ਜਾਂਦਾ ਹੈ। ਉਨ੍ਹਾਂ ਦੀ ਯਾਦ ਵਿੱਚ ਹੀ 'ਖਿਦਰਾਣੇ ਦੀ ਢਾਬ' ਦਾ ਨਾਂ 'ਮੁਕਤਸਰ' ਪੈ ਗਿਆ।

**46.'ਜ਼ਫ਼ਰਨਾਮਾ' ਨਾਮਕ ਖਤ ਗੁਰੂ ਗੋਬਿੰਦ ਸਿੰਘ ਜੀ ਨੇ ਕਿਸ ਨੂੰ ਲਿਖਿਆ ਸੀ?**

ਉੱਤਰ-ਔਰੰਗਜ਼ੇਬ ਨੂੰ।

**47. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਦੋ ਪ੍ਰਸਿੱਧ ਰਚਨਾਵਾਂ ਦੇ ਨਾਂ ਲਿਖੋ।**

ਉੱਤਰ-ਜਾਪੁ ਸਾਹਿਬ, ਬਚਿੱਤਰ ਨਾਟਕ, ਜ਼ਫ਼ਰਨਾਮਾ ,ਚੰਡੀ ਦੀ ਵਾਰ।

**48. ਬੰਦਾ ਸਿੰਘ ਬਹਾਦਰ ਦੱਖਣ ਤੋਂ ਪੰਜਾਬ ਵੱਲ ਕਿਉਂ ਆਇਆ ?**

ਉੱਤਰ-ਮੁਗਲਾਂ ਵਿਰੁੱਧ ਸੈਨਿਕ ਕਾਰਵਾਈ ਕਰਨ ਲਈ।

**49.ਸਦਾ ਕੌਰ ਕੌਣ ਸੀ ?**

ਉੱਤਰ-ਸਦਾ ਕੌਰ ਮਹਾਰਾਜਾ ਰਣਜੀਤ ਸਿੰਘ ਦੀ ਸੱਸ ਅਤੇ ਕਨ੍ਹੱਈਆ ਮਿਸਲ ਦੀ ਨੇਤਾ ਸੀ ।

**50. ਮਹਾਰਾਜਾ ਰਣਜੀਤ ਸਿੰਘ ਦਾ ਜਨਮ ਕਦੋਂ ਹੋਇਆ? ਉਸਦੇ ਪਿਤਾ ਦਾ ਕੀ ਨਾਂ ਸੀ ?**

ਉੱਤਰ-ਮਹਾਰਾਜਾ ਰਣਜੀਤ ਸਿੰਘ ਦਾ ਜਨਮ 13 ਨਵੰਬਰ 1780 ਈ. ਵਿੱਚ ਸ਼ੁਕਰਚੱਕੀਆ ਮਿਸਲ ਦੇ ਸਰਦਾਰ ਮਹਾਂ ਸਿੰਘ ਦੇ ਘਰ ਹੋਇਆ ।

**51.ਮਹਿਤਾਬ ਕੌਰ ਕੌਣ ਸੀ?**

ਉੱਤਰ-ਮਹਾਰਾਜਾ ਰਣਜੀਤ ਸਿੰਘ ਦੀ ਪਤਨੀ ।

**52.ਤਿੱਕੜੀ ਦੀ ਸਰਪ੍ਰਸਤੀ' ਦਾ ਕਾਲ ਕਿਸ ਨੂੰ ਕਿਹਾ ਜਾਂਦਾ ਹੈ ?**

ਉੱਤਰ-1792 ਤੋਂ 1797 ਈ. ਤੱਕ ਜਦੋਂ ਮਹਾਰਾਜਾ ਰਣਜੀਤ ਸਿੰਘ ਨਾਬਾਲਗ ਸੀ, ਸ਼ੁਕਰਚੱਕੀਆ ਮਿਸਲ ਦਾ ਰਾਜ ਪ੍ਰਬੰਧ ਰਾਜ ਕੌਰ, ਦੀਵਾਨ ਲਖਪਤ ਰਾਏ ਅਤੇ ਸਦਾ ਕੌਰ ਦੇ ਹੱਥਾਂ ਵਿੱਚ ਰਿਹਾ । ਜਿਸਨੂੰ 'ਤਿੱਕੜੀ ਦੀ ਸਰਪ੍ਰਸਤੀ' ਦਾ ਕਾਲ ਕਿਹਾ ਜਾਂਦਾ ਹੈ ।

**53.ਲਾਹੌਰ ਦੇ ਸ਼ਹਿਰੀਆਂ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਲਾਹੌਰ 'ਤੇ ਹਮਲਾ ਕਰਨ ਦਾ ਕਿਉਂ ਸੱਦਾ ਦਿੱਤਾ?**

ਉੱਤਰ-ਭੰਗੀ ਸਰਦਾਰਾਂ ਦੇ ਸ਼ਾਸਨ ਤੋਂ ਤੰਗ ਆ ਕੇ ।

**54.ਭਸੀਨ ਦੀ ਲੜਾਈ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਖਿਲਾਫ ਕਿਹੜੇ -ਕਿਹੜੇ ਸਰਦਾਰ ਸਨ?**

ਉੱਤਰ- ਜੱਸਾ ਸਿੰਘ ਰਾਮਗੜ੍ਹੀਆ, ਗੁਲਾਬ ਸਿੰਘ ਭੰਗੀ, ਸਾਹਿਬ ਸਿੰਘ ਭੰਗੀ , ਜੋਧ ਸਿੰਘ ਅਤੇ ਨਿਜ਼ਾਮਉਦੀਨ ।

**55.ਅੰਮ੍ਰਿਤਸਰ ਅਤੇ ਲੋਹਗੜ੍ਹ ਉੱਤੇ ਮਹਾਰਾਜਾ ਰਣਜੀਤ ਸਿੰਘ ਨੇ ਕਿਉਂ ਹਮਲਾ ਕੀਤਾ?**

ਉੱਤਰ- ਕਿਉਂਕਿ ਅੰਮ੍ਰਿਤਸਰ ਸਿੱਖਾਂ ਦੀ ਧਾਰਮਿਕ ਰਾਜਧਾਨੀ ਬਣ ਚੁੱਕਾ ਸੀ ਤੇ ਲੋਹਗੜ੍ਹ ਦਾ ਆਪਣਾ ਸੈਨਿਕ ਮਹੱਤਵ ਸੀ ।

**56. ਤਾਰਾ ਸਿੰਘ ਘੇਬਾ ਕਿਸ ਮਿਸਲ ਦਾ ਨੇਤਾ ਸੀ?**

ਉੱਤਰ- ਡੱਲੇਵਾਲੀਆ ਮਿਸਲ ਦਾ।

**57.ਮੁਦਕੀ ਦੀ ਲੜਾਈ ਵਿੱਚ ਸਿੱਖਾਂ ਦੀ ਕਿਉਂ ਹਾਰ ਹੋਈ?**

ਉੱਤਰ: ਸਿੱਖ ਸੈਨਾ ਦੀ ਘੱਟ ਗਿਣਤੀ ਹੋਣ ਕਾਰਨ ਅਤੇ ਲਾਲ ਸਿੰਘ ਦੀ ਗੱਦਾਰੀ ਕਾਰਨ ਸਿੱਖਾਂ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ।

**58.ਸਭਰਾਉਂ ਦੀ ਲੜਾਈ ਕਦੋਂ ਹੋਈ ਅਤੇ ਇਸ ਦਾ ਕੀ ਸਿੱਟਾ ਨਿਕਲਿਆ?**

ਉੱਤਰ: ਸਭਰਾਉਂ ਦੀ ਲੜਾਈ 10 ਫਰਵਰੀ 1846 ਈ: ਨੂੰ ਹੋਈ। ਸਭਰਾਉਂ ਦੀ ਜਿੱਤ ਪਿੱਛੋਂ ਅੰਗਰੇਜ਼ ਸੈਨਾ ਨੇ ਸਤਲੁਜ ਨਦੀ ਨੂੰ ਬਿਨ੍ਹਾਂ ਕਿਸੇ ਵਿਰੋਧ ਦੇ ਪਾਰ ਕਰ ਲਿਆ।

**59.ਪੰਜਾਬ ਨੂੰ ਅੰਗਰੇਜ਼ੀ ਰਾਜ ਵਿੱਚ ਕਦੋਂ ਸ਼ਾਮਿਲ ਕੀਤਾ ਗਿਆ ਅਤੇ ਉਸ ਸਮੇਂ ਭਾਰਤ ਦਾ ਗਵਰਨਰ ਜਨਰਲ ਕੌਣ ਸੀ?**

ਉੱਤਰ:ਪੰਜਾਬ ਨੂੰ 1849 ਈ: ਵਿੱਚ ਅੰਗਰੇਜ਼ੀ ਰਾਜ ਵਿੱਚ ਸ਼ਾਮਿਲ ਕੀਤਾ ਗਿਆ। ਉਸ ਸਮੇਂ ਭਾਰਤ ਦਾ ਗਵਰਨਰ ਜਨਰਲ ਲਾਰਡ ਡਲਹੌਜ਼ੀ ਸੀ।

**60. 1857 ਈ. ਦੀ ਆਜ਼ਾਦੀ ਦੀ ਜੰਗ ਸਮੇਂ ਪੰਜਾਬ ਦੀਆਂ ਕਿਹੜੀਆਂ-ਕਿਹੜੀਆਂ ਛਾਉਣੀਆਂ ਵਿੱਚ ਬਗਾਵਤ ਹੋਈ**?

ਉੱਤਰ- **1857** ਈ. ਦੀ ਜੰਗ ਸਮੇਂ ਪੰਜਾਬ ਦੀਆਂ ਲਾਹੌਰ, ਫਿਰੋਜ਼ਪੁਰ, ਪਿਸ਼ਾਵਰ ਅਤੇ ਮੀਆਂਵਾਲੀ ਆਦਿ ਛਾਉਣੀਆਂ ਵਿੱਚ ਬਗ਼ਾਵਤ ਹੋਈ।

**61. ਸਰਦਾਰ ਅਹਿਮਦ ਖਾਂ ਖਰਲ ਨੇ ਆਜ਼ਾਦੀ ਦੀ ਜੰਗ ਵਿਚ ਕੀ ਹਿੱਸਾ ਪਾਇਆ**?

ਉੱਤਰ: ਸਰਦਾਰ ਅਹਿਮਦ ਖਾਂ ਖਰਲ ਨੇ ਆਜ਼ਾਦੀ ਲਈ ਅੰਗਰੇਜ਼ਾਂ ਨਾਲ ਟੱਕਰ ਲਈ ਅਤੇ ਅੰਤ ਵਿੱਚ ਉਹ ਪਾਕਪਟਨ ਦੇ ਨੇੜੇ ਅੰਗਰੇਜ਼ਾਂ ਦਾ ਵਿਰੋਧ ਕਰਦੇ ਹੋਏ ਸ਼ਹੀਦ ਹੋ ਗਿਆ।

**62. ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਅੰਗਰੇਜ਼ ਸਰਕਾਰ ਨਾਲ ਨਾ-ਮਿਲਵਰਤਣ ਦੀ ਭਾਵਨਾ ਕਿਵੇਂ ਦਿਖਾਈ**?

ਉੱਤਰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਵਿਦੇਸ਼ੀ ਸਰਕਾਰ, ਵਿਦੇਸ਼ੀ ਸੰਸਥਾਵਾਂ ਅਤੇ ਵਿਦੇਸ਼ੀ ਮਾਲ ਦਾ ਵਿਰੋਧ ਕਰਕੇ ਨਾ-ਮਿਲਵਰਤਨ ਦੀ ਭਾਵਨਾ ਦਿਖਾਈ।

**63. ਕਿੰਨ੍ਹਾਂ ਕਾਰਨਾਂ ਕਰਕੇ ਗ਼ਦਰ ਲਹਿਰ ਹੋਂਦ ਵਿੱਚ ਆਈ** ?

ਉੱਤਰ: ਗਦਰ ਲਹਿਰ ਹਥਿਆਰਬੰਦ ਬਗਾਵਤ ਰਾਹੀਂ ਭਾਰਤ ਨੂੰ ਆਜ਼ਾਦ ਕਰਵਾਉਣ ਲਈ ਹੋਂਦ ਵਿੱਚ ਆਈ।

**64. ਅਕਾਲੀ ਲਹਿਰ ਦੇ ਹੋਂਦ ਵਿੱਚ ਆਉਣ ਦੇ ਦੋ ਕਾਰਨ ਦੱਸੋ।**

ਉੱਤਰ:- **1** ਗੁਰਦੁਆਰਿਆਂ ਨੂੰ ਮਹੰਤਾਂ ਤੋਂ ਆਜ਼ਾਦ ਕਰਵਾਉਣਾ। **2.** ਗੁਰਦੁਆਰਿਆਂ ਦੇ ਪ੍ਰਬੰਧ ਵਿੱਚ ਸੁਧਾਰ ਲਿਆਉਣਾ।

**65. ਚਾਬੀਆਂ ਵਾਲਾ ਮੋਰਚਾ ਕਿਉਂ ਲੱਗਾ** ?

ਉੱਤਰ: ਅੰਗਰੇਜ਼ ਸਰਕਾਰ ਨੇ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਗੋਲਕ ਦੀਆਂ ਚਾਬੀਆਂ ਆਪਣੇ ਕੋਲ ਦਬਾ ਰੱਖੀਆਂ ਸਨ ਜਿਨ੍ਹਾਂ ਨੂੰ ਪ੍ਰਾਪਤ ਕਰਨ ਲਈ ਸਿੱਖਾਂ ਨੇ ਚਾਬੀਆਂ ਵਾਲਾ ਮੋਰਚਾ ਲਗਾਇਆ।

**66. ਗੁਰੂ ਕਾ ਬਾਗ ਮੋਰਚਾ ਦੇ ਕਾਰਨ ਦੱਸੋ** ?

ਉੱਤਰ: ਸਿੱਖਾਂ ਨੇ ਗੁਰੂ ਕਾ ਬਾਗ ਨੂੰ ਮਹੰਤ ਸੁੰਦਰ ਦਾਸ ਦੇ ਅਧਿਕਾਰ ਤੋਂ ਮੁਕਤ ਕਰਵਾਉਣ ਲਈ ਗੁਰੂ ਕਾ ਬਾਗ ਮੋਰਚਾ ਲਗਾਇਆ।

**67. ਸਾਇਮਨ ਕਮਿਸ਼ਨ ਭਾਰਤ ਕਦੋਂ ਆਇਆ ਅਤੇ ਇਸ ਦਾ ਬਾਈਕਾਟ ਕਿਉਂ ਕੀਤਾ ਗਿਆ** ?

ਉੱਤਰ: ਸਾਈਮਨ ਕਮਿਸ਼ਨ 1928 ਈ. ਵਿੱਚ ਭਾਰਤ ਆਇਆ। ਇਸ ਵਿੱਚ ਇੱਕ ਵੀ ਭਾਰਤੀ ਮੈਂਬਰ ਸ਼ਾਮਿਲ ਨਹੀਂ ਸੀ, ਇਸ ਕਰਕੇ ਭਾਰਤ ਵਿੱਚ ਇਸਦਾ ਵਿਰੋਧ ਕੀਤਾ ਗਿਆ।

**ਤਿੰਨ ਅੰਕ ਵਾਲੇ ਮਹੱਤਵਪੂਰਨ ਪ੍ਰਸ਼ਨ:-**

**1.ਹਿਮਾਲਾ ਦੀਆਂ ਪਹਾੜੀਆਂ ਦੇ ਕੋਈ ਪੰਜ ਲਾਭ ਲਿਖੋ।**

**ਉੱਤਰ-**1.ਹਿਮਾਲਿਆ ਪਰਬਤ ਕਰਕੇ ਪੰਜਾਬ ਦੇ ਦਰਿਆਵਾਂ ਵਿੱਚ ਸਾਰਾ ਸਾਲ ਪਾਣੀ ਵੱਗਦਾ ਰਹਿੰਦਾ ਹੈ, ਜਿਸ ਕਾਰਨ ਪੰਜਾਬ ਦੀ ਧਰਤੀ ਉਪਜਾਊ ਹੈ।

2. ਹਿਮਾਲਿਆ ਪਰਬਤ ਵਿੱਚ ਮਿਲਦੇ ਸੰਘਣੇ ਜੰਗਲਾਂ ਤੋਂ ਲੋੜੀਦੀਆਂ ਜੜ੍ਹੀਆਂ-ਬੂਟੀਆਂ ਅਤੇ ਲੱਕੜੀ ਪ੍ਰਾਪਤ ਹੁੰਦੀ ਹੈ।

3.ਮਾਨਸੂਨ ਪੌਣਾਂ ਹਿਮਾਲਾ ਪਰਬਤ ਨਾਲ ਟਕਰਾ ਕੇ ਵਰਖਾ ਕਰਦੀਆਂ ਹਨ।

4.ਜੇਕਰ ਪੰਜਾਬ ਦੇ ਉੱਤਰ ਵਿੱਚ ਇਹ ਪਰਬਤ ਨਾ ਹੁੰਦਾ ਤਾਂ ਪੰਜਾਬ ਖੁਸ਼ਕ ਅਤੇ ਠੰਢਾ ਇਲਾਕਾ ਬਣ ਜਾਂਦਾ ਅਤੇ ਇੱਥੇ ਨਾਂ ਦੇ ਬਰਾਬਰ ਖੇਤੀ ਹੋਣੀ ਸੀ।

5.ਹਿਮਾਲਿਆ ਪਰਬਤ ਦੇ ਸਦਕਾ ਪੰਜਾਬ ਕੋਲ ਸੁੰਦਰ ਸੈਲਾਨੀ ਸਥਾਨ ਸ਼ਿਮਲਾ, ਮਨਾਲੀ ਅਤੇ ਸੋਲਨ ਆਦਿ ਹਨ।

**2. ਕੋਈ ਤਿੰਨ ਦੁਆਬਿਆਂ ਦਾ ਸੰਖੇਪ ਵਰਨਣ ਕਰੋ।**

**ਉੱਤਰ-1.ਦੁਆਬਾ ਸਿੰਧ ਸਾਗਰ-**ਇਸ ਦੁਆਬੇ ਵਿੱਚ ਦਰਿਆ ਸਿੰਧ ਅਤੇ ਦਰਿਆ ਜਿਹਲਮ ਦੇ ਵਿਚਕਾਰਲਾ ਇਲਾਕਾ ਆਉਂਦਾ ਹੈ। ਇਹ ਇਲਾਕਾ ਬਹੁਤਾ ਉਪਜਾਊ ਨਹੀਂ ਹੈ।

**2.ਦੁਆਬਾ ਚੱਜ-**ਦਰਿਆ ਚਨਾਬ ਅਤੇ ਦਰਿਆ ਜਿਹਲਮ ਦੇ ਵਿਚਕਾਰਲੇ ਇਲਾਕੇ ਦਾ ਨਾਂ ਦੋਆਬਾ ਚੱਜ ਹੈ। ਇਹ ਦੋਆਬਾ ਸਿੰਧ ਸਾਗਰ ਤੋਂ ਵਧੇਰੇ ਉਪਜਾਊ ਹੈ। ਗੁਜਰਾਤ, ਭੇਰਾ, ਸ਼ਾਹਪੁਰ ਇਸਦੇ ਪ੍ਰਸਿੱਧ ਨਗਰ ਹਨ।

**3.ਦੁਆਬ ਰਚਨਾ-**ਇਹ ਦੁਆਬਾ ਦਰਿਆ ਰਾਵੀ ਅਤੇ ਦਰਿਆ ਚਨਾਬ ਦੇ ਵਿਚਕਾਰ ਹੈ। ਇਹ ਕਾਫੀ ਉਪਜਾਊ ਹੈ। ਸਿਆਲਕੋਟ, ਗੁੱਜਰਾਂਵਾਲਾ ਅਤੇ ਸ਼ੇਖੂਪੁਰਾ ਆਦਿ ਇਸ ਦੁਆਬੇ ਦੇ ਪ੍ਰਸਿੱਧ ਸ਼ਹਿਰ ਹਨ।

**3. ਪੰਜਾਬ ਦੇ ਦਰਿਆਵਾਂ ਨੇ ਇਸਦੇ ਇਤਿਹਾਸ 'ਤੇ ਕੀ ਪ੍ਰਭਾਵ ਪਾਇਆ ?**

ਉੱਤਰ-1.ਇਹ ਦਰਿਆ ਸਾਰਾ ਸਾਲ ਵੱਗਦੇ ਰਹਿਣ ਕਰਕੇ ਸੂਬਿਆਂ ਵਿਚਕਾਰ ਸੀਮਾ ਦਾ ਕੰਮ ਕਰਦੇ ਰਹੇ ਹਨ।

2.ਸਤਲੁਜ ਦਰਿਆ ਅੰਗਰੇਜ਼ਾਂ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜਾਂ ਵਿਚਕਾਰ ਸੀਮਾ ਦਾ ਕੰਮ ਦਿੰਦਾ ਰਿਹਾ ਹੈ।

3.ਅੱਜ ਵੀ ਰਾਵੀ ਦਰਿਆ ਦਾ ਕੁੱਝ ਭਾਗ ਹਿੰਦ-ਪਾਕਿ ਸੀਮਾ ਦਾ ਕੰਮ ਕਰਦਾ ਹੈ।

4.ਕਈ ਵਾਰ ਦਰਿਆਵਾਂ ਨੇ ਵਿਦੇਸ਼ੀ ਹਮਲਾਵਰਾਂ ਨੂੰ ਰੋਕਣ ਦਾ ਕੰਮ ਵੀ ਕੀਤਾ ਹੈ।

5.ਦਰਿਆਵਾਂ ਨੇ ਵਪਾਰ ਦੁਆਰਾ ਪੰਜਾਬ ਦੀ ਆਰਥਿਕ ਦਸ਼ਾ ਸੁਧਾਰੀ ਹੈ।

**4.ਸਿਕੰਦਰ ਲੋਧੀ ਦੀ ਧਾਰਮਿਕ ਨੀਤੀ ਦਾ ਵਰਨਣ ਕਰੋ।**

ਉੱਤਰ-ਉਹ ਹਿੰਦੂਆਂ ਨੂੰ ਨਫ਼ਰਤ ਕਰਦਾ ਸੀ। ਹਿੰਦੂ ਦੇਵੀ ਦੇਵਤਿਆਂ ਦੇ ਬੁੱਤਾਂ ਤੇ ਮੰਦਰਾਂ ਨੂੰ ਤੋੜਨਾ ਉਹ ਆਪਣਾ ਸ਼ੁਗਲ ਸਮਝਦਾ ਸੀ। ਉਸ ਦਾ ਇਨਸਾਫ਼ ਕੇਵਲ ਮੁਸਲਮਾਨਾਂ ਜਾਂ ਆਪਣੇ ਵਰਗ ਤੱਕ ਹੀ ਸੀਮਿਤ ਸੀ।

**5.ਇਬਰਾਹੀਮ ਲੋਧੀ ਦੇ ਸਮੇਂ ਹੋਈਆਂ ਬਗਾਵਤਾਂ ਦਾ ਵਰਣਨ ਕਰੋ।**

ਉੱਤਰ-ਉਸ ਨੇ ਪਠਾਣਾਂ ਵਿੱਚ ਤਕੜਾ ਅਨੁਸ਼ਾਸਨ ਕਾਇਮ ਕਰਨਾ ਚਾਹਿਆ। ਪਰ ਪਠਾਣ ਸੁਭਾਅ ਤੋਂ ਪਰਜਾਤੰਤਰੀ ਸਨ। ਇਸ ਲਈ ਉਨ੍ਹਾਂ ਨੇ ਇਬਰਾਹੀਮ ਲੋਧੀ ਵਿਰੁੱਧ ਬਗ਼ਾਵਤ ਦਾ ਝੰਡਾ ਖੜ੍ਹਾ ਕਰ ਦਿੱਤਾ। ਪੰਜਾਬ ਦਾ ਸੂਬੇਦਾਰ ਦੌਲਤ ਖਾਂ ਲੋਧੀ ਸੀ। ਉਹ ਇਬਰਾਹੀਮ ਲੋਧੀ ਦੇ ਸਖ਼ਤ, ਘੁਮੰਡੀ ਅਤੇ ਸ਼ੱਕੀ ਸੁਭਾਅ ਤੋਂ ਦੁਖੀ ਸੀ। ਇਸ ਲਈ ਉਹ ਆਪਣੇ-ਆਪ ਨੂੰ ਆਜ਼ਾਦ ਕਰਨ ਲਈ ਇਬਰਾਹੀਮ ਲੋਧੀ ਵਿਰੁੱਧ ਸਾਜ਼ਿਸ਼ ਰੱਚਣ ਲੱਗਾ। ਉਸ ਨੇ ਅਫ਼ਗਾਨ ਸ਼ਾਸਕ ਬਾਬਰ ਨੂੰ ਭਾਰਤ ਉੱਤੇ ਹਮਲਾ ਕਰਨ ਲਈ ਸੱਦ ਲਿਆ।

**6.ਬਾਬਰ ਦੇ ਸੱਯਦਪੁਰ ਦੇ ਹਮਲੇ ਦਾ ਵਰਣਨ ਕਰੋ।**

ਉੱਤਰ-ਬਾਬਰ ਨੇ ਸਿਆਲਕੋਟ ਨੂੰ ਜਿੱਤਣ ਤੋਂ ਬਾਅਦ ਸੱਯਦਪੁਰ (ਐਮਨਾਬਾਦ 'ਤੇ ਹਮਲਾ ਕੀਤਾ। ਉੱਥੋਂ ਦੀ ਸੈਨਾ ਨੇ ਬਾਬਰ ਦਾ ਡੱਟ ਕੇ ਮੁਕਾਬਲਾ ਕੀਤਾ ਪਰ ਬਾਬਰ ਦੀ ਜਿੱਤ ਹੋਈ। ਰੱਖਿਅਕ ਸੈਨਾ ਕਤਲ ਕਰ ਦਿੱਤੀ ਗਈ।ਸੱਯਦਪੁਰ ਦੀ ਜਨਤਾ ਨਾਲ ਵੀ ਨਿਰਦਈ ਸਲੂਕ ਕੀਤਾ ਗਿਆ। ਕਈ ਲੋਕਾਂ ਨੂੰ ਦਾਸ ਬਣਾ ਲਿਆ ਗਿਆ। ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਅੱਤਿਆਚਾਰਾਂ ਦਾ ਵਰਣਨ 'ਬਾਬਰਬਾਣੀ' ਵਿੱਚ ਕੀਤਾ ਹੈ।

**7 .ਬਾਬਰ ਦੇ 1524 ਈ. ਦੇ ਹਮਲੇ ਦਾ ਹਾਲ ਲਿਖੋ।**

ਉੱਤਰ- ਦੌਲਤ ਖਾਂ ਲੋਧੀ ਨੇ ਪੰਜਾਬ ਉੱਤੇ ਹਮਲਾ ਕਰਨ ਲਈ ਬਾਬਰ ਨੂੰ ਸੱਦਾ ਦਿੱਤਾ। ਬਾਬਰ ਨੇ ਇਹ ਸੱਦਾ ਸਵੀਕਾਰ ਕਰ ਲਿਆ ਅਤੇ ਉਹ ਬਿਨ੍ਹਾਂ ਕਿਸੇ ਰੋਕ-ਟੋਕ ਦੇ 1524 ਈ. ਵਿੱਚ ਲਾਹੌਰ ਦੇ ਨੇੜੇ ਆ ਪੁੱਜਾ। ਇੱਥੇ ਇਬਰਾਹੀਮ ਲੋਧੀ ਦੀਆਂ ਫ਼ੌਜਾਂ ਨੇ ਬਿਹਾਰ ਖਾਂ ਦੇ ਅਧੀਨ ਬਾਬਰ ਨੂੰ ਰੋਕਣ ਦਾ ਯਤਨ ਕੀਤਾ ਪਰ ਬਾਬਰ ਨੇ ਉਸ ਨੂੰ ਹਰਾ ਦਿੱਤਾ । ਬਾਬਰ ਦਾ ਲਾਹੌਰ ਉੱਤੇ ਕਬਜ਼ਾ ਹੋ ਗਿਆ । ਉਸ ਤੋਂ ਬਾਅਦ ਉਸ ਨੇ ਜਲੰਧਰ ਅਤੇ ਦੀਪਾਲਪੁਰ ਉੱਤੇ ਵੀ ਆਸਾਨੀ ਨਾਲ ਕਬਜ਼ਾ ਕਰ ਲਿਆ। ਦੌਲਤ ਖਾਂ ਲੋਧੀ ਨੂੰ ਆਸ ਸੀ ਕਿ ਬਾਬਰ ਉਨ੍ਹਾਂ ਇਲਾਕਿਆਂ ਉੱਤੇ ਕਬਜ਼ਾ ਕਰਕੇ ਉਨ੍ਹਾਂ ਦਾ ਅਧਿਕਾਰ ਉਸ ਨੂੰ ਸੌਂਪ ਦੇਵੇਗਾ ਅਤੇ ਆਪ ਵਾਪਸ ਚਲਾ ਜਾਏਗਾ। ਪਰ ਬਾਬਰ ਨੇ ਉਸ ਨੂੰ ਜਲੰਧਰ ਅਤੇ ਸੁਲਤਾਨਪੁਰ ਦੇ ਇਲਾਕੇ ਹੀ ਦਿੱਤੇ।ਜਿਸ ਕਾਰਨ ਦੌਲਤ ਖਾਂ ਲੋਧੀ ਨੇ ਬਗ਼ਾਵਤ ਕਰ ਦਿੱਤੀ ਪਰ ਹਾਰ ਗਿਆ ਅਤੇ ਪਹਾੜਾਂ ਵਿੱਚ ਜਾ ਛੁਪਿਆ। ਬਾਬਰ ਨੇ ਸੁਲਤਾਨਪੁਰ ਦਾ ਇਲਾਕਾ ਦਿਲਾਵਰ ਖਾਂ ਨੂੰ ਦੇ ਦਿੱਤਾ, ਦੀਪਾਲਪੁਰ ਉਸਨੇ ਆਲਮ ਖਾਨ ਨੂੰ ਅਤੇ ਲਾਹੌਰ, ਅਬਦੁੱਲ ਅਜ਼ੀਜ਼ ਦੇ ਹਵਾਲੇ ਕਰ ਦਿੱਤਾ ਅਤੇ ਆਪ ਵਾਪਸ ਕਾਬਲ ਚਲਾ ਗਿਆ ।

**8.ਪਾਣੀਪਤ ਦੇ ਮੈਦਾਨ ਵਿੱਚ ਇਬਰਾਹੀਮ ਲੋਧੀ ਅਤੇ ਬਾਬਰ ਦੀ ਫੌਜ ਦੀ ਵਿਉਂਤ ਬੰਦੀ ਦੱਸੋ ।**

ਉੱਤਰ-ਅੰਬਾਲਾ ਜਿੱਤਣ ਤੋਂ ਬਾਅਦ ਬਾਬਰ ਪਾਣੀਪਤ ਜਿੱਤਣ ਲਈ ਦਿੱਲੀ ਵੱਲ ਵਧਿਆ। ਉਸ ਨੇ ਪਾਣੀਪਤ ਪੁੱਜ ਕੇ ਆਪਣਾ ਪੜਾਅ ਕੀਤਾ। ਦਿੱਲੀ ਦਾ ਸੁਲਤਾਨ ਇਬਰਾਹੀਮ ਲੋਧੀ ਵੀ ਉਸ ਦਾ ਮੁਕਾਬਲਾ ਕਰਨ ਲਈ ਇੱਕ ਲੱਖ ਸੈਨਾ ਲੈ ਕੇ ਅੱਗੇ ਵਧਿਆ। ਉਸ ਦੀ ਸੈਨਾ ਚਾਰ ਭਾਗਾਂ ਵਿੱਚ ਵੰਡੀ ਹੋਈ ਸੀ-ਅੱਗੇ ਰਹਿਣ ਵਾਲੀ ਸੈਨਿਕ ਟੁਕੜੀ, ਕੇਂਦਰੀ ਸੈਨਾ ਅਤੇ ਖੱਬੇ ਅਤੇ ਸੱਜੇ ਹੱਥ ਦੀਆਂ ਸੈਨਾਵਾਂ। ਸੈਨਾ ਦੇ ਅੱਗੇ ਲਗਪਗ ਪੰਜ ਹਜ਼ਾਰ ਹਾਥੀ ਸਨ। ਉੱਧਰ ਬਾਬਰ ਨੇ ਆਪਣੀ ਸੈਨਾ ਦੇ ਅੱਗੇ 700 ਬੈਲ ਗੱਡੀਆਂ ਖੜ੍ਹੀਆਂ ਕੀਤੀਆਂ ।ਉਸ ਨੇ ਉਨ੍ਹਾਂ ਬੈਲ ਗੱਡੀਆਂ ਨੂੰ ਚਮੜੇ ਦੇ ਰੱਸਿਆਂ ਨਾਲ ਬੰਨ੍ਹ ਦਿੱਤਾ। ਬੈਲ ਗੱਡੀਆਂ ਦੇ ਪਿੱਛੇ ਤੋਪਖ਼ਾਨਾ ਸੀ। ਤੋਪਾਂ ਦੇ ਪਿੱਛੇ ਆਗੂ ਸੈਨਿਕ ਟੁਕੜੀ ਅਤੇ ਕੇਂਦਰੀ ਸੈਨਾ ਸੀ। ਸੱਜੇ ਅਤੇ ਖੱਬੇ ਤੁਲੁਗਮਾ ਦਸਤੇ ਸਨ। ਸਭ ਤੋਂ ਪਿੱਛੇ ਬਹੁਤ ਸਾਰੀ ਘੋੜ ਸਵਾਰ ਸੈਨਾ ਛੁਪਾ ਕੇ ਰੱਖੀ ਹੋਈ ਸੀ ।

**9.ਮੁਸਲਿਮ ਸਮਾਜ ਵਿੱਚ ਇਸਤਰੀ ਦੀ ਹਾਲਤ ਦਾ ਵਰਨਣ ਕਰੋ ।**

ਉੱਤਰ-1.ਮੁਸਲਿਮ ਸਮਾਜ ਵਿੱਚ ਔਰਤ ਨੂੰ ਸਤਿਕਾਰਯੋਗ ਸਥਾਨ ਪ੍ਰਾਪਤ ਨਹੀਂ ਸੀ ।

2.ਅਮੀਰਾਂ ਦੀਆਂ ਹਵੇਲੀਆਂ ਵਿੱਚ ਔਰਤਾਂ ਦੇ ਹਰਮ ਹੁੰਦੇ ਸਨ ਤੇ ਉਨ੍ਹਾਂ ਦੀ ਸੇਵਾ ਲਈ ਦਾਸੀਆਂ ਰੱਖੀਆਂ ਜਾਂਦੀਆਂ ਸਨ ।

3.ਉਸ ਸਮੇਂ ਪਰਦੇ ਦਾ ਰਿਵਾਜ ਸੀ।

4.ਸਾਧਾਰਨ ਘਰਾਂ ਵਿੱਚ ਔਰਤਾਂ ਦੇ ਰਹਿਣ ਲਈ 'ਜ਼ਾਨਾਨ-ਖਾਨਾ' ਹੁੰਦਾ ਸੀ ।

5.ਔਰਤਾਂ ਬੁਰਕਾ ਪਾ ਕੇ ਬਾਹਰ ਨਿਕਲਦੀਆਂ ਸਨ ।

**10 .ਗੁਰੂ ਨਾਨਕ ਦੇਵ ਜੀ ਦੇ ਕਾਲ ਤੋਂ ਪਹਿਲਾਂ ਦੇ ਸਮੇਂ ਦੀ ਜਾਤ-ਪਾਤ ਬਾਰੇ ਲਿਖੋ ।**

**ਉੱਤਰ** ਉਸ ਸਮੇਂ ਹਿੰਦੂ ਸਮਾਜ ਚਾਰ ਜਾਤਾਂ ਬ੍ਰਾਹਮਣ ,ਖੱਤਰੀ, ਵੈਸ਼ ਅਤੇ ਸ਼ੂਦਰ ਵਿੱਚ ਵੰਡਿਆ ਹੋਇਆ ਸੀ । ਇਹਨਾਂ ਜਾਤਾਂ ਤੋਂ ਬਿਨ੍ਹਾਂ ਹੋਰ ਵੀ ਉਪ-ਜਾਤਾਂ ਪੈਦਾ ਹੋ ਚੁੱਕੀਆਂ ਸਨ। ।ਬ੍ਰਾਹਮਣ, ਸਮਾਜ ਪ੍ਰਤੀ ਆਪਣੇ ਫਰਜ਼ ਭੁੱਲ ਕੇ ਸੁਆਰਥੀ ਬਣ ਗਏ ਸਨ । ਉਹ ਲੋਕਾਂ ਨੂੰ ਵਹਿਮਾਂ-ਭਰਮਾਂ ਵਿੱਚ ਫਸਾ ਕੇ ਪੈਸਾ ਕਮਾਉਂਦੇ ਸਨ । ਵੈਸ਼ ਅਤੇ ਖੱਤਰੀਆਂ ਦੀ ਹਾਲਤ ਠੀਕ ਸੀ । ਸ਼ੂਦਰਾਂ ਦੀ ਹਾਲਤ ਬਹੁਤ ਮਾੜੀ ਸੀ । ਉਨ੍ਹਾਂ ਦੀਆਂ ਬਸਤੀਆਂ ਪਿੰਡਾਂ ਤੋਂ ਬਾਹਰ ਸਨ ।

**11.ਗੁਰੂ ਨਾਨਕ ਦੇਵ ਜੀ ਦੇ ਪ੍ਰਮਾਤਮਾ ਸੰਬੰਧੀ ਵਿਚਾਰਾਂ ਦਾ ਸੰਖੇਪ ਵਰਣਨ ਕਰੋ ।**

ਉੱਤਰ-1.ਗੁਰੂ ਜੀ ਅਨੁਸਾਰ ਪ੍ਰਮਾਤਮਾ ਇੱਕ ਹੈ।

2.ਪ੍ਰਮਾਤਮਾ ਸਰਵ-ਸ਼ਕਤੀਮਾਨ ਅਤੇ ਸਰਵ-ਵਿਆਪਕ ਹੈ, ਉਹ ਸੰਸਾਰ ਦੇ ਹਰ ਜੀਵ ਵਿੱਚ ਰਹਿੰਦਾ ਹੈ ।

3.ਪ੍ਰਮਾਤਮਾ ਮਹਾਨ ਅਤੇ ਸਰਵ-ਉੱਚ ਹੈ, ਉਸ ਦੀ ਮਹਾਨਤਾ ਅਤੇ ਸਰਵਉੱਚਤਾ ਨੂੰ ਬਿਆਨ ਕਰਨਾ ਮਨੁੱਖ ਲਈ ਸੰਭਵ ਨਹੀਂ ।

4.ਪ੍ਰਮਾਤਮਾ ਦਾ ਕੋਈ ਰੰਗ, ਰੂਪ ਜਾਂ ਆਕਾਰ ਨਹੀਂ ਹੈ, ਉਸ ਦੀ ਮੂਰਤੀ ਬਣਾ ਕੇ ਪੂਜਾ ਨਹੀਂ ਕੀਤੀ ਜਾ ਸਕਦੀ ।

5.ਸਾਨੂੰ ਜੋ ਕੁੱਝ ਵੀ ਮਿਲਦਾ ਹੈ, ਉਹ ਪ੍ਰਮਾਤਮਾ ਦੀ ਦੇਣ ਹੈ।

**12. ਮੰਜੀ ਪ੍ਰਥਾ ਤੋਂ ਕੀ ਭਾਵ ਹੈ ਤੇ ਇਸ ਦਾ ਕੀ ਉਦੇਸ਼ ਸੀ ?**

ਉੱਤਰ : ਗੁਰੂ ਅਮਰਦਾਸ ਜੀ ਦੇ ਸਮੇਂ ਤੱਕ ਸਿੱਖਾਂ ਦੀ ਸੰਖਿਆ ਬਹੁਤ ਵੱਧ ਗਈ ਸੀ। ਇਸ ਲਈ ਪੰਜਾਬ ਦੇ ਬਾਕੀ ਥਾਵਾਂ 'ਤੇ ਸਾਰੇ ਸਿੱਖਾਂ ਨੂੰ ਗੁਰੂ ਜੀ ਵੱਲੋਂ ਉਪਦੇਸ਼ ਦੇਣਾ ਔਖਾ ਹੋ ਗਿਆ ਸੀ। ਇਸ ਲਈ ਸਿੱਖਾਂ ਦੀ ਲੋੜ ਨੂੰ ਪੂਰਾ ਕਰਨ ਲਈ ਗੁਰੂ ਅਮਰਦਾਸ ਜੀ ਨੇ 'ਮੰਜੀ ਪ੍ਰਥਾ' ਦੀ ਸਥਾਪਨਾ ਕੀਤੀ। ਉਨ੍ਹਾਂ ਨੇ ਆਪਣੇ ਅਧਿਆਤਮਿਕ ਸਾਮਰਾਜ ਨੂੰ 22 ਹਿੱਸਿਆਂ ਵਿੱਚ ਵੰਡਿਆ। ਹਰ ਇੱਕ ਭਾਗ ਨੂੰ ਮੰਜੀ ਕਿਹਾ ਜਾਣ ਲੱਗਾ। ਗੁਰੂ ਜੀ ਨੇ ਹਰ ਇੱਕ ਮੰਜੀ ਲਈ ਇੱਕ ਪ੍ਰਭਾਵਸ਼ਾਲੀ ਸਿੱਖ ਨਿਯੁਕਤ ਕੀਤਾ। ਉਸ ਸਿੱਖ ਦਾ ਕੰਮ ਆਪਣੇ ਇਲਾਕੇ ਵਿੱਚ ਗੁਰੂ ਦੇ ਉਪਦੇਸ਼ਾਂ ਦਾ ਪ੍ਰਚਾਰ ਕਰਨਾ ਅਤੇ ਨਾਲ-ਨਾਲ ਉਹ ਸਿੱਖਾਂ ਵੱਲੋਂ ਦਿੱਤੀ ਭੇਟਾ ਲੈ ਕੇ ਗੁਰੂ ਸਾਹਿਬ ਤੱਕ ਵੀ ਪਹੁੰਚਾਉਣਾ ਸੀ ਕਿਉਂਕਿ ਉਹ ਸਿੱਖ ਮੰਜੀ ਉੱਤੇ ਬੈਠ ਕੇ ਲੋਕਾਂ ਨੂੰ ਉਪਦੇਸ਼ ਦਿੰਦੇ ਸੀ। ਇਸ ਲਈ ਧਰਮ ਪ੍ਰਚਾਰ ਦੀ ਇਸ ਪ੍ਰਥਾ ਨੂੰ 'ਮੰਜੀ ਪ੍ਰਥਾ' ਕਿਹਾ ਜਾਣ ਲੱਗਾ।

**13. ਆਨੰਦ ਸਾਹਿਬ ਬਾਰੇ ਲਿਖੋ ।**

ਉੱਤਰ-'ਆਨੰਦ ਸਾਹਿਬ' ਬਾਣੀ ਸ੍ਰੀ ਗੁਰੂ ਅਮਰਦਾਸ ਜੀ ਦੀ ਰਚਨਾ ਹੈ। ਗੁਰੂ ਜੀ ਨੇ ਸਿੱਖਾਂ ਨੂੰ ਹੁਕਮ ਕੀਤਾ ਕਿ ਉਹ ਜਨਮ, ਵਿਆਹ ਅਤੇ ਹੋਰ ਖ਼ੁਸ਼ੀ ਦੇ ਮੌਕਿਆਂ ਉੱਤੇ 'ਆਨੰਦ ਸਾਹਿਬ' ਦਾ ਪਾਠ ਕਰਨ। ਇਸ ਬਾਣੀ ਕਰਕੇ ਸਿੱਖਾਂ ਨੇ ਵਿਅਰਥ ਅਤੇ ਗੁੰਝਲਦਾਰ ਰੀਤੀ-ਰਿਵਾਜ ਤਿਆਗ ਦਿੱਤੇ ਅਤੇ ਉਹ ਹਿੰਦੂਆਂ ਨਾਲੋਂ ਵੱਖ ਹੋਣ ਲੱਗੇ ।

**14.ਰਾਮਦਾਸਪੁਰ ਜਾਂ ਅੰਮ੍ਰਿਤਸਰ ਦੀ ਸਥਾਪਨਾ ਦਾ ਵਰਣਨ ਕਰੋ।**

ਉੱਤਰ–ਸ੍ਰੀ ਗੁਰੂ ਰਾਮਦਾਸ ਜੀ ਦੀ ਸਿੱਖ ਧਰਮ ਨੂੰ ਸਭ ਤੋਂ ਮਹਾਨ ਦੇਣ ਰਾਮਦਾਸਪੁਰ ਜਾਂ ਅੰਮ੍ਰਿਤਸਰ ਦੀ ਨੀਂਹ ਰੱਖਣਾ ਸੀ ।ਮੁਗਲ ਸਮਰਾਟ ਅਕਬਰ ਨੇ ਗੁਰੂ ਜੀ ਦੀ ਬੇਟੀ ਬੀਬੀ ਭਾਨੀ ਨੂੰ ਕੁੱਝ ਪਿੰਡਾਂ ਦੀ ਭੂਮੀ ਦਿੱਤੀ ਸੀ।ਗੁਰੂ ਜੀ ਨੇ ਸਿੱਖਾਂ ਦੀ ਸਭਾ ਵਿੱਚ ਭਾਈ ਜੇਠਾ ਜੀ ਨੂੰ ਇਹ ਧਰਤੀ ਸੌਂਪ ਦਿੱਤੀ ਅਤੇ ਉੱਥੇ 'ਸੰਤੋਖਸਰ' ਅਤੇ 'ਅੰਮ੍ਰਿਤਸਰ' ਨਾਮੀ ਦੋ ਸਰੋਵਰਾਂ ਦੀ ਖੁਦਾਈ ਦਾ ਕੰਮ ਆਰੰਭ ਕਰਵਾ ਦਿੱਤਾ। ਗੁਰਗੱਦੀ ਉੱਤੇ ਬੈਠਣ ਮਗਰੋਂ ਗੁਰੂ ਰਾਮਦਾਸ ਜੀ ਆਪ ਉਸ ਥਾਂ 'ਤੇ ਜਾ ਕੇ ਰਹਿਣ ਲੱਗੇ। ਹੌਲੀ-ਹੌਲੀ ਅੰਮ੍ਰਿਤਸਰ ਸਰੋਵਰ ਦੇ ਚਾਰ ਚੁਫੇਰੇ ਬਹੁਤ ਸਾਰੇ ਲੋਕ ਵੱਸ ਗਏ। ਕਈ ਪ੍ਰਕਾਰ ਦੀਆਂ ਵਸਤੂਆਂ ਦੀਆਂ ਦੁਕਾਨਾਂ ਵੀ ਖੁੱਲ੍ਹ ਗਈਆਂ। ਜਿਸ ਕਾਰਨ ਇੱਥੇ 'ਗੁਰੂ ਕਾ ਬਾਜ਼ਾਰ' ਨਾਂ ਦਾ ਬਾਜ਼ਾਰ ਹੋਂਦ ਵਿੱਚ ਆ ਗਿਆ। ਇਸਦੇ ਨਾਲ ਹੀ ਇੱਕ ਸ਼ਹਿਰ ਵੀ ਹੋਂਦ ਵਿੱਚ ਆ ਗਿਆ ਜਿਸ ਨੂੰ 'ਗੁਰੂ ਚੱਕ' ਜਾਂ 'ਚੱਕ ਗੁਰੂ ਰਾਮਦਾਸ' ਜਾਂ 'ਰਾਮਦਾਸਪੁਰ' ਆਦਿ ਨਾਵਾਂ ਨਾਲ ਬੁਲਾਇਆ ਜਾਣ ਲੱਗਾ। ਬਾਅਦ ਵਿੱਚ ਅੰਮ੍ਰਿਤਸਰ ਸਰੋਵਰ ਦੇ ਨਾਂ ਤੇ ਹੀ ਇਸ ਦਾ ਨਾਂ ਅੰਮ੍ਰਿਤਸਰ ਪੈ ਗਿਆ ।

**15.ਹਰਿਮੰਦਰ ਸਾਹਿਬ ਬਾਰੇ ਜਾਣਕਾਰੀ ਦਿਓ।**

ਉੱਤਰ- ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਸਰੋਵਰ ਦੇ ਵਿਚਕਾਰ 1588 ਈ. ਵਿੱਚ ਹਰਿਮੰਦਰ ਸਾਹਿਬ ਦੀ ਉਸਾਰੀ ਦਾ ਕੰਮ ਸ਼ੁਰੂ ਕਰਵਾਇਆ। ਹਰਿਮੰਦਰ ਸਾਹਿਬ ਦਾ ਨੀਂਹ ਪੱਥਰ 1589 ਈ. ਵਿੱਚ ਸੂਫ਼ੀ ਫ਼ਕੀਰ ਮੀਆਂ ਮੀਰ ਨੇ ਰੱਖਿਆ। ਹਰਿਮੰਦਰ ਸਾਹਿਬ ਦੇ ਚਾਰੇ ਪਾਸੇ ਦਰਵਾਜ਼ੇ ਰੱਖੇ ਗਏ ਭਾਵ ਇਹ ਮੰਦਰ ਸਾਰੀਆਂ ਜਾਤਾਂ, ਧਰਮਾਂ ਅਤੇ ਚਾਰੇ ਪਾਸਿਓਂ ਤੋਂ ਆਉਣ ਵਾਲੇ ਲੋਕਾਂ ਲਈ ਖੁੱਲ੍ਹਾ ਹੈ ।ਹਰਿਮੰਦਰ ਸਾਹਿਬ ਦੀ ਉਸਾਰੀ ਭਾਈ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਦੀ ਦੇਖ-ਰੇਖ ਹੇਠ 1601 ਈ. ਵਿੱਚ ਸੰਪੂਰਨ ਹੋਈ ।ਸਤੰਬਰ 1604 ਈ. ਵਿੱਚ ਹਰਿਮੰਦਰ ਸਾਹਿਬ ਵਿੱਚ ਆਦਿ-ਗ੍ਰੰਥ ਸਾਹਿਬ ਦੀ ਸਥਾਪਨਾ ਕਰ ਦਿੱਤੀ ਗਈ ।ਬਾਬਾ ਬੁੱਢਾ ਜੀ ਨੂੰ ਉੱਥੋਂ ਦਾ ਪਹਿਲਾ ਗ੍ਰੰਥੀ ਥਾਪਿਆ ਗਿਆ ।

**16.ਮਸੰਦ ਪ੍ਰਥਾ ਤੋਂ ਸਿੱਖ ਧਰਮ ਨੂੰ ਕੀ-ਕੀ ਲਾਭ ਹੋਏ ?**

ਉੱਤਰ-1.ਇਹ ਪ੍ਰਥਾ ਸਿੱਖ ਧਰਮ ਦੇ ਵਿਕਾਸ ਲਈ ਅਤਿ ਮਹੱਤਵਪੂਰਨ ਸਿੱਧ ਹੋਈ ।

2.ਇਸ ਨਾਲ ਗੁਰੂ ਸਾਹਿਬ ਨੂੰ ਨਿਸ਼ਚਿਤ ਰੂਪ ਵਿੱਚ ਧਨ ਪ੍ਰਾਪਤ ਹੋਣ ਲੱਗਾ।

3.ਮਸੰਦਾਂ ਨੇ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਵਿੱਚ ਵੀ ਪ੍ਰਸ਼ੰਸਾਯੋਗ ਹਿੱਸਾ ਪਾਇਆ।

4.ਮਸੰਦ ਪ੍ਰਥਾ ਕਾਰਨ ਸਿੱਖ ਸੰਗਠਿਤ ਹੋ ਗਏ, ਜਿਸ ਨਾਲ ਸਿੱਖ ਧਰਮ ਦਾ ਵਿਕਾਸ ਹੋਇਆ।

**17.ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਟਨਾ ਵਿਖੇ ਆਪਣਾ ਬਚਪਨ ਕਿਵੇਂ ਬਿਤਾਇਆ?**

ਉੱਤਰ-ਸ੍ਰੀ ਗੁਰੂ ਗੋਬਿੰਦ ਰਾਏ ਜੀ ਆਪਣੇ ਜੀਵਨ ਦੇ ਪਹਿਲੇ ਪੰਜ ਵਰ੍ਹੇ ਪਟਨਾ ਵਿੱਚ ਹੀ ਰਹੇ। ਬਚਪਨ ਵਿੱਚ ਉਹ ਅਜਿਹੀਆਂ ਖੇਡਾਂ ਖੇਡਦੇ, ਜਿਨ੍ਹਾਂ ਤੋਂ ਇਹ ਪਤਾ ਲੱਗਦਾ ਸੀ ਕਿ ਇੱਕ ਦਿਨ ਉਹ ਇੱਕ ਮਹਾਨ ਧਾਰਮਿਕ ਨੇਤਾ ਬਣਨਗੇ ।ਉਹ ਆਪਣੇ ਸਾਥੀਆਂ ਦੀਆਂ ਦੌੜਾਂ ਅਤੇ ਕੁਸ਼ਤੀਆਂ ਕਰਵਾਇਆ ਕਰਦੇ ਸਨ। ਉਹ ਆਪ ਵੀ ਉਨ੍ਹਾਂ ਖੇਡਾਂ ਵਿੱਚ ਹਿੱਸਾ ਲਿਆ ਕਰਦੇ ਸਨ। ਉਹ ਆਪਣੇ ਸਾਥੀ ਬੱਚਿਆਂ ਨੂੰ ਦੋ ਹਿੱਸਿਆਂ ਵਿੱਚ ਵੰਡ ਕੇ ਉਨ੍ਹਾਂ ਤੋਂ ਨਕਲੀ ਯੁੱਧ ਵੀ ਕਰਵਾਇਆ ਕਰਦੇ ਸਨ। ਉਹ ਆਪਣੇ ਸਾਥੀਆਂ ਦੇ ਝਗੜਿਆਂ ਦਾ ਨਿਪਟਾਰਾ ਕਰਨ ਲਈ ਕਚਹਿਰੀ ਲਾਇਆ ਕਰਦੇ ਸਨ। ਸ੍ਰੀ ਗੋਬਿੰਦ ਰਾਏ ਜੀ ਦੇ ਦਰਸ਼ਨ ਕਰਕੇ ਘੁੜਾਮ ਦੇ ਇੱਕ ਮੁਸਲਿਮ ਫ਼ਕੀਰ, ਸੱਯਦ ਭੀਖਣ ਸ਼ਾਹ ਨੇ ਵਚਨ ਕੀਤੇ ਸਨ ਕਿ ਇੱਕ ਦਿਨ ਉਹ ਬਾਲਕ ਮਹਾਂ ਪੈਗੰਬਰ ਬਣੇਗਾ।

**18.ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਰਾਜਸੀ ਚਿੰਨ੍ਹਾਂ ਦਾ ਵਰਣਨ ਕਰੋ।**

ਉੱਤਰ-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਦਾਦਾ ਗੁਰੂ ਹਰਗੋਬਿੰਦ ਜੀ ਵਾਂਗ ਰਾਜਸੀ ਚਿੰਨ੍ਹਾਂ ਨੂੰ ਅਪਣਾਇਆ। ਉਹ ਆਪਣੀ ਦਸਤਾਰ 'ਤੇ ਕਲਗੀ ਸਜਾਉਣ ਲੱਗੇ। ਉਹ ਰਾਜ-ਗੱਦੀ ਵਾਂਗ ਉੱਚੇ ਆਸਣ 'ਤੇ ਬਿਰਾਜਮਾਨ ਹੁੰਦੇ ਸਨ। ਉਹ ਆਪਣੇ ਸਿੱਖਾਂ ਦੇ ਦੀਵਾਨ ਸੁੰਦਰ ਅਤੇ ਕੀਮਤੀ ਤੰਬੂਆਂ ਵਿਚ ਲਾਉਣ ਲੱਗੇ। ਉਨ੍ਹਾਂ ਨੇ ਇੱਕ ਨਗਾਰਾ ਬਣਾਇਆ ਜਿਸ ਦਾ ਨਾਂ 'ਰਣਜੀਤ ਨਗਾਰਾ' ਸੀ।

**19.ਖ਼ਾਲਸਾ ਦੇ ਨਿਯਮਾਂ ਦਾ ਵਰਣਨ ਕਰੋ।**

ਉੱਤਰ-1.'ਖ਼ਾਲਸਾ' ਵਿੱਚ ਪ੍ਰਵੇਸ਼ ਕਰਨ ਲਈ ਹਰ ਇੱਕ ਵਿਅਕਤੀ ਨੂੰ 'ਖੰਡੇ ਦੀ ਪਾਹੁਲ' ਸੇਵਨ ਕਰਨੀ ਪਵੇਗੀ। ਉਸ ਪਿੱਛੋਂ ਉਹ ਆਪਣੇ ਆਪ ਨੂੰ ਖ਼ਾਲਸਾ ਅਖਵਾਏਗਾ।

2.ਹਰ ਇੱਕ ਖ਼ਾਲਸਾ ਆਪਣੇ ਨਾਂ ਦੇ ਨਾਲ 'ਸਿੰਘ' ਸ਼ਬਦ ਲਾਏਗਾ ਅਤੇ ਖ਼ਾਲਸਾ ਇਸਤਰੀ ਆਪਣੇ ਨਾਂ ਦੇ ਨਾਲ 'ਕੌਰ' ਲਾਏਗੀ।

3.ਖ਼ਾਲਸਾ ਪੰਜ 'ਕਕਾਰ' -ਕੇਸ, ਕੰਘਾ, ਕੜਾ, ਕਛਹਿਰਾ ਅਤੇ ਕਿਰਪਾਨ-ਧਾਰਨ ਕਰੇਗਾ ।

4.ਖ਼ਾਲਸਾ ਕੇਵਲ ਇੱਕ ਈਸ਼ਵਰ ਵਿੱਚ ਵਿਸ਼ਵਾਸ ਕਰੇਗਾ। ਉਹ ਕਿਸੇ ਦੇਵੀ-ਦੇਵਤੇ ਅਤੇ ਮੂਰਤੀ ਪੂਜਾ ਵਿੱਚ ਵਿਸ਼ਵਾਸ ਨਹੀਂ ਕਰੇਗਾ।

5. ਉਹ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਕੇ ਪੰਜ ਬਾਣੀਆਂ ਦਾ ਪਾਠ ਕਰੇਗਾ।

6.ਦਸਾਂ ਨਹੁੰਆਂ ਦੀ ਕਿਰਤ ਕਰੇਗਾ। ਉਹ ਆਪਣੀ ਕਮਾਈ ਵਿੱਚੋਂ ਧਾਰਮਿਕ ਕੰਮਾਂ ਲਈ ਦਸਵੰਧ ਵੀ ਕੱਢੇਗਾ।

7.ਖ਼ਾਲਸਾ ਲੋਕ ਆਪਸ ਵਿੱਚ ਮਿਲਣ ਸਮੇਂ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ' ਗਜਾਉਣਗੇ।

8. ਉਹ ਤੰਬਾਕੂ, ਹੋਰ ਨਸ਼ੀਲੀਆਂ ਚੀਜ਼ਾਂ ਦੀ ਵਰਤੋਂ ਨਹੀਂ ਕਰੇਗਾ। ਉਹ ਹਲਾਲ ਮਾਸ ਵੀ ਨਹੀਂ ਖਾਏਗਾ।

9.ਉਹ ਆਪਣੇ ਚਰਿੱਤਰ ਨੂੰ ਸ਼ੁੱਧ ਰੱਖੇਗਾ ਅਤੇ ਨੈਤਿਕਤਾ ਦਾ ਪਾਲਣ ਕਰੇਗਾ।

10.ਉਹ ਅਸਤਰ-ਸ਼ਸਤਰ ਧਾਰਨ ਕਰੇਗਾ। ਉਹ ਧਰਮ ਯੁੱਧ ਲੜਨ ਲਈ ਸਦਾ ਹੀ ਤਿਆਰ ਰਹੇਗਾ।

**20.ਭੰਗਾਣੀ ਦੀ ਲੜਾਈ ਦੇ ਕੀ ਕਾਰਨ ਸਨ?**

ਉੱਤਰ-1.ਗੁਰੂ ਗੋਬਿੰਦ ਰਾਏ ਜੀ ਦੀਆਂ ਸੈਨਿਕ ਕਾਰਵਾਈਆਂ ਨੂੰ ਪਹਾੜੀ ਰਾਜੇ ਆਪਣੇ ਰਾਜਾਂ ਲਈ ਖ਼ਤਰਾ ਸਮਝਦੇ ਸਨ।

2. ਗੁਰੂ ਜੀ ਮੂਰਤੀ ਪੂਜਾ ਦੇ ਵਿਰੋਧੀ ਸਨ ਪਰ ਪਹਾੜੀ ਰਾਜੇ ਮੂਰਤੀ ਪੂਜਾ ਵਿੱਚ ਵਿਸ਼ਵਾਸ ਰੱਖਦੇ ਸਨ।

3. ਗੁਰੂ ਜੀ ਨੇ ਆਪਣੀ ਸੈਨਾ ਵਿੱਚ ਮੁਗਲ ਫ਼ੌਜ ਵਿੱਚੋਂ ਕੱਢੇ ਗਏ 500 ਪਠਾਣ ਭਰਤੀ ਕਰ ਲਏ ਸਨ।

4.ਆਲੇ-ਦੁਆਲੇ ਦੇ ਮੁਗਲ ਫ਼ੌਜਦਾਰਾਂ ਨੇ ਪਹਾੜੀ ਰਾਜਿਆਂ ਨੂੰ ਗੁਰੂ ਜੀ ਦੇ ਖਿਲਾਫ਼ ਉਕਸਾ ਦਿੱਤਾ ਸੀ।

5. ਗੁਰੂ ਸਾਹਿਬ ਨਾਲ ਭੀਮ ਚੰਦ ਦੀ ਪੁਰਾਣੀ ਦੁਸ਼ਮਣੀ ਸੀ।

6.ਇਸ ਯੁੱਧ ਦਾ ਤਤਕਾਲੀ ਕਾਰਨ ਇਹ ਸੀ ਕਿ ਭੀਮ ਚੰਦ ਦੇ ਪੁੱਤਰ ਦੀ ਬਰਾਤ ਜੋ ਗੜ੍ਹਵਾਲ ਜਾ ਰਹੀ ਸੀ, ਨੂੰ ਸਿੱਖਾਂ ਨੇ ਪਾਉਂਟਾ ਸਾਹਿਬ ਤੋਂ ਲੰਘਣ ਨਾ ਦਿੱਤਾ। ਸਿੱਟੇ ਵਜੋਂ ਹਾਜ਼ਰ ਪਹਾੜੀ ਰਾਜਿਆਂ ਨੂੰ ਗੁਰੂ ਸਾਹਿਬ ਨਾਲ ਯੁੱਧ ਕਰਨ ਦਾ ਮਨ ਬਣਾ ਲਿਆ ।

**21.ਅਨੰਦਪੁਰ ਸਾਹਿਬ ਦੀ ਦੂਜੀ ਲੜਾਈ ਕਦੋਂ ਹੋਈ? ਇਸ ਦਾ ਸੰਖੇਪ ਵਰਣਨ ਕਰੋ।**

ਉੱਤਰ-ਅਨੰਦਪੁਰ ਸਾਹਿਬ ਦੀ ਦੂਜੀ ਲੜਾਈ 1704 ਈ. ਵਿੱਚ ਹੋਈ ।ਗੁਰੂ ਜੀ ਦੀ ਵੱਧਦੀ ਹੋਈ ਸ਼ਕਤੀ ਨੂੰ ਦੇਖ ਕੇ ਪਹਾੜੀ ਰਾਜੇ ਫਿਰ ਤੋਂ ਉਨ੍ਹਾਂ ਨਾਲ ਈਰਖਾ ਕਰਨ ਲੱਗੇ। ਉਨ੍ਹਾਂ ਦੇ ਬਣੇ ਸੰਘ ਨੇ ਗੁਰੂ ਜੀ ਨੂੰ ਅਨੰਦਪੁਰ ਸਾਹਿਬ ਛੱਡ ਕੇ ਜਾਣ ਲਈ ਕਿਹਾ। ਜਦ ਗੁਰੂ ਜੀ ਨੇ ਉਨ੍ਹਾਂ ਦੀ ਮੰਗ ਨੂੰ ਠੁਕਰਾ ਦਿੱਤਾ ਤਾਂ ਉਹਨਾਂ ਨੇ ਗੁਰੂ ਜੀ ਉੱਤੇ ਹਮਲਾ ਕਰ ਦਿੱਤਾ ਪਰ ਗੁਰੂ ਜੀ ਨੇ ਉਨ੍ਹਾਂ ਨੂੰ ਹਰਾ ਕੇ ਵਾਪਸ ਜਾਣ ਲਈ ਮਜਬੂਰ ਕਰ ਦਿੱਤਾ।ਭੀਮ ਚੰਦ ਅਤੇ ਹੋਰ ਪਹਾੜੀ ਰਾਜਿਆਂ ਨੇ ਮੁਗਲ ਸਰਕਾਰ ਤੋਂ ਸਹਾਇਤਾ ਮੰਗੀ।ਸਰਹਿੰਦ ਦਾ ਫੌਜਦਾਰ ਵਜ਼ੀਰ ਖਾਂ ਵੀ ਆਪਣੀ ਫ਼ੌਜ ਲੈ ਕੇ ਉੱਥੇ ਆ ਗਿਆ। ਵਜ਼ੀਰ ਖਾਂ ਨੇ ਪਹਾੜੀ ਰਾਜਿਆਂ ਅਤੇ ਰੰਘੜਾਂ ਨਾਲ ਮਿਲ ਕੇ ਗੁਰੂ ਜੀ ਉੱਤੇ ਹਮਲਾ ਕਰ ਦਿੱਤਾ। ਸਿੱਖਾਂ ਨੇ ਕਿਲ੍ਹੇ ਦੇ ਅੰਦਰੋਂ ਹੀ ਵੈਰੀ ਦੀ ਫ਼ੌਜ ਦੇ ਧਾਵੇ ਨੂੰ ਅਸਫ਼ਲ ਕਰ ਦਿੱਤਾ। ਫਿਰ ਵੈਰੀ ਨੇ ਆਨੰਦਪੁਰ ਸਾਹਿਬ ਨੂੰ ਚਾਰੇ ਪਾਸਿਆਂ ਤੋਂ ਘੇਰ ਲਿਆ। ਸਿੱਟੇ ਵਜੋਂ ਸਿੱਖਾਂ ਨੂੰ ਹੋਰ ਸਮਾਂ ਯੁੱਧ ਜਾਰੀ ਰੱਖਣਾ ਅਸੰਭਵ ਹੋ ਗਿਆ। ਸਿੱਖਾਂ ਨੇ ਅਨੰਦਪੁਰ ਸਾਹਿਬ ਛੱਡ ਜਾਣਾ ਚਾਹਿਆ ਪਰ ਗੁਰੂ ਜੀ ਨਾ ਮੰਨੇ।ਇਸ ਲਈ ਚਾਲੀ ਸਿੱਖ ਆਪਣਾ 'ਬੇਦਾਵਾ' ਲਿਖ ਕੇ ਗੁਰੂ ਜੀ ਦਾ ਸਾਥ ਛੱਡ ਗਏ। ਅੰਤ 21ਦਸੰਬਰ, 1704 ਈ. ਨੂੰ ਗੁਰੂ ਜੀ ਨੇ ਅਨੰਦਪੁਰ ਸਾਹਿਬ ਨੂੰ ਛੱਡ ਦਿੱਤਾ ।

**22.ਚਮਕੌਰ ਸਾਹਿਬ ਦੀ ਲੜਾਈ 'ਤੇ ਨੋਟ ਲਿਖੋ ।**

ਉੱਤਰ-ਸਰਸਾ ਨਦੀ ਨੂੰ ਪਾਰ ਕਰਨ ਪਿੱਛੋਂ ਗੁਰੂ ਗੋਬਿੰਦ ਸਿੰਘ ਜੀ, ਉਨ੍ਹਾਂ ਦੇ ਕੁੱਝ ਸਿੱਖ ਅਤੇ ਉਨ੍ਹਾਂ ਦੇ ਵੱਡੇ ਸਾਹਿਬਜ਼ਾਦੇ- ਅਜੀਤ ਸਿੰਘ ਅਤੇ ਜੁਝਾਰ ਸਿੰਘ-ਘਨੌਲਾ ਅਤੇ ਕੋਟਲਾ ਨਿਹੰਗ ਖਾਂ ਹੁੰਦੇ ਹੋਏ ਚਮਕੌਰ ਸਾਹਿਬ ਪੁੱਜੇ। ਉਸ ਸਮੇਂ ਉਨ੍ਹਾਂ ਨਾਲ ਕੇਵਲ 40 ਸਿੱਖ ਸਨ। ਉਨ੍ਹਾਂ ਨੇ ਉੱਥੇ ਇੱਕ ਕੱਚੀ ਗੜ੍ਹੀ ਵਿੱਚ ਜਾ ਸ਼ਰਨ ਲਈ। ਜਦੋਂ ਉਹਨਾਂ ਉੱਤੇ ਵੈਰੀ ਦੀ ਸੈਨਾ ਨੇ ਹਮਲਾ ਕੀਤਾ, ਤਾਂ ਉਹਨਾਂ ਨੇ ਉਸ ਦਾ ਡੱਟ ਕੇ ਮੁਕਾਬਲਾ ਕੀਤਾ। ਗੁਰੂ ਸਾਹਿਬ ਦੇ ਦੋਹਾਂ ਸਾਹਿਬਜ਼ਾਦਿਆਂ ਨੇ ਆਪਣੀ ਬਹਾਦਰੀ ਦਾ ਸਬੂਤ ਦਿੱਤਾ। ਅੰਤ ਨੂੰ ਵੈਰੀਆਂ ਦੇ ਆਹੂ ਲਾਹੁੰਦੇ ਹੋਏ ਉਹ ਸ਼ਹੀਦੀ ਪ੍ਰਾਪਤ ਕਰ ਗਏ। ਪੰਜਾਂ ਪਿਆਰਿਆਂ ਵਿੱਚੋਂ ਤਿੰਨ ਪਿਆਰੇ- ਭਾਈ ਸਾਹਿਬ ਸਿੰਘ, ਭਾਈ ਮੋਹਕਮ ਸਿੰਘ ਅਤੇ ਭਾਈ ਹਿੰਮਤ ਸਿੰਘ ਵੀ- ਇੱਥੇ ਹੀ ਸ਼ਹੀਦੀ ਪਾ ਗਏ। ਅੰਤ ਨੂੰ ਗੁਰੂ ਜੀ ਦੇ 40 ਸਿੰਘਾਂ ਵਿੱਚੋਂ ਕੇਵਲ ਪੰਜ ਸਿੰਘ ਰਹਿ ਗਏ । ਉਹਨਾਂ ਨੇ ਹੁਕਮਨਾਮਾ ਦੇ ਰੂਪ ਵਿੱਚ ਗੁਰੂ ਜੀ ਨੂੰ ਚਮਕੌਰ ਸਾਹਿਬ ਛੱਡ ਜਾਣ 'ਤੇ ਮਜਬੂਰ ਕਰ ਦਿੱਤਾ। ਭਾਈ ਦਯਾ ਸਿੰਘ ਅਤੇ ਭਾਈ ਧਰਮ ਸਿੰਘ ਉਨ੍ਹਾਂ ਦੇ ਨਾਲ ਗੜ੍ਹੀ ਤੋਂ ਬਾਹਰ ਚਲੇ ਗਏ। ਬਾਕੀ ਦੇ ਸਿੰਘ ਲੜਦੇ-ਲੜਦੇ ਉੱਥੇ ਹੀ ਸ਼ਹੀਦ ਹੋ ਗਏ। ਗੁਰੂ ਗੋਬਿੰਦ ਸਿੰਘ ਜੀ ਮਾਛੀਵਾੜਾ, ਆਲਮਗੀਰ, ਦੀਨਾ ,ਕਾਂਗੜ ਥਾਂਵਾਂ 'ਤੇ ਹੁੰਦੇ ਹੋਏ ਖਿਦਰਾਣੇ ਦੀ ਢਾਬ ਵੱਲ ਚਲੇ ਗਏ।

**23.ਖਿਦਰਾਣਾ ਦੀ ਲੜਾਈ ਦਾ ਹਾਲ ਲਿਖੋ।**

ਉੱਤਰ-ਚਮਕੌਰ ਸਾਹਿਬ ਤੋਂ ਚੱਲ ਕੇ ਜਦੋਂ ਗੁਰੂ ਗੋਬਿੰਦ ਸਿੰਘ ਜੀ ਖਿਦਰਾਣੇ ਦੀ ਢਾਬ ਤੇ ਪਹੁੰਚੇ ਤਾਂ ਉਸ ਸਮੇ ਤੱਕ ਉਹਨਾਂ ਨਾਲ ਬੇਸ਼ੁਮਾਰ ਸਿੱਖ ਰਲ ਗਏ ਸਨ। ਜਿਹੜੇ ਸਿੰਘ ਅਨੰਦਪੁਰ ਸਾਹਿਬ ਵਿਖੇ ਗੁਰੂ ਜੀ ਨੂੰ ਬੇਦਾਵਾ ਦੇ ਗਏ ਸਨ ਉਹ ਵੀ ਉੱਥੇ ਪੁੱਜ ਗਏ ਸਨ। ਉਹਨਾਂ ਨਾਲ ਮਾਈ ਭਾਗੋ ਖਾਸ ਤੌਰ ਤੇ ਗੁਰੂ ਜੀ ਦੇ ਪੱਖ ਵਿਚ ਲੜਨ ਲਈ ਉੱਥੇ ਪੁੱਜ ਗਏ ਸਨ। ਉਸ ਸਮੇਂ ਗੁਰੂ ਜੀ ਕੋਲ ਲਗਪਗ 2,000 ਸਿੱਖ ਸੈਨਿਕ ਸਨ।ਦੂਜੇ ਪਾਸੇ 10,000 ਸੈਨਿਕਾਂ ਦੀ ਵਿਸ਼ਾਲ ਸੈਨਾ ਲੈ ਕੇ ਸਰਹਿੰਦ ਦਾ ਸੂਬੇਦਾਰ ਵਜ਼ੀਰ ਖਾਂ ਉੱਥੇ ਪੁੱਜਾ। 29 ਦਸੰਬਰ, 1705 ਈ. ਵਿੱਚ ਖਿਦਰਾਣਾ ਦੀ ਢਾਬ 'ਤੇ ਘਮਸਾਨ ਦਾ ਯੁੱਧ ਹੋਇਆ। ਇਸ ਯੁੱਧ ਵਿੱਚ ਵੀ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਸਾਥੀਆਂ ਨੇ ਆਪਣੀ ਅਦੁੱਤੀ ਬਹਾਦਰੀ ਦਾ ਸਬੂਤ ਦਿੱਤਾ। ਉਹਨਾਂ ਨੇ ਦੁਸ਼ਮਣ

ਦੇ ਆਹੂ ਲਾਹੇ। ਉੱਥੇ ਪਾਣੀ ਦੀ ਘਾਟ ਹੋਣ ਕਰਕੇ ਮੁਗਲਾਂ ਲਈ ਲੜਨਾ ਬੜਾ ਔਖਾ ਸੀ। ਜਿਸ ਕਾਰਨ ਮੁਗਲਾਂ ਨੂੰ ਹਾਰ ਕੇ ਭੱਜ ਜਾਣਾ ਪਿਆ। ਭਾਵੇਂ ਮਾਈ ਭਾਗੋਂ ਬੁਰੀ ਤਰ੍ਹਾਂ ਜ਼ਖ਼ਮੀ ਹੋਈ ਅਤੇ ਉਹਨਾਂ ਨੂੰ ਬੇਦਾਵਾ ਦੇਣ ਵਾਲੇ 40 ਸਿੰਘ ਸ਼ਹੀਦ ਹੋ ਗਏ।ਪਰ ਜਿੱਤ ਗੁਰੂ ਜੀ ਦੀ ਹੀ ਹੋਈ। ਗੁਰੂ ਜੀ ਨੇ 40 ਸਿੰਘਾਂ ਦੀ ਬਹਾਦਰੀ ਦੇਖ ਕੇ ਉਹਨਾਂ ਦੇ ਮੁਖੀ ਭਾਈ ਮਹਾਂ ਸਿੰਘ ਦੇ ਸਾਹਮਣੇ ਉਹਨਾਂ ਵੱਲੋਂ ਦਿੱਤਾ ਬੇਦਾਵਾ ਪਾੜ ਦਿੱਤਾ। ਉਹਨਾਂ ਸਿੱਖਾਂ ਨੂੰ ਹੁਣ ਇਤਿਹਾਸ ਵਿੱਚ 'ਚਾਲੀ ਮੁਕਤੇ' ਕਹਿ ਕੇ ਯਾਦ ਕੀਤਾ ਜਾਂਦਾ ਹੈ। ਉਹਨਾਂ ਦੀ ਯਾਦ ਵਿੱਚ ਹੀ ਖਿਦਰਾਣੇ ਦੀ ਢਾਬ ਦਾ ਨਾਂ ਮੁਕਤਸਰ ਪੈ ਗਿਆ ।

**24.ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੈਨਾ ਨਾਇਕ ਦੇ ਰੂਪ ਵਿੱਚ ਸ਼ਖ਼ਸੀਅਤ ਬਾਰੇ ਲਿਖੋ।**

ਉੱਤਰ- ਗੁਰੂ ਗੋਬਿੰਦ ਸਿੰਘ ਜੀ ਇੱਕ ਬਹਾਦਰ ਯੋਧਾ ਅਤੇ ਜਮਾਂਦਰੂ ਸੈਨਾ-ਨਾਇਕ ਸਨ।ਬਚਪਨ ਤੋਂ ਹੀ ਉਹਨਾਂ ਨੇ ਘੋੜ-ਸਵਾਰੀ ,ਤਲਵਾਰ ਬਾਜ਼ੀ ਅਤੇ ਤੀਰ ਅੰਦਾਜ਼ੀ ਵਿੱਚ ਨਿਪੁੰਨਤਾ ਪ੍ਰਾਪਤ ਕਰ ਲਈ ਸੀ। ਉਹਨਾਂ ਨੇ ਪਾਉਂਟਾ ਸਾਹਿਬ ਵਿਖੇ ਰਹਿ ਕੇ ਬਹਾਦਰ ਸਿੱਖਾਂ ਦੀ ਸੈਨਾ ਤਿਆਰ ਕਰ ਲਈ ਸੀ। ਉਹਨਾਂ ਨੇ ਜੀਵਨ ਭਰ ਆਪਣੇ ਸੀਮਿਤ ਸਾਧਨਾਂ ਨਾਲ ਹੀ ਸ਼ਕਤੀਸ਼ਾਲੀ ਮੁਗਲ ਸੈਨਾ ਦਾ ਸਫ਼ਲਤਾ ਪੂਰਵਕ ਟਾਕਰਾ ਕੀਤਾ । ਉਹਨਾਂ ਨੇ ਹਰ ਯੁੱਧ ਵਿੱਚ ਸਿੱਖਾਂ ਦੀ ਨੁਮਾਇੰਦਗੀ ਕੀਤੀ ।ਉਹ ਇੱਕ ਸੁਯੋਗ ਸੈਨਾਪਤੀ ਵਾਂਗ ਜਾਣਦੇ ਸਨ ਕਿ ਵੈਰੀ ਨਾਲ ਕਦੋਂ, ਕਿੱਥੇ ਅਤੇ ਕਿਵੇਂ ਯੁੱਧ ਕਰਨਾ ਹੈ। ਭੰਗਾਣੀ ਅਤੇ ਖਿਦਰਾਣੇ ਦੀ ਢਾਬ ਦੇ ਯੁੱਧਾਂ ਵਾਂਗ ਉਨ੍ਹਾਂ ਨੇ ਹਰ ਯੁੱਧ ਲਈ ਉਚਿੱਤ ਸਥਾਨ ਚੁਣਿਆ। ਉਹ ਅਕਸਰ ਰੱਖਿਆਤਮਕ ਯੁੱਧ ਕਰਦੇ ਸਨ।

**25.ਬੰਦਾ ਸਿੰਘ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਮੁਲਾਕਾਤ ਦਾ ਹਾਲ ਲਿਖੋ।**

ਉੱਤਰ-ਆਪਣੇ ਅੰਤਲੇ ਦਿਨਾਂ ਵਿੱਚ ਜਦੋਂ ਗੁਰੂ ਜੀ ਦੱਖਣ ਵਿੱਚ ਗਏ ਤਾਂ ਉੱਥੇ ਨੰਦੇੜ ਸਾਹਿਬ ਵਿਖੇ ਉਨ੍ਹਾਂ ਦੀ ਮੁਲਾਕਾਤ ਮਾਧੋ ਦਾਸ ਬੈਰਾਗੀ ਨਾਲ ਹੋਈ । ਗੁਰੂ ਜੀ ਨੇ ਉਸ ਨੂੰ ਆਪਣਾ ਸਿੰਘ ਸਜਾ ਕੇ ਉਸ ਨੂੰ ਗੁਰਬਖ਼ਸ਼ ਸਿੰਘ ਦਾ ਨਾਂ ਦਿੱਤਾ। ਪਰ ਮਾਧੋਦਾਸ 'ਬੰਦਾ ਬਹਾਦਰ' ਦੇ ਨਾਂ ਨਾਲ ਮਸ਼ਹੂਰ ਹੋਇਆ ।ਜਦੋਂ ਬੰਦਾ ਸਿੰਘ ਬਹਾਦਰ ਨੇ ਗੁਰੂ ਜੀ ਤੋਂ ਪੰਜਾਬ ਵਿੱਚ ਸਿੱਖਾਂ ਉੱਤੇ ਕੀਤੇ ਗਏ ਮੁਗਲ ਸਰਕਾਰ ਦੇ ਜ਼ੁਲਮਾਂ ਬਾਰੇ ਸੁਣਿਆ ਤਾਂ ਉਸ ਨੂੰ ਬਹੁਤ ਦੁੱਖ ਹੋਇਆ। ਬੰਦਾ ਸਿੰਘ ਬਹਾਦਰ ਨੇ ਜਦੋਂ ਗੁਰੂ ਜੀ ਦੇ ਪਰਿਵਾਰ ਦੀ ਸ਼ਹੀਦੀ ਬਾਰੇ ਜਾਣਿਆ ਤਾਂ ਉਸ ਦਾ ਖੂਨ ਖੌਲਣ ਲੱਗ ਪਿਆ ।ਉਸ ਨੇ ਪੰਜਾਬ ਜਾਣ ਲਈ ਗੁਰੂ ਜੀ ਅੱਗੇ ਬੇਨਤੀ ਕੀਤੀ। ਉਹ ਅੱਤਿਆਚਾਰੀ ਮੁਗਲ ਕਰਮਚਾਰੀਆਂ ਨੂੰ ਉਨ੍ਹਾਂ ਦੇ ਗੁਨਾਹਾਂ ਦੀ ਸਜ਼ਾ ਦੇਣੀ ਚਾਹੁੰਦਾ ਸੀ। ਉਨ੍ਹਾਂ ਨੇ ਬੰਦਾ ਸਿੰਘ ਬਹਾਦਰ ਦੀ ਪ੍ਰਾਰਥਨਾ ਸਵੀਕਾਰ ਕਰ ਲਈ ਅਤੇ ਆਪਣੇ ਭੱਥੇ ਵਿੱਚੋਂ ਪੰਜ ਤੀਰ, ਇੱਕ ਖੰਡਾ ਅਤੇ ਇੱਕ ਨਗਾਰਾ ਉਸ ਨੂੰ ਆਪਣੀ ਸ਼ਕਤੀ ਦੇ ਚਿੰਨ੍ਹ ਵਜੋਂ ਦਿੱਤਾ । ਉਨ੍ਹਾਂ ਨੇ ਪੰਜਾਬ ਵਿੱਚ ਬੰਦਾ ਸਿੰਘ ਬਹਾਦਰ ਦਾ ਸਾਥ ਦੇਣ ਲਈ ਭਾਈ ਬਿਨੋਦ ਸਿੰਘ, ਭਾਈ ਕਾਹਨ ਸਿੰਘ, ਭਾਈ ਬਾਜ ਸਿੰਘ, ਭਾਈ ਦਇਆ ਸਿੰਘ ਅਤੇ ਭਾਈ ਰਣ ਸਿੰਘ ਨੂੰ ਵੀ ਉਸਦੇ ਨਾਲ ਪੰਜਾਬ ਜਾਣ ਦਾ ਹੁਕਮ ਦਿੱਤਾ। ਵਿਦਾਈ ਦੇ ਮੌਕੇ 'ਤੇ ਗੁਰੂ ਜੀ ਨੇ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਦੇ ਸਿੱਖਾਂ ਦੇ ਨਾਂ 'ਹੁਕਮਨਾਮੇ' ਵੀ ਦਿੱਤੇ । ਉਨ੍ਹਾਂ ਹੁਕਮਨਾਮਿਆਂ ਵਿੱਚ ਗੁਰੂ ਜੀ ਨੇ ਸਿੱਖਾਂ ਨੂੰ ਲਿਖਿਆ ਕਿ ਅੱਗੇ ਤੋਂ ਬੰਦਾ ਸਿੰਘ ਬਹਾਦਰ ਉਨ੍ਹਾਂ ਦਾ ਰਾਜਨੀਤਿਕ ਆਗੂ ਹੋਵੇਗਾ ਅਤੇ ਮੁਗਲਾਂ ਵਿਰੁੱਧ ਧਰਮ ਯੁੱਧਾਂ ਵਿੱਚ ਬੰਦਾ ਸਿੰਘ ਬਹਾਦਰ ਦਾ ਉਹ ਸਾਥ ਦੇਣ ।

**26.ਚੱਪੜ-ਚਿੜੀ ਅਤੇ ਸਰਹਿੰਦ ਦੀ ਲੜਾਈ ਦਾ ਹਾਲ ਲਿਖੋ।**

ਉੱਤਰ-ਬੰਦਾ ਸਿੰਘ ਬਹਾਦਰ ਦਾ ਅਸਲੀ ਨਿਸ਼ਾਨਾ ਸਰਹਿੰਦ ਸੀ। ਇੱਥੋਂ ਦੇ ਸੂਬੇਦਾਰ ਵਜ਼ੀਰ ਖਾਂ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਬਹੁਤ ਤੰਗ ਕੀਤਾ ਸੀ। ਉਸ ਨੇ ਆਨੰਦਪੁਰ ਸਾਹਿਬ ਅਤੇ ਚਮਕੌਰ ਸਾਹਿਬ ਦੇ ਯੁੱਧਾਂ ਵਿੱਚ ਗੁਰੂ ਜੀ ਦੇ ਖ਼ਿਲਾਫ਼ ਫ਼ੌਜ ਭੇਜੀ ਸੀ । ਇੱਥੇ ਹੀ ਉਨ੍ਹਾਂ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਕੰਧਾਂ ਵਿੱਚ ਚਿਣਿਆ ਗਿਆ। ਬੰਦਾ ਸਿੰਘ ਬਹਾਦਰ ਅਤੇ ਸਿੱਖਾਂ ਨੂੰ ਵਜ਼ੀਰ ਖ਼ਾਨ ਤੇ ਬਹੁਤ ਗੁੱਸਾ ਸੀ। ਜਿਉਂ ਹੀ ਪੰਜਾਬ ਵਿੱਚ ਬੰਦਾ ਸਿੰਘ ਬਹਾਦਰ ਦੇ ਸਰਹਿੰਦ ਵੱਲ ਵੱਧਣ ਦੀਆਂ ਖਬਰਾਂ ਪਹੁੰਚੀਆਂ ਤਾਂ ਹਜ਼ਾਰਾਂ ਲੋਕ ਬੰਦਾ ਸਿੰਘ ਬਹਾਦਰ ਦੇ ਝੰਡੇ ਹੇਠ ਇਕੱਠੇ ਹੋ ਗਏ । ਸਰਹਿੰਦ ਦੇ ਕਰਮਚਾਰੀ ਸੁੱਚਾ ਨੰਦ ਦਾ ਭਤੀਜਾ ਵੀ ਇੱਕ ਹਜ਼ਾਰ ਸੈਨਿਕਾਂ ਨਾਲ ਬੰਦਾ ਸਿੰਘ ਬਹਾਦਰ ਦੀ ਸੈਨਾ ਵਿੱਚ ਜਾ ਰਲਿਆ।ਦੂਜੇ ਪਾਸੇ ਵਜ਼ੀਰ ਖਾਂ ਦੀ ਫ਼ੌਜ ਦੀ ਗਿਣਤੀ ਲਗਪਗ ਵੀਹ ਹਜ਼ਾਰ ਸੀ । ਉਸ ਦੀ ਸੈਨਾ ਵਿੱਚ ਘੋੜ ਸਵਾਰਾਂ ਤੋਂ ਬਿਨ੍ਹਾਂ ਬੰਦੂਕਚੀ, ਤੋਪਚੀ ਅਤੇ ਹਾਥੀ ਸਵਾਰ ਵੀ ਸਨ ।ਸਰਹਿੰਦ ਤੋਂ ਲਗਪਗ 16 ਕਿਲੋਮੀਟਰ ਪੂਰਬ ਵੱਲ ਚੱਪੜ-ਚਿੜੀ ਦੇ ਸਥਾਨ ਤੇ 22 ਮਈ 1710 ਈ. ਨੂੰ ਦੋਹਾਂ ਫ਼ੌਜਾਂ ਦਾ ਟਾਕਰਾ ਹੋਇਆ। ਛੇਤੀ ਹੀ ਘਮਸਾਨ ਦਾ ਯੁੱਧ ਸ਼ੁਰੂ ਹੋ ਗਿਆ। ਲੁੱਟ-ਮਾਰ ਲਈ ਸਿੱਖਾਂ ਦੀ ਫ਼ੌਜ ਵਿੱਚ ਭਰਤੀ ਹੋਏ ਲੋਕਾਂ ਨੇ ਨੱਸਣਾ ਸ਼ੁਰੂ ਕਰ ਦਿੱਤਾ।ਸਿੱਖ ਸੈਨਿਕਾਂ ਦੇ ਹੌਸਲੇ ਢਾਹੁਣ ਲਈ ਸੁੱਚਾ ਨੰਦ ਦਾ ਭਤੀਜਾ ਵੀ ਆਪਣੇ ਸੈਨਿਕਾਂ ਨਾਲ ਯੁੱਧ ਦੇ ਮੈਦਾਨ ਵਿੱਚੋਂ ਦੌੜ ਗਿਆ। ਇਸ ਤੇ ਸੈਨਿਕਾਂ ਦੇ ਹੌਸਲੇ ਵਧਾਉਣ ਲਈ ਬੰਦਾ ਸਿੰਘ ਬਹਾਦਰ ਆਪ ਅੱਗੇ ਵਧਿਆ। ਸਿੱਖ ਬੜੀ ਦਲੇਰੀ ਨਾਲ ਵੈਰੀ ਉੱਤੇ ਟੁੱਟ ਪਏ। ਫਤਿਹ ਸਿੰਘ ਨੇ ਵਜ਼ੀਰ ਖਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ।ਵੈਰੀ ਦੀ ਸੈਨਾ ਵਿੱਚ ਭਗਦੜ ਮੱਚ ਗਈ। ਬਹੁਤ ਵੱਡੀ ਗਿਣਤੀ ਵਿੱਚ ਵੈਰੀ ਦੇ ਸੈਨਿਕ ਸਿੱਖਾਂ ਦੀਆਂ ਤਲਵਾਰਾਂ ਦਾ ਸ਼ਿਕਾਰ ਹੋਏ ।ਚੱਪੜ-ਚਿੜੀ ਦੀ ਜਿੱਤ ਮਗਰੋਂ 24 ਮਈ 1710 ਈ. ਨੂੰ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਦੇ ਕਿਲੇ 'ਤੇ ਹਮਲਾ ਕੀਤਾ। ਸਿੱਟੇ ਵਜੋਂ ਪੰਜ ਸੌ ਸਿੱਖ ਉਸ ਲੜਾਈ ਵਿੱਚ ਮਾਰੇ ਗਏ। ਪਰ ਸਿੱਖ ਸਰਹਿੰਦ ਉੱਤੇ ਕਬਜ਼ਾ ਕਰਨ ਵਿੱਚ ਸਫ਼ਲ ਹੋ ਗਏ। ਵਜ਼ੀਰ ਖਾਂ ਦੇ ਖ਼ਜ਼ਾਨੇ ਵਿੱਚੋਂ ਲਗਪਗ ਦੋ ਕਰੋੜ ਰੁਪਏ ਸਿੱਖਾਂ ਦੇ ਹੱਥ ਲੱਗੇ । ਸੁੱਚਾ ਨੰਦ ਅਤੇ ਹੋਰ ਕਰਮਚਾਰੀਆਂ ਦੇ ਘਰਾਂ ਵਿੱਚੋਂ ਵੀ ਬੰਦਾ ਸਿੰਘ ਬਹਾਦਰ ਨੂੰ ਬਹੁਤ ਸਾਰਾ ਧਨ ਮਿਲਿਆ ।

**27. ਮਹਾਰਾਜਾ ਰਣਜੀਤ ਸਿੰਘ ਦੇ ਬਚਪਨ ਤੇ ਸਿੱਖਿਆ ਬਾਰੇ ਲਿਖੋ ।**

ਉੱਤਰ – ਮਹਾਰਾਜਾ ਰਣਜੀਤ ਸਿੰਘ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ । ਉਸ ਨੂੰ ਬਚਪਨ ਵਿੱਚ ਬਹੁਤ ਲਾਡਾਂ ਅਤੇ ਚਾਵਾਂ ਨਾਲ ਪਾਲਿਆ ਗਿਆ । ਜਦੋਂ ਉਹ ਪੰਜਾਂ ਸਾਲਾਂ ਦਾ ਹੋਇਆ ਤਾਂ ਉਸ ਨੂੰ ਸਿੱਖਿਆ ਪ੍ਰਾਪਤ ਕਰਨ ਲਈ ਗੁੱਜਰਾਂਵਾਲਾ ਵਿਖੇ ਹੀ ਭਾਈ ਭਾਗੂ ਸਿੰਘ ਦੀ ਧਰਮਸ਼ਾਲਾ ਵਿੱਚ

ਭੇਜਿਆ ਗਿਆ। ਪਰ ਉਸ ਨੇ ਬਾਕੀ ਦੇ ਸਰਦਾਰਾਂ ਦੇ ਪੁੱਤਰਾਂ ਵਾਂਗ ਪੜ੍ਹਾਈ ਲਿਖਾਈ ਵਿੱਚ ਕੋਈ ਵਿਸ਼ੇਸ਼ ਦਿਲਚਸਪੀ ਨਾ ਲਈ। ਇਸ ਲਈ ਉਹ ਅਨਪੜ੍ਹ ਹੀ ਰਹਿ ਗਿਆ। ਉਹ ਆਪਣਾ ਬਹੁਤਾ ਸਮਾਂ ਸ਼ਿਕਾਰ ਖੇਡਣ , ਘੋੜ ਸਵਾਰੀ ਕਰਨ ਅਤੇ ਤਲਵਾਰ ਬਾਜ਼ੀ ਸਿੱਖਣ ਵਿੱਚ ਹੀ ਬਿਤਾਉਂਦਾ। ਇਸ ਲਈ ਉਹ ਆਪਣੇ ਬਚਪਨ ਵਿੱਚ ਹੀ ਇੱਕ ਚੰਗਾ ਘੋੜ-ਸਵਾਰ , ਤਲਵਾਰ-ਬਾਜ਼ ਅਤੇ ਤੀਰ-ਅੰਦਾਜ਼ ਬਣ ਗਿਆ ਸੀ। ਬਚਪਨ ਵਿੱਚ ਹੀ ਰਣਜੀਤ ਸਿੰਘ ਉੱਤੇ ਚੇਚਕ ਦੀ ਬਿਮਾਰੀ ਦਾ ਬੜਾ ਸਖ਼ਤ ਹਮਲਾ ਹੋਇਆ। ਇੱਕ ਵਾਰੀ ਤਾਂ ਉਸ ਦੇ ਬਚਣ ਦੀ ਵੀ ਆਸ ਨਹੀਂ ਸੀ ਰਹੀ। ਚੰਗੇ ਭਾਗਾਂ ਨੂੰ ਰਣਜੀਤ ਸਿੰਘ ਕੁੱਝ ਦਿਨਾਂ ਮਗਰੋਂ ਠੀਕ ਹੋ ਗਿਆ। ਪਰ ਉਹਨਾਂ ਦੇ ਚਿਹਰੇ ਉੱਤੇ ਚੇਚਕ ਦੇ ਦਾਗ ਰਹਿ ਗਏ। ਚੇਚਕ ਕਰ ਕੇ ਹੀ ਉਹਨਾਂ ਦੀ ਖੱਬੀ ਅੱਖ ਵੀ ਜਾਂਦੀ ਰਹੀ।

**28.ਮਹਾਰਾਜਾ ਰਣਜੀਤ ਸਿੰਘ ਦੇ ਬਚਪਨ ਦੀਆਂ ਬਹਾਦਰੀ ਦੀਆਂ ਘਟਨਾਵਾਂ ਦਾ ਹਾਲ ਲਿਖੋ।**

ਉੱਤਰ -ਮਹਾਰਾਜਾ ਰਣਜੀਤ ਸਿੰਘ ਬਾਲ ਅਵਸਥਾ ਵਿੱਚ ਹੀ ਸੂਰਬੀਰ ਯੋਧਾ ਬਣ ਗਏ ਸਨ। ਜਦੋਂ ਉਹ ਦਸਾਂ ਸਾਲ ਦਾ ਹੀ ਸੀ ਤਾਂ ਉਹਨਾਂ ਨੇ ਸੋਹਦਰਾ ਦੀ ਮੁਹਿੰਮ ਵਿੱਚ ਆਪਣੇ ਪਿਤਾ ਜੀ ਦਾ ਸਾਥ ਦਿੱਤਾ। ਉਹਨਾਂ ਨੇ ਇਸ ਮੁਹਿੰਮ ਵਿੱਚ ਆਪਣੇ ਪਿਤਾ ਦਾ ਸਾਥ ਹੀ ਨਹੀਂ ਦਿੱਤਾ, ਸਗੋਂ ਉਹਨਾਂ ਦੇ ਬਿਮਾਰ ਪੈ ਜਾਣ 'ਤੇ ਉਸ ਨੇ ਸ਼ੁਕਰਚੱਕੀਆ ਸੈਨਾ ਦੀ ਅਗਵਾਈ ਵੀ ਕੀਤੀ। ਉਹਨਾਂ ਨੇ ਵੈਰੀ ਦੀ ਫੌਜ ਨੂੰ ਹਰਾਉਣ ਦੇ ਨਾਲ-ਨਾਲ ਉਸ ਦਾ ਗੋਲਾ ਬਾਰੂਦ ਵੀ ਲੁੱਟ ਲਿਆ। ਇੱਕ ਵਾਰੀ ਰਣਜੀਤ ਸਿੰਘ ਸ਼ਿਕਾਰ ਖੇਡਣ ਪਿੱਛੋਂ ਇੱਕਲੇ ਹੀ ਘੋੜੇ ' ਤੇ ਵਾਪਸ ਆ ਰਿਹਾ ਸੀ ਕਿ ਚੱਠਾ ਕਬੀਲੇ ਦੇ ਸਰਦਾਰ ਹਸ਼ਮਤ ਖਾਂ ਨੇ ਉਹਨਾਂ ਨੂੰ ਦੇਖ ਲਿਆ। ਹਸ਼ਮਤ ਖਾਂ ਨੂੰ ਕਦੇ ਮਹਾਂ ਸਿੰਘ ਨੇ ਹਰਾਇਆ ਸੀ। ਬਦਲਾ ਲੈਣ ਲਈ ਹਜ਼ਮਤ ਖਾਂ ਰਣਜੀਤ ਸਿੰਘ ਨੂੰ ਮਾਰਨ ਲਈ ਇੱਕ ਝਾੜੀ ਉਹਲੇ ਲੁਕ ਗਿਆ। ਜਦੋਂ ਰਣਜੀਤ ਸਿੰਘ ਉਸ ਝਾੜੀ ਕੋਲੋਂ ਲੰਘਣ ਲੱਗੇ ਤਾਂ ਹਸ਼ਮਤ ਖਾਂ ਨੇ ਉਹਨਾਂ ਉੱਤੇ ਵਾਰ ਕਰ ਦਿੱਤਾ। ਰਣਜੀਤ ਸਿੰਘ ਨੇ ਉਸ ਦੇ ਵਾਰ ਨੂੰ ਰੋਕਦਿਆਂ ਵੈਰੀ ਉੱਤੇ ਐਸਾ ਵਾਰ ਕੀਤਾ ਕਿ ਉਸ ਦਾ ਸਿਰ ਧੜ ਤੋਂ ਵੱਖ ਹੋ ਗਿਆ।

**29.ਮਹਾਰਾਜਾ ਰਣਜੀਤ ਸਿੰਘ ਦੇ ਲਾਹੌਰ ਉੱਤੇ ਕਬਜ਼ੇ ਦਾ ਹਾਲ ਲਿਖੋ।**

ਉੱਤਰ -ਲਾਹੌਰ ਦੇ ਨਿਵਾਸੀ ਭੰਗੀ ਸਰਦਾਰਾਂ ਦੇ ਕੁਸ਼ਾਸਨ ਤੋਂ ਤੰਗ ਆਏ ਹੋਏ ਸਨ। ਉਹਨਾਂ ਨੂੰ ਇਹ ਵੀ ਪਤਾ ਲੱਗਾ ਕਿ ਕਸੂਰ ਦਾ ਹਾਕਮ ਨਿਜ਼ਾਮਉੱਦੀਨ ਵੀ ਲਾਹੌਰ 'ਤੇ ਕਬਜ਼ਾ ਕਰਨਾ ਚਾਹੁੰਦਾ ਹੈ। ਇਸ ਸਮੇਂ ਤੱਕ ਮਹਾਰਾਜਾ ਰਣਜੀਤ ਸਿੰਘ ਆਪਣੀ ਸੂਰਬੀਰਤਾ ਅਤੇ ਸੁੱਚਜਤਾ ਕਾਰਨ ਕਾਫ਼ੀ ਪ੍ਰਸਿੱਧ ਹੋ ਚੁੱਕੇ ਸਨ। ਇਸ ਲਈ ਲਾਹੌਰ ਦੇ ਪ੍ਰਮੁੱਖ ਸ਼ਹਿਰੀਆਂ ਨੇ ਜਿਨ੍ਹਾਂ ਵਿੱਚ ਹਿੰਦੂ, ਸਿੱਖ ਅਤੇ ਮੁਸਲਮਾਨ ਸ਼ਾਮਲ ਸਨ। ਰਣਜੀਤ ਸਿੰਘ ਨੂੰ ਲਾਹੌਰ ਉੱਤੇ ਕਬਜ਼ਾ ਕਰਨ ਲਈ ਸੱਦਾ-ਪੱਤਰ ਭੇਜਿਆ। ਇਸ ਪੱਤਰ ਵਿੱਚ ਭੰਗੀ ਸਰਦਾਰਾਂ ਦੀ ਅਯੋਗਤਾ ਅਤੇ ਉਹਨਾਂ ਰਾਹੀਂ ਲੋਕਾਂ 'ਤੇ ਕੀਤੇ ਗਏ ਅੱਤਿਆਚਾਰਾਂ ਦਾ ਵਰਣਨ ਕੀਤਾ ਗਿਆ ਸੀ। ਉਸ ਪੱਤਰ ਵਿੱਚ ਮਹਾਰਾਜਾ ਰਣਜੀਤ ਸਿੰਘ ਨੂੰ ਬੇਨਤੀ ਕੀਤੀ ਗਈ ਸੀ ਕਿ ਉਹ ਲਾਹੌਰ 'ਤੇ ਕਬਜ਼ਾ ਕਰੇ ਅਤੇ ਉਹਨਾਂ ਨੂੰ ਅੱਤਿਆਚਾਰੀ ਹਾਕਮਾਂ ਤੋਂ ਛੁਟਕਾਰਾ ਦੁਆਵੇ। ਸ਼ਹਿਰੀਆਂ ਨੇ ਉਸ ਨੂੰ ਇਹ ਵਿਸ਼ਵਾਸ ਵੀ ਦੁਆਇਆ ਕਿ ਜਦੋਂ ਉਹ ਲਾਹੌਰ ਉੱਤੇ ਹਮਲਾ ਕਰੇਗਾ ਤਾਂ ਉਹ ਲਾਹੌਰ ਦੇ ਕਿਲ੍ਹੇ ਦਾ ਦਰਵਾਜ਼ਾ ਖੋਲ੍ਹ ਦੇਣਗੇ। ਲਾਹੌਰ ਦੇ ਸ਼ਹਿਰੀਆਂ ਵੱਲੋਂ ਸਾਥ ਦੇਣ ਦਾ ਵਿਸ਼ਵਾਸ ਮਿਲ ਜਾਣ 'ਤੇ ਰਣਜੀਤ ਸਿੰਘ ਨੇ ਆਪਣੀ ਤਿਆਰੀ ਦੇ ਨਾਲ-ਨਾਲ ਸਦਾ ਕੌਰ ਨੂੰ ਵੀ ਤਿਆਰ ਕਰ ਲਿਆ। ਰਣਜੀਤ ਸਿੰਘ ਅਤੇ ਸਦਾ ਕੌਰ ਦੀਆਂ ਫੌਜਾਂ ਨੇ ਲਾਹੌਰ ਵੱਲ ਕੂਚ ਕੀਤਾ। ਲਾਹੌਰ ਪੁੱਜਦਿਆਂ ਹੀ ਜਦੋਂ ਉਹ ਆਪਣੀਆਂ ਫੌਜਾਂ ਨਾਲ ਲਾਹੌਰ ਦਰਵਾਜ਼ੇ 'ਤੇ ਪੁੱਜਾ ਤਾਂ ਸ਼ਹਿਰੀਆਂ ਵੱਲੋਂ ਦਰਵਾਜ਼ਾ ਖੋਲ੍ਹ ਦਿੱਤਾ ਗਿਆ। ਮਹਾਰਾਜਾ ਰਣਜੀਤ ਸਿੰਘ ਦੀ ਫੌਜ ਸ਼ਹਿਰ ਅੰਦਰ ਪੁੱਜ ਜਾਣ 'ਤੇ ਭੰਗੀ ਸਰਦਾਰ ਭੈ- ਭੀਤ ਹੋ ਗਏ। ਸਾਹਿਬ ਸਿੰਘ ਅਤੇ ਮੋਹਰ ਸਿੰਘ ਸ਼ਹਿਰ ਛੱਡ ਕੇ ਭੱਜ ਗਏ। ਚੇਤ ਸਿੰਘ ਨੇ ਆਪਣੇ-ਆਪ ਨੂੰ ਕਿਲ੍ਹੇ ਵਿੱਚ ਬੰਦ ਕਰ ਲਿਆ। ਕਿਲ੍ਹੇ ਵਿੱਚ ਰਸਦ ਪਾਣੀ ਦਾ ਪ੍ਰਬੰਧ ਪੂਰਾ ਨਾ ਹੋਣ ਕਰਕੇ ਉਹਨਾਂ ਨੇ ਅਗਲੇ ਦਿਨ ਹੀ ਹਥਿਆਰ ਸੁੱਟ ਦਿੱਤੇ।

**30. ਅੰਮ੍ਰਿਤਸਰ ਦੀ ਜਿੱਤ ਦੀ ਮਹੱਤਤਾ ਲਿਖੋ।**

ਉੱਤਰ -1.ਲਾਹੌਰ ਦੀ ਜਿੱਤ ਪਿੱਛੋਂ ਮਹਾਰਾਜਾ ਰਣਜੀਤ ਸਿੰਘ ਦੀ ਸਭ ਤੋਂ ਮਹੱਤਵਪੂਰਨ ਜਿੱਤ ਅੰਮ੍ਰਿਤਸਰ ਦੀ ਜਿੱਤ ਸੀ। ਜਿੱਥੇ ਲਾਹੌਰ ਪੰਜਾਬ ਦੀ ਰਾਜਧਾਨੀ ਸੀ ਉੱਥੇ ਹੁਣ ਅੰਮ੍ਰਿਤਸਰ ਸਿੱਖਾਂ ਦੀ ਧਾਰਮਿਕ ਰਾਜਧਾਨੀ ਬਣ ਗਈ।

2. ਅੰਮ੍ਰਿਤਸਰ ਦੀ ਜਿੱਤ ਨਾਲ ਮਹਾਰਾਜਾ ਰਣਜੀਤ ਸਿੰਘ ਦੀ ਸੈਨਿਕ ਸ਼ਕਤੀ ਵਿੱਚ ਵਾਧਾ ਹੋਇਆ। ਲੋਹਗੜ੍ਹ ਦਾ ਕਿਲ੍ਹਾ ਉਹਨਾਂ ਲਈ ਬੜਾ ਵੱਡਮੁੱਲਾ ਸਾਬਤ ਹੋਇਆ।

3.ਉਹਨਾਂ ਨੂੰ ਤਾਂਬੇ ਅਤੇ ਪਿੱਤਲ ਦੀ ਬਣੀ ਹੋਈ ਬਹੁਤ ਵੱਡੀ ਜਮ- ਜਮਾ ਤੋਪ ਵੀ ਪ੍ਰਾਪਤ ਹੋਈ।

4.ਮਹਾਰਾਜਾ ਰਣਜੀਤ ਸਿੰਘ ਨੂੰ ਪ੍ਰਸਿੱਧ ਸੈਨਿਕ ਅਕਾਲੀ ਫੂਲਾ ਸਿੰਘ ਦੀਆਂ ਸੇਵਾਵਾਂ ਦੀ ਪ੍ਰਾਪਤੀ ਹੋਈ।

5. ਨਿਹੰਗਾਂ ਦੀ ਅਸਾਧਾਰਣ ਦਲੇਰੀ ਅਤੇ ਬਹਾਦਰੀ ਕਾਰਨ ਮਹਾਰਾਜਾ ਰਣਜੀਤ ਸਿੰਘਾਂ ਨੇ ਕਈ ਸ਼ਾਨਦਾਰ ਜਿੱਤਾਂ ਪ੍ਰਾਪਤ ਕੀਤੀਆਂ।

6. ਅੰਮ੍ਰਿਤਸਰ ਦੀ ਜਿੱਤ ਦੇ ਸਿੱਟੇ ਵਜੋਂ ਮਹਾਰਾਜਾ ਰਣਜੀਤ ਸਿੰਘ ਦੀ ਮਸ਼ਹੂਰੀ ਦੂਰ-ਦੂਰ ਤੱਕ ਫੈਲ ਗਈ।

7. ਭਾਰਤ ਦੇ ਅੰਗਰੇਜ਼ੀ ਰਾਜ ਵਿੱਚੋਂ ਬਹੁਤ ਸਾਰੇ ਭਾਰਤੀ ਉਹਨਾਂ ਦੇ ਰਾਜ ਵਿੱਚ ਨੌਕਰੀ ਕਰਨ ਲਈ ਆਉਣ ਲੱਗੇ। ਹਿੰਦੁਸਤਾਨੀ, ਮੁਸਲਮਾਨ ਅਤੇ ਯੂਰਪੀਅਨ ਸੈਨਿਕ, ਜਿਨ੍ਹਾਂ ਨੇ ਈਸਟ ਇੰਡੀਆ ਕੰਪਨੀ ਨੂੰ ਛੱਡ ਦਿੱਤਾ ਸੀ, ਮਹਾਰਾਜਾ ਰਣਜੀਤ ਸਿੰਘ ਦੀ ਸੈਨਾ ਵਿੱਚ ਆਉਣ ਲੱਗੇ।

**31.ਮਹਾਰਾਜਾ ਰਣਜੀਤ ਸਿੰਘ ਨੇ ਮਿੱਤਰ ਮਿਸਲਾਂ ਤੇ ਕਦੋਂ ਅਤੇ ਕਿਵੇਂ ਅਧਿਕਾਰ ਕੀਤਾ?**

ਉੱਤਰ:-ਰਣਜੀਤ ਸਿੰਘ ਨੇ ਤਾਕਤ ਵਿੱਚ ਆਉਂਦਿਆਂ ਹੀ ਸਾਰੀਆਂ ਮਿਸਲਾਂ ਨਾਲ ਲੋਹਾ ਲੈਣਾ ਠੀਕ ਨਾ ਸਮਝਿਆ। ਉਸਨੇ ਤਕੜੀਆਂ ਮਿਸਲਾਂ ਦੇ ਨਾਲ ਦੋਸਤੀ ਕਰ ਲਈ ਅਤੇ ਢੁੱਕਵਾਂ ਮੌਕਾ ਦੇਖ ਕੇ ਉਸ ਨੇ ਹੇਠ ਲਿਖੀਆਂ ਮਿੱਤਰ ਮਿਸਲਾਂ ਦੇ ਇਲਾਕਿਆਂ ਤੇ ਕਬਜ਼ਾ ਕਰ ਲਿਆ-

**1. ਕਨ੍ਹਈਆ ਮਿਸਲ** -ਕਨ੍ਹਈਆ ਮਿਸਲ ਮਹਾਰਾਜਾ ਰਣਜੀਤ ਸਿੰਘ ਦੇ ਸਹੁਰਿਆਂ ਦੀ ਮਿਸਲ ਸੀ। ਉਸ ਮਿਸਲ ਦੀ ਨੇਤਾ ਉਸਦੀ ਸੱਸ ਸਦਾ ਕੌਰ ਨੇ ਉਸ ਸ਼ਕਤੀ ਦੇ ਉਭਾਰ ਲਈ ਆਪਣਾ ਪੂਰਾ ਜ਼ੋਰ ਲਾਇਆ। ਫਿਰ ਵੀ ਮਹਾਰਾਜਾ ਰਣਜੀਤ ਸਿੰਘ ਨੇ 1811 ਤੋਂ 1813 ਈ. ਵਿੱਚ ਕਨ੍ਹਈਆ ਮਿਸਲ ਦੇ ਹਾਜੀਪੁਰ, ਮੁਕੇਰੀਆਂ, ਬਟਾਲਾ ਆਦਿ ਇਲਾਕੇ ਆਪਣੇ ਰਾਜ ਵਿੱਚ ਸ਼ਾਮਿਲ ਕਰ ਲਏ ਅਤੇ ਸਦਾ ਕੌਰ ਨੂੰ ਜੇਲ ਵਿੱਚ ਸੁੱਟ ਦਿੱਤਾ ਤੇ ਬਧਣੀ ਨੂੰ ਛੱਡ ਕੇ ਸਾਰੇ ਇਲਾਕੇ ਉਸ ਕੋਲੋਂ ਖੋਹ ਲਏ।

**2. ਰਾਮਗੜ੍ਹੀਆ ਮਿਸਲ** -ਜਦੋਂ ਤੱਕ ਜੋਧ ਸਿੰਘ ਰਾਮਗੜ੍ਹੀਆ ਜਿਉਂਦਾ ਰਿਹਾ ਮਹਾਰਾਜਾ ਰਣਜੀਤ ਸਿੰਘ ਨੇ ਉਸ ਨਾਲ ਮਿੱਤਰਤਾ ਪੂਰਨ ਸੰਬੰਧ ਬਣਾਈ ਰੱਖੇ। ਜਦੋਂ 1815 ਈ. ਵਿੱਚ ਜੋਧ ਸਿੰਘ ਦੀ ਮੌਤ ਹੋ ਗਈ ਤਾਂ ਮਹਾਰਾਜਾ ਨੇ ਉਸ ਦੇ ਪ੍ਰਦੇਸਾਂ ਨੂੰ ਆਪਣੇ ਰਾਜ ਵਿੱਚ ਮਿਲਾ ਲਿਆ।

**3.ਆਹਲੂਵਾਲੀਆ ਮਿਸਲ**- ਫਤਿਹ ਸਿੰਘ ਆਹਲੂਵਾਲੀਆ ਨੇ ਮਹਾਰਾਜਾ ਰਣਜੀਤ ਸਿੰਘ ਦੀਆਂ ਜਿੱਤਾਂ ਵਿੱਚ ਬਹੁਤ ਮਹੱਤਵਪੂਰਨ ਭਾਗ ਲਿਆ ਸੀ। 1825-1826 ਈ. ਵਿੱਚ ਉਹਨਾਂ ਦੇ ਸੰਬੰਧ ਵਿਗੜ ਗਏ। ਸਿੱਟੇ ਵਜੋਂ ਮਹਾਰਾਜਾ ਰਣਜੀਤ ਸਿੰਘ ਨੇ ਆਹਲੂਵਾਲੀਆ ਮਿਸਲ ਦੇ ਸਤਲੁਜ ਦੇ ਉੱਤਰ-ਪੱਛਮ ਵਿੱਚ ਸਥਿਤ ਇਲਾਕਿਆਂ ਉੱਤੇ ਕਬਜ਼ਾ ਕਰ ਲਿਆ।

**32. ਮੁਲਤਾਨ ਦੀ ਜਿੱਤ ਦੇ ਸਿੱਟੇ ਲਿਖੋ ।**

ਉੱਤਰ-1. ਮੁਲਤਾਨ ਦੀ ਜਿੱਤ ਨਾਲ ਮਹਾਰਾਜਾ ਰਣਜੀਤ ਸਿੰਘ ਦਾ ਮਾਣ ਵਧਿਆ।

2. ਇਸ ਨਾਲ ਦੱਖਣੀ ਪੰਜਾਬ ਵਿੱਚ ਅਫ਼ਗਾਨਾਂ ਦੀ ਸ਼ਕਤੀ ਨੂੰ ਵੱਡੀ ਸੱਟ ਲੱਗੀ।

3.ਡੇਰਾ ਜਾਤ ਅਤੇ ਬਹਾਵਲਪੁਰ ਦੇ ਦਾਊਦ ਪੁੱਤਰ ਵੀ ਮਹਾਰਾਜੇ ਦੇ ਅਧੀਨ ਹੋ ਗਏ।

4.ਆਰਥਿਕ ਤੌਰ 'ਤੇ ਵੀ ਇਹ ਜਿੱਤ ਮਹਾਰਾਜਾ ਰਣਜੀਤ ਸਿੰਘ ਲਈ ਲਾਭਦਾਇਕ ਸਿੱਧ ਹੋਈ, ਉਸ ਦੇ ਵਪਾਰ ਵਿੱਚ ਵਾਧਾ ਹੋਇਆ।

5.ਇਸ ਜਿੱਤ ਨਾਲ ਹੋਰ ਇਲਾਕੇ ਜਿੱਤਣ ਲਈ ਹੀ ਮਹਾਰਾਜਾ ਰਣਜੀਤ ਸਿੰਘ ਦਾ ਉਤਸ਼ਾਹ ਵਧਿਆ।

**33.ਅਟਕ ਦੀ ਲੜਾਈ ਦਾ ਹਾਲ ਲਿਖੋ ।**

ਉੱਤਰ -1813 ਈ. ਵਿੱਚ ਕਾਬਲ ਦੇ ਵਜ਼ੀਰ ਫਤਿਹ ਖ਼ਾਂ ਅਤੇ ਮਹਾਰਾਜਾ ਰਣਜੀਤ ਸਿੰਘ ਵਿਚਕਾਰ ਕਸ਼ਮੀਰ ਉੱਤੇ ਸਾਂਝਾ ਹਮਲਾ ਕਰਨ ਵੇਲੇ ਇੱਕ ਸੰਧੀ ਹੋਈ ਸੀ ਕਿ ਕਸ਼ਮੀਰ ਦੀ ਜਿੱਤ ਪਿੱਛੋਂ ਫਤਿਹ ਖ਼ਾਂ ਮੁਲਤਾਨ ਦੀ ਜਿੱਤ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਸਹਾਇਤਾ ਕਰੇਗਾ । ਮਹਾਰਾਜਾ ਰਣਜੀਤ ਸਿੰਘ ਉਸ ਦੇ ਬਦਲੇ ਫਤਿਹ ਖ਼ਾਂ ਨੂੰ ਅਟਕ ਜਿੱਤਣ ਵਿੱਚ ਸਹਿਯੋਗ ਦੇਵੇਗਾ । ਪਰ ਕਸ਼ਮੀਰ ਦੀ ਜਿੱਤ ਤੋਂ ਬਾਅਦ ਫਤਿਹ ਖਾਂ ਨੇ ਸੰਧੀ ਦੀਆਂ ਸ਼ਰਤਾਂ ਨੂੰ ਨਿਭਾਇਆ ਨਹੀਂ ਸੀ । ਇਸ ਲਈ ਮਹਾਰਾਜਾ ਰਣਜੀਤ ਸਿੰਘ ਨੇ ਫਤਿਹ ਖ਼ਾਂ ਨੂੰ ਸਬਕ ਸਿਖਾਉਣ ਲਈ ਅਟਕ ਉੱਤੇ ਹਮਲਾ ਕਰਨ ਦਾ ਵਿਚਾਰ ਬਣਾਇਆ । ਉਸ ਤੋਂ ਪਹਿਲਾਂ ਉਸ ਨੇ ਆਪਣੇ ਵਿਦੇਸ਼ ਮੰਤਰੀ ਫ਼ਕੀਰ ਅਜ਼ੀਜ਼ਉੱਦੀਨ ਨੂੰ ਗੱਲ-ਬਾਤ ਕਰਨ ਲਈ ਅਟਕ ਦੇ ਹਾਕਮ ਜਹਾਂਦਾਰ ਖਾਂ ਕੋਲ ਭੇਜਿਆ । ਜਹਾਂਦਾਰ ਖਾਂ ਅਟਕ ਦਾ ਕਿਲ੍ਹਾ ਮਹਾਰਾਜਾ ਰਣਜੀਤ ਸਿੰਘ ਦੇ ਹਵਾਲੇ ਕਰਨ ਲਈ ਮੰਨ ਗਿਆ । ਮਹਾਰਾਜਾ ਰਣਜੀਤ ਸਿੰਘ ਨੇ ਉਸ ਨੂੰ ਉਸ ਦੇ ਬਦਲੇ ਵਿੱਚ ਇੱਕ ਲੱਖ ਰੁਪਏ ਸਾਲਾਨਾ ਆਮਦਨੀ ਦੀ ਜਗੀਰ ਦੇ ਦਿੱਤੀ । ਅਟਕ ਦੇ ਕਿਲ੍ਹੇ ਉੱਤੇ ਮਹਾਰਾਜਾ ਰਣਜੀਤ ਸਿੰਘ ਦੇ ਕਬਜ਼ੇ ਨੂੰ ਫਤਿਹ ਖ਼ਾਂ ਬਰਦਾਸ਼ਤ ਨਾ ਕਰ ਸਕਿਆ । ਉਸ ਨੇ ਵਿਸ਼ਾਲ ਸੈਨਾ ਨਾਲ ਅਟਕ ਵੱਲ ਕੂਚ ਕੀਤਾ । ਦੂਜੇ ਪਾਸੇ ਮਹਾਰਾਜਾ ਰਣਜੀਤ ਸਿੰਘ ਨੇ ਵੀ ਪੂਰੀ ਤਿਆਰੀ ਕਰ ਕੇ ਜੋਧ ਸਿੰਘ ਰਾਮਗੜ੍ਹੀਆ, ਹਰੀ ਸਿੰਘ ਨਲਵਾ ਅਤੇ ਮੋਹਕਮ ਚੰਦ ਵਰਗੇ ਸੈਨਾਨਾਇਕ ਅਟਕ ਵੱਲ ਤੋਰ ਦਿੱਤੇ । 26 ਜੂਨ , 1813 ਈ. ਨੂੰ ਹੈਦਰੋ ਦੇ ਸਥਾਨ 'ਤੇ ਇੱਕ ਘਮਸਾਨ ਦਾ ਯੁੱਧ ਹੋਇਆ । ਇਸ ਨੂੰ ' ਛਛ ਦਾ ਯੁੱਧ ' ਵੀ ਕਿਹਾ ਜਾਂਦਾ ਹੈ । ਪਹਿਲਾਂ ਅਫਗਾਨਾਂ ਦਾ ਪੱਲੜਾ ਭਾਰੀ ਸੀ ਪਰ ਅੰਤ ਨੂੰ ਜਿੱਤ ਮਹਾਰਾਜਾ ਦੀ ਫੌਜ ਦੀ ਹੀ ਹੋਈ । ਇਸ ਯੁੱਧ ਦੇ ਸਿੱਟੇ ਵਜੋਂ ਮਹਾਰਾਜਾ ਰਣਜੀਤ ਸਿੰਘ ਦਾ ਅਟਕ ਉੱਤੇ ਪੱਕਾ ਅਧਿਕਾਰ ਹੋ ਗਿਆ । ਉਸ ਦੀ ਸ਼ਕਤੀ ਦੀ ਧਾਕ ਵੀ ਜੰਮ ਗਈ । ਇਸ ਜਿੱਤ ਨਾਲ ਮਹਾਰਾਜਾ ਲਈ ਅਫ਼ਗਾਨਾਂ ਦੇ ਬਾਕੀ ਮਹੱਤਵਪੂਰਨ ਪ੍ਰਦੇਸ਼ਾਂ ਨੂੰ ਜਿੱਤਣ ਵਿੱਚ ਸੌਖ ਹੋ ਗਈ ।

**34.ਸਿੰਧ ਦੇ ਪ੍ਰਸ਼ਨ ਬਾਰੇ ਲਿਖੋ ।**

ਉੱਤਰ-ਸਿੰਧ ਪੰਜਾਬ ਦੇ ਦੱਖਣ-ਪੱਛਮ ਵਿੱਚ ਸਿੰਧ ਦਰਿਆ ਦੇ ਦੋਵੇਂ ਪਾਸੇ ਸਥਿੱਤ ਅਤਿ ਮਹੱਤਵਪੂਰਨ ਪ੍ਰਦੇਸ਼ ਹੈ। ਸਿੰਧ ਦੇ ਆਲੇ- ਦੁਆਲੇ ਦੇ ਪ੍ਰਦੇਸ਼ਾਂ ਨੂੰ ਜਿੱਤਣ ਪਿੱਛੋਂ 1830-31 ਈ. ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਸਿੰਧ ਨੂੰ ਜਿੱਤਣ ਦਾ ਫੈਸਲਾ ਕੀਤਾ। ਪਰ ਭਾਰਤ ਦੇ ਗਵਰਨਰ ਜਨਰਲ ਨੇ ਮਹਾਰਾਜਾ ਰਣਜੀਤ ਸਿੰਘ 'ਤੇ ਰੋਕ ਲਾਉਣ ਲਈ ਰੋਪੜ ਵਿਖੇ ਉਸ ਨਾਲ ਮੁਲਾਕਾਤ ਰੱਖ ਲਈ, ਜੋ 26 ਅਕਤੂਬਰ, 1831 ਈ. ਵਿੱਚ ਹੋਈ । ਦੂਸਰੇ ਪਾਸੇ ਗਵਰਨਰ-ਜਨਰਲ ਨੇ ਕਰਨਲ ਪੋਟਿੰਜਰ ਨੂੰ ਸਿੰਧ ਦੇ ਅਮੀਰਾਂ ਨਾਲ ਵਪਾਰਿਕ ਸੰਧੀ ਕਰਨ ਲਈ ਭੇਜ ਦਿੱਤਾ । ਜਦੋਂ ਮਹਾਰਾਜਾ ਰਣਜੀਤ ਸਿੰਘ ਨੂੰ ਪਤਾ ਲੱਗਾ ਕਿ ਅੰਗਰੇਜ਼ਾਂ ਨੇ ਸਿੰਧ ਦੇ ਅਮੀਰਾਂ ਨਾਲ ਵਪਾਰਿਕ ਸਮਝੌਤਾ ਕਰ ਲਿਆ ਹੈ ਤਾਂ ਉਸ ਨੂੰ ਬੜਾ ਦੁੱਖ ਹੋਇਆ ।

**35.ਸ਼ਿਕਾਰਪੁਰ ਦਾ ਪ੍ਰਸ਼ਨ ਕੀ ਸੀ?**

ਉੱਤਰ -ਸਿੰਧ ਉੱਤੇ ਤਿੰਨ ਅਮੀਰਾਂ ਦਾ ਸਾਂਝਾ ਅਧਿਕਾਰ ਸੀ । 1834 ਈ. ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਸ਼ਿਕਾਰਪੁਰ ਦੇ ਮਜ਼ਾਰੀ ਕਬੀਲੇ ਦੇ ਖਿਲਾਫ਼ ਮੁਹਿੰਮ ਭੇਜੀ ਕਿਉਂਕਿ ਉਸ ਕਬੀਲੇ ਨੇ ਸਿੱਖ ਇਲਾਕਿਆਂ ਵਿੱਚ ਲੁੱਟ ਮਾਰ ਕੀਤੀ ਸੀ । 1836 ਈ. ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਫਿਰ

ਰਾਜਕੁਮਾਰ ਖੜਕ ਸਿੰਘ ਦੀ ਕਮਾਨ ਹੇਠ ਮਜ਼ਾਰੀ ਕਬੀਲਿਆਂ ਦੇ ਖਿਲਾਫ਼ ਸੈਨਾ ਭੇਜੀ ਕਿਉਂਕਿ ਉਹ ਅਜੇ ਵੀ ਸਿੱਖ ਇਲਾਕਿਆਂ ਵਿੱਚ ਲੁੱਟਾਂ ਮਾਰਾਂ ਕਰਨੋਂ ਨਹੀਂ ਸਨ ਹਟੇ। ਸਿੱਖ ਸੈਨਾ ਨੇ ਮਜ਼ਾਰੀਆ ਦੇ ਪ੍ਰਦੇਸ਼ ਉੱਤੇ ਕਬਜ਼ਾ ਕਰ ਲਿਆ। ਜਦੋਂ ਸੰਧੀ ਦੀਆਂ ਸ਼ਰਤਾਂ ਨੂੰ ਪੂਰਾ ਕਰਵਾਉਣ ਲਈ ਮਹਾਰਾਜਾ ਰਣਜੀਤ ਸਿੰਘ ਨੇ ਦੁਬਾਰਾ ਖੜਕ ਸਿੰਘ ਨੂੰ ਉੱਥੇ ਭੇਜਣਾ ਚਾਹਿਆ ਤਾਂ ਗਵਰਨਰ-ਜਨਰਲ ਆਕਲੈਂਡ ( Lord Auckland ) ਨੇ ਮਹਾਰਾਜਾ ਨੂੰ ਰੋਕ ਦਿੱਤਾ। ਇਸ ਤਰ੍ਹਾਂ ਮਹਾਰਾਜਾ ਨੂੰ ਨਾਂ ਤਾਂ ਸ਼ਿਕਾਰਪੁਰ ਮਿਲ ਸਕਿਆ ਅਤੇ ਨਾ ਹੀ ਵਾਰਸ਼ਕ ਕਰ। ਸਿੱਟੇ ਵਜੋਂ ਮਹਾਰਾਜਾ ਰਣਜੀਤ ਸਿੰਘ ਅਤੇ ਅੰਗਰੇਜ਼ਾਂ ਦੇ ਸੰਬੰਧ ਵਿਗੜ ਗਏ।

**36.ਫਿਰੋਜ਼ਪੁਰ ਦਾ ਪ੍ਰਸ਼ਨ ਕੀ ਸੀ?**

ਉੱਤਰ -ਸਤਲੁਜ ਅਤੇ ਬਿਆਸ ਦੇ ਸੰਗਮ ਦੇ ਨੇੜੇ ਸਥਿੱਤ , ਫਿਰੋਜ਼ਪੁਰ ਇੱਕ ਵਿਸ਼ੇਸ਼ ਮਹੱਤਵਪੂਰਨ ਸ਼ਹਿਰ ਸੀ। ਅੰਗਰੇਜ਼ਾਂ ਨੇ ਪਹਿਲਾਂ ਹੀ ਸੋਚ ਰੱਖਿਆ ਸੀ ਕਿ ਉਹ ਉਸ ਉੱਤੇ ਮਹਾਰਾਜਾ ਰਣਜੀਤ ਸਿੰਘ ਨੂੰ ਕਬਜਾ ਨਹੀਂ ਕਰਨ ਦੇਣਗੇ। ਜਦੋਂ ਭਾਰਤ ਵਿੱਚ ਅੰਗਰੇਜ਼ ਸਾਮਰਾਜ ਦਾ ਵਿਸਥਾਰ ਹੋ ਗਿਆ ਤਾਂ ਅੰਗਰੇਜ਼ਾਂ ਨੇ ਉਸ ਦੀ ਰੱਖਿਆ ਲਈ ਮਈ, 1835 ਈ : ਵਿੱਚ ਫਿਰੋਜ਼ਪੁਰ ਉੱਤੇ ਕਬਜ਼ਾ ਕਰ ਲਿਆ। ਮਹਾਰਾਜਾ ਰਣਜੀਤ ਸਿੰਘ ਅੰਗਰੇਜ਼ਾਂ ਦੀ ਇਸ ਕਾਰਵਾਈ ਤੋਂ ਗੁੱਸੇ ਹੋ ਗਏ। ਉਹਨਾਂ ਦੇ ਦਰਬਾਰੀਆਂ ਨੇ ਵੀ ਅੰਗਰੇਜ਼ਾਂ ਦੀ ਇਸ ਕਾਰਵਾਈ ਦਾ ਖੁੱਲ੍ਹੇ ਰੂਪ ਵਿੱਚ ਵਿਰੋਧ ਕੀਤਾ। 1838 ਈ. ਵਿੱਚ ਅੰਗਰੇਜ਼ਾਂ ਨੇ ਫਿਰੋਜ਼ਪੁਰ ਨੂੰ ਛਾਉਣੀ ਬਣਾ ਕੇ ਉਸ ਵਿੱਚ ਆਪਣੀ ਸੈਨਾ ਦਾ ਉਤਾਰਾ ਵੀ ਕਰਵਾ ਦਿੱਤਾ।

**37. ਪਹਿਲੇ ਐਂਗਲੋ ਸਿੱਖ ਯੁੱਧ ਤੋਂ ਬਾਅਦ ਅੰਗਰੇਜ਼ਾਂ ਨੇ ਪੰਜਾਬ ਨੂੰ ਆਪਣੇ ਕਬਜ਼ੇ ਵਿੱਚ ਕਿਉਂ ਨਾ ਕੀਤਾ?**

ਉੱਤਰ-1. ਪੰਜਾਬ ਵਿੱਚ ਸ਼ਾਂਤੀ ਦੀ ਵਿਵਸਥਾ ਸਥਾਪਿਤ ਕਰਨ ਲਈ ਆਮਦਨ ਤੋਂ ਵੱਧ ਖ਼ਰਚ ਕਰਨਾ ਪੈਣਾ ਸੀ। ਇਸ ਲਈ ਹਾਰਡਿੰਗ ਪੰਜਾਬ ਨੂੰ ਅੰਗਰੇਜ਼ੀ ਸਾਮਰਾਜ ਵਿੱਚ ਮਿਲਾ ਕੇ ਖਰਚਾ ਨਹੀਂ ਵਧਾਉਣਾ ਚਾਹੁੰਦਾ ਸੀ।

2.ਅਫ਼ਗਾਨਿਸਤਾਨ ਅਤੇ ਬ੍ਰਿਟਿਸ਼ ਰਾਜ ਵਿਚਕਾਰ ਸਿੱਖ ਰਾਜ ਦਾ ਇੱਕ ਰੋਕ ਵਜੋਂ ਹੋਣਾ ਬਹੁਤ ਜ਼ਰੂਰੀ ਸੀ। ਇਸ ਲਈ ਅੰਗਰੇਜ਼ਾਂ ਨੇ ਪੰਜਾਬ ਉੱਤੇ ਕਬਜ਼ਾ ਨਹੀਂ ਕੀਤਾ।

**38. ਮਹਾਰਾਜਾ ਦਲੀਪ ਸਿੰਘ ਬਾਰੇ ਤੁਸੀਂ ਕੀ ਜਾਣਦੇ ਹੋ?**

ਉੱਤਰ:ਬ੍ਰਿਟਿਸ਼ ਸਰਕਾਰ ਨੇ ਲਾਹੌਰ ਦੀ ਸੰਧੀ ਅਨੁਸਾਰ ਦਲੀਪ ਸਿੰਘ ਨੂੰ ਮਹਾਰਾਜਾ ਸਵੀਕਾਰ ਕਰ ਲਿਆ।ਮਹਾਰਾਜਾ ਦਲੀਪ ਸਿੰਘ ਦੇ ਨਾਬਾਲਿਗ ਕਾਲ ਵਿੱਚ ਰਾਜ ਦਾ ਸ਼ਾਸਨ ਪ੍ਰਬੰਧ ਅੱਠ ਸਰਦਾਰਾਂ ਦੀ ਕੌਂਸਲ ਆਫ਼ ਰੀਜੈਂਸੀ ਦੁਆਰਾ ਚਲਾਇਆ ਜਾਣਾ ਸੀ। ਦੂਜੇ ਐਂਗਲੋ ਸਿੱਖ ਯੁੱਧ ਵਿੱਚ ਸਿੱਖਾਂ ਦੀ ਹਾਰ ਹੋਈ ਅਤੇ ਲਾਰਡ ਡਲਹੌਜ਼ੀ ਵੱਲੋਂ ਪੰਜਾਬ ਦੇ ਰਾਜ ਨੂੰ ਸਮਾਪਤ ਕਰਨ ਦਾ ਐਲਾਨ ਕਰ ਦਿੱਤਾ ਗਿਆ। ਮਹਾਰਾਜਾ ਦਲੀਪ ਸਿੰਘ ਨੂੰ ਗੱਦੀ ਤੋਂ ਉਤਾਰ ਦਿੱਤਾ ਗਿਆ।ਮਹਾਰਾਜਾ ਦਲੀਪ ਸਿੰਘ ਦੀ ਚਾਰ ਤੋਂ ਪੰਜ ਲੱਖ ਤੱਕ ਪੈਨਸ਼ਨ ਮੁਕੱਰਰ ਕਰ ਦਿੱਤੀ ਗਈ। ਪੰਜਾਬ ਦੀ ਸਾਰੀ ਸੰਪਤੀ 'ਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ।

39. **ਜਲ੍ਹਿਆਂਵਾਲਾ ਬਾਗ਼ ਦੀ ਦੁਰਘਟਨਾ ਦੇ ਕੀ ਕਾਰਨ ਸਨ**?

**ਉੱਤਰ**: 1. **ਰੋਲਟ ਐਕਟ 9191 ਈ.**- ਅੰਗਰੇਜ਼ ਸਰਕਾਰ ਦੁਆਰਾ ਰਾਸ਼ਟਰੀ ਅੰਦੋਲਨ ਨੂੰ ਕੁਚਲਣ ਲਈ ਰੋਲਟ ਐਕਟ ਪਾਸ ਕੀਤਾ ਗਿਆ ਸੀ। ਇਸ ਅਨੁਸਾਰ ਕਿਸੇ ਵੀ ਵਿਅਕਤੀ ਨੂੰ ਬਿਨ੍ਹਾਂ ਕਿਸੇ ਵਾਰੰਟ ਦੇ ਗ੍ਰਿਫਤਾਰ ਕੀਤਾ ਜਾ ਸਕਦਾ ਸੀ।

2. **ਡਾ. ਸਤਪਾਲ ਅਤੇ ਡਾ. ਕਿਚਲੂ ਦੀ ਗ੍ਰਿਫਤਾਰੀ**- ਰੋਲਟ ਐਕਟ ਦੇ ਵਿਰੋਧ ਵਿੱਚ ਪੰਜਾਬ ਵਿੱਚ ਕਈ ਥਾਵਾਂ 'ਤੇ ਹੜਤਾਲਾਂ ਕੀਤੀਆਂ ਗਈਆਂ। ਹਿੰਸਕ ਘਟਨਾਵਾਂ ਵੀ ਵਾਪਰੀਆਂ। ਇਸ ਲਈ ਸਰਕਾਰ ਨੇ ਅੰਮ੍ਰਿਤਸਰ ਵਿਖੇ ਪੰਜਾਬ ਦੇ ਦੋ ਪ੍ਰਸਿੱਧ ਨੇਤਾ-ਡਾ. ਸਤਪਾਲ ਅਤੇ ਡਾ. ਕਿਚਲੂ ਨੂੰ ਗ੍ਰਿਫਤਾਰ ਕਰ ਲਿਆ ਕੀਤਾ। ਇਸ 'ਤੇ ਲੋਕ ਗੁੱਸੇ ਵਿੱਚ ਆ ਗਏ।

3. **ਅੰਗਰੇਜ਼ਾਂ ਦਾ ਕਤਲ-** ਪੁਲਿਸ ਨੇ ਅੰਮ੍ਰਿਤਸਰ ਵਿਖੇ ਲੋਕਾਂ 'ਤੇ ਗੋਲੀਬਾਰੀ ਕੀਤੀ। ਬਦਲੇ ਵਿੱਚ, ਲੋਕਾਂ ਨੇ ਪੰਜ ਅੰਗਰੇਜ਼ਾਂ ਨੂੰ ਮਾਰ ਦਿੱਤਾ। ਇਸ ਲਈ ਅੰਮ੍ਰਿਤਸਰ ਸ਼ਹਿਰ ਦਾ ਪ੍ਰਸ਼ਾਸਨ ਜਨਰਲ ਡਾਇਰ ਨੂੰ ਸੌਂਪ ਦਿੱਤਾ ਗਿਆ।

40. **ਸਾਈਮਨ ਕਮਿਸ਼ਨ ਉੱਤੇ ਨੋਟ ਲਿਖੋ।**

ਉੱਤਰ- **1928** ਈ. ਦੇ ਆਰੰਭ ਵਿੱਚ ਵਿੱਚ, ਬ੍ਰਿਟਿਸ਼ ਸਰਕਾਰ ਨੇ ਇੱਕ ਕਮਿਸ਼ਨ ਨਿਯੁਕਤ ਕੀਤਾ। ਇਸ ਦੇ ਚੇਅਰਮੈਨ ਸਰ ਜਾਨ ਸਾਈਮਨ ਸਨ। ਇਸ ਲਈ ਇਸ ਕਮਿਸ਼ਨ ਨੂੰ ਸਾਈਮਨ ਕਮਿਸ਼ਨ ਵੀ ਕਿਹਾ ਜਾਂਦਾ ਹੈ। ਇਹ ਕਮਿਸ਼ਨ **1928** ਵਿੱਚ ਭਾਰਤ ਪਹੁੰਚਿਆ। ਇਸ ਕਮਿਸ਼ਨ ਵਿੱਚ ਕੋਈ ਵੀ ਭਾਰਤੀ ਮੈਂਬਰ ਨਹੀਂ ਸੀ। ਇਸ ਲਈ ਇਹ ਕਮਿਸ਼ਨ ਜਿੱਥੇ ਵੀ ਗਿਆ, ਕਾਲੇ ਝੰਡਿਆਂ ਨਾਲ ਇਸ ਦਾ ਸਵਾਗਤ ਕੀਤਾ ਗਿਆ। ਕਈ ਥਾਵਾਂ 'ਤੇ 'ਸਾਈਮਨ ਕਮਿਸ਼ਨ ਵਾਪਸ ਮੁੜ ਜਾਓ', ਦੇ ਨਾਅਰੇ ਲਗਾਏ ਗਏ। ਇਨ੍ਹਾਂ ਸ਼ਾਂਤਮਈ ਪ੍ਰਦਰਸ਼ਨਾਂ ਨੂੰ ਸਰਕਾਰ ਨੇ ਬੇਰਹਿਮੀ ਨਾਲ ਦਬਾ ਦਿੱਤਾ। ਲਾਲਾ ਲਾਜਪਤ ਰਾਏ ਨੂੰ ਲਾਹੌਰ ਵਿਖੇ ਲਾਠੀਆਂ ਨਾਲ ਕੁੱਟਿਆ ਗਿਆ। ਕੁੱਝ ਦਿਨਾਂ ਬਾਅਦ ਲਾਠੀਆਂ ਦੀਆਂ ਭਿਆਨਕ ਸੱਟਾਂ ਕਾਰਨ ਲਾਲਾ ਲਾਜਪਤ ਰਾਏ ਜੀ ਸ਼ਹੀਦ ਹੋ ਗਏ। ਸਾਰੀਆਂ ਸਿਆਸੀ ਪਾਰਟੀਆਂ ਨੇ ਸਰਕਾਰ ਦੀ ਇਸ ਨੀਤੀ ਦੀ ਨਿਖੇਧੀ ਕੀਤੀ।

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 100-120 ਸ਼ਬਦਾਂ ਵਿੱਚ ਦਿਓ:-**

**1.ਹਿਮਾਲਿਆ ਅਤੇ ਉੱਤਰ ਪੱਛਮੀ ਪਹਾੜੀਆਂ ਦਾ ਵਰਨਣ ਕਰੋ।**

ਉੱਤਰ-ਹਿਮਾਲਿਆ ਦੀਆਂ ਪਹਾੜੀਆਂ ਪੰਜਾਬ ਵਿੱਚ ਲੜੀਵਾਰ ਹਨ। ਇਹਨਾਂ ਵਿੱਚ ਕਈ ਘਾਟੀਆਂ ਵੀ ਹਨ। ਇਹਨਾਂ ਦੀ ਚੌੜਾਈ ਲਗਭਗ 250 ਕਿਲੋਮੀਟਰ ਹੈ। ਇਹ ਪਹਾੜੀਆਂ ਇਕਸਾਰ ਨਹੀਂ ਹਨ। ਇਸ ਲਈ ਇਨ੍ਹਾਂ ਨੂੰ ਉੱਚਾਈ ਦੇ ਲਿਹਾਜ਼ ਨਾਲ ਤਿੰਨ ਭਾਗਾਂ ਵਿੱਚ ਵੰਡਿਆ ਜਾਂਦਾ ਹੈ -**ਮਹਾਨ ਹਿਮਾਲਿਆ, ਮੱਧ ਹਿਮਾਲਿਆ ਅਤੇ ਬਾਹਰੀ ਹਿਮਾਲਿਆ**। ਮਹਾਨ ਹਿਮਾਲਿਆ ਦੀਆਂ ਪਹਾੜੀਆਂ ਦੀ ਲੜੀ ਪੂਰਬ ਵੱਲ ਨੇਪਾਲ ਅਤੇ ਤਿੱਬਤ ਵਿੱਚ ਚਲੀ ਜਾਂਦੀ ਹੈ। ਇਹਨਾਂ ਦੀ ਉੱਚਾਈ ਲਗਭਗ 5851 ਮੀਟਰ ਤੋਂ 6718 ਮੀਟਰ ਦੇ ਵਿਚਕਾਰ ਹੈ। ਇਹ ਪਹਾੜੀਆਂ ਸਦਾ ਬਰਫ਼ ਨਾਲ ਢੱਕੀਆਂ ਰਹਿੰਦੀਆਂ ਹਨ। ਮੱਧ ਹਿਮਾਲਿਆ ਨੂੰ ਆਮ ਕਰਕੇ ਪਾਂਗੀ ਪਹਾੜੀਆਂ ਦੀ ਲੜੀ ਕਿਹਾ ਜਾਂਦਾ ਹੈ। ਇਹ ਪਹਾੜੀਆਂ ਰੋਹਤਾਂਗ ਦੱਰੇ ਤੋਂ ਚੱਲ ਕੇ ਚੰਬੇ ਵਿੱਚੋਂ ਹੋ ਕੇ ਚਨਾਬ ਅਤੇ ਰਾਵੀ ਦਰਿਆਵਾਂ ਦੀਆਂ ਘਾਟੀਆਂ ਨੂੰ ਨਿਖੇੜਦੀਆਂ ਹਨ। ਇਹਨਾਂ ਪਹਾੜੀਆਂ ਦੀ ਉੱਚਾਈ ਲਗਭਗ 2155 ਮੀਟਰ ਹੈ। ਬਾਹਰਲੇ ਹਿਮਾਲਿਆ ਦੀਆਂ ਪਹਾੜੀਆਂ ਮੱਧ ਹਿਮਾਲਿਆ ਦੀਆਂ ਪਹਾੜੀਆਂ ਦੇ ਬਰਾਬਰ ਹੀ ਚੱਲਦੀਆਂ ਹਨ। ਇਹ ਪਹਾੜੀਆਂ ਚੰਬਾ ਅਤੇ ਧਰਮਸ਼ਾਲਾ ਤੋਂ ਹੋ ਕੇ ਕਸ਼ਮੀਰ ਵਿੱਚ ਦੀ ਰਾਵਲਪਿੰਡੀ, ਜਿਹਲਮ ਅਤੇ ਗੁਜਰਾਤ ਜ਼ਿਲ੍ਹਿਆਂ ਦੇ ਇਲਾਕਿਆਂ ਵਿੱਚ ਜਾ ਕੇ ਨਿਕਲਦੀਆਂ ਹਨ। ਇਹਨਾਂ ਦੀ ਉੱਚਾਈ ਲਗਪਗ 923 ਮੀਟਰ ਹੈ। ਇਨ੍ਹਾਂ ਨੂੰ ਧੌਲਾਧਾਰ ਦੀਆਂ ਪਹਾੜੀਆਂ ਵੀ ਕਿਹਾ ਜਾਂਦਾ ਹੈ। ਉੱਤਰ-ਪੱਛਮੀ ਪਹਾੜੀਆਂ ਹਿਮਾਲਿਆ ਦੀਆਂ ਪੱਛਮੀ ਪਹਾੜੀ ਲੜੀਆਂ ਦਾ ਨਾਂ ਸੁਲੇਮਾਨ ਅਤੇ ਕਿਰਥਾਰ ਦੀਆਂ ਪਹਾੜੀਆਂ ਹੈ। ਇਨ੍ਹਾਂ ਪਹਾੜੀਆਂ ਵਿੱਚ ਕਈ ਦੱਰੇ ਬਣੇ ਹੋਏ ਹਨ ਜਿਨ੍ਹਾਂ ਵਿੱਚੋਂ ਖੈਬਰ, ਕੁੱਰਮ, ਟੋਚੀ, ਬੋਲਾਨ ਅਤੇ ਗੋਮਲ ਪ੍ਰਸਿੱਧ ਹਨ। ਇਹਨਾਂ ਦਰਿਆ ਰਾਹੀਂ ਪੰਜਾਬ ਦੇ ਸੰਬੰਧ ਮੱਧ ਏਸ਼ੀਆ ਨਾਲ ਬਣੇ। ਦੱਰੇ ਖ਼ੈਬਰ ਰਾਹੀਂ ਸਾਰੇ ਪੱਛਮੀ ਹਮਲਾਵਰ ਪੰਜਾਬ ਵਿੱਚ ਆਏ।

2.**ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਦੇ ਪੰਜਾਬ ਦੀ ਰਾਜਨੀਤਿਕ ਅਵਸਥਾ ਦਾ ਵਰਨਣ ਕਰੋ ।**

ਉੱਤਰ- ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਦੇ ਪੰਜਾਬ ਦੀ ਰਾਜਨੀਤਿਕ ਅਵਸਥਾ ਬਹੁਤ ਖਰਾਬ ਸੀ। ਜਿਸ ਦਾ ਵਰਣਨ ਹੇਠ ਲਿਖੇ ਅਨੁਸਾਰ ਹੈ-

1. ਉਸ ਸਮੇਂ ਪੰਜਾਬ ਵਿੱਚ ਨਿਰਕੁੰਸ਼ ਸ਼ਾਸਨ ਸੀ। ਇੱਥੋਂ ਦੇ ਹਾਕਮ ਕਮਜ਼ੋਰ ਅਤੇ ਆਪਸੀ ਫੁੱਟ ਦਾ ਸ਼ਿਕਾਰ ਸਨ। ਪੰਜਾਬ ਉੱਤੇ ਬਾਹਰੀ ਹਮਲੇ ਹੋ ਰਹੇ ਸਨ।
2. ਉਸ ਸਮੇਂ ਪੰਜਾਬ ਲੋਧੀ ਸੁਲਤਾਨਾਂ ਦੇ ਅਧੀਨ ਸੀ ਅਤੇ ਉਹ ਸਾਜ਼ਿਸ਼ਾਂ ਰੱਚ ਰਹੇ ਸਨ।
3. ਹਿੰਦੂ ਸਮਾਜ ਜਾਤ-ਪਾਤ ਅਤੇ ਉਪ-ਜਾਤਾਂ ਵਿੱਚ ਵੰਡਿਆ ਹੋਇਆ ਸੀ।
4. ਇਸਤਰੀਆਂ ਦੀ ਸਥਿਤੀ ਸਮਾਜ ਵਿੱਚ ਬਹੁਤ ਮਾੜੀ ਸੀ।
5. ਸਰਕਾਰੀ ਕਰਮਚਾਰੀ ਭ੍ਰਿਸ਼ਟਾਚਾਰ ਦਾ ਸ਼ਿਕਾਰ ਹੋ ਚੁੱਕੇ ਸਨ ਅਤੇ ਆਪਣੇ ਕਰਤੱਵ ਭੁੱਲ ਚੁੱਕੇ ਸਨ।
5. ਇਸ ਸਮੇਂ ਵਿੱਚ ਪੰਜਾਬ 'ਯੁੱਧਾਂ ਦਾ ਅਖਾੜਾ' ਬਣਿਆ ਹੋਇਆ ਸੀ।
6. ਇਸ ਸਮੇਂ ਦੌਰਾਨ ਇਬਰਾਹੀਮ ਲੋਧੀ ਅਤੇ ਦੌਲਤ ਖਾਂ ਲੋਧੀ ਵਿਚਕਾਰ ਆਪਸੀ ਸ਼ੰਘਰਸ ਚੱਲ ਰਿਹਾ ਸੀ। ਜਿਸ ਨੇ ਪੰਜਾਬ ਉੱਤੇ ਬਾਬਰ ਨੂੰ ਹਮਲੇ ਕਰਨ ਲਈ ਉਤਸ਼ਾਹਿਤ ਕੀਤਾ।

**3.ਗੁਰੂ ਨਾਨਕ ਦੇਵ ਜੀ ਦੀਆਂ ਕੋਈ ਛੇ ਸਿੱਖਿਆਵਾਂ ਬਾਰੇ ਲਿਖੋ।**

ਉੱਤਰ- ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਸੇ ਗੂੜ੍ਹੀ ਫਿਲਾਸਫੀ ਦਾ ਪ੍ਰਚਾਰ ਨਹੀਂ ਕੀਤਾ। ਸਗੋਂ ਉਹਨਾਂ ਨੇ ਆਪਣੇ ਸਿੱਖਿਆਵਾਂ ਦੇ ਪ੍ਰਚਾਰ ਲਈ ਲੋਕ ਭਾਸ਼ਾ ਦੀ ਵਰਤੋਂ ਕੀਤੀ। ਉਹਨਾਂ ਦੀਆਂ ਸਿੱਖਿਆਵਾਂ ਦਾ ਵਰਣਨ ਇਸ ਪ੍ਰਕਾਰ ਹੈ-

**1. ਪਰਮਾਤਮਾ ਬਾਰੇ ਵਿਚਾਰ -** ਗੁਰੂ ਜੀ ਦੇ ਵਿਚਾਰ ਅਨੁਸਾਰ ਪਰਮਾਤਮਾ ਇੱਕ ਹੈ। ਉਹ ਸਰਵ- ਸ਼ਕਤੀਮਾਨ, ਨਿਰਾਕਾਰ, ਸਰਵਉੱਚ, ਸਰਵ-ਵਿਆਪਕ ਅਤੇ ਦਿਆਲੂ ਹੈ।

**2. 'ਨਾਮ ' ਜਪਣਾ -**ਗੁਰੂ ਜੀ ਨੇ ਨਾਮ ਜਪਣ ਉੱਤੇ ਬਹੁਤ ਜ਼ੋਰ ਦਿੱਤਾ ਕਿਉਂਕਿ ਇਸ ਨਾਲ ਮਨੁੱਖ ਦਾ ਮਨ ਪਵਿੱਤਰ ਹੋ ਜਾਂਦਾ ਹੈ। ਨਾਮ ਹੀ ਸੰਸਾਰ ਦੇ ਦੁੱਖਾਂ ਦਾ ਇਲਾਜ ਹੈ।

**3. ਹਉਮੈ ਦਾ ਤਿਆਗ-**ਗੁਰੂ ਜੀ ਅਨੁਸਾਰ ਪਰਮਾਤਮਾ ਦੀ ਮਿਹਰ ਅਤੇ ਦਇਆ ਪ੍ਰਾਪਤ ਕਰਨ ਲਈ ਹਉਮੈ ਦਾ ਤਿਆਗ ਕਰਨਾ ਬਹੁਤ ਜ਼ਰੂਰੀ ਹੈ।

**4. ਜਾਤ-ਪਾਤ ਦਾ ਖੰਡਨ -**ਗੁਰੂ ਜੀ ਨੇ ਜਾਤੀ-ਪ੍ਰਥਾ ਅਤੇ ਛੂਤ-ਛਾਤ ਦਾ ਜ਼ੋਰਦਾਰ ਸ਼ਬਦਾਂ ਵਿੱਚ ਵਿਰੋਧ ਕੀਤਾ। ਉਹਨਾਂ ਨੇ ਲੰਗਰ ਤੇ ਸੰਗਤ ਪ੍ਰਥਾ ਨਾਲ ਛੂਤ-ਛਾਤ ਦੀ ਬੁਰਾਈ ਨੂੰ ਖ਼ਤਮ ਕੀਤਾ।

**5. ਸਦਾਚਾਰ ਉੱਤੇ ਜ਼ੋਰ -**ਗੁਰੂ ਜੀ ਨੇ ਆਪਣੇ ਸ਼ਰਧਾਲੂਆਂ ਨੂੰ ਪਵਿੱਤਰ ਜੀਵਨ ਬਤੀਤ ਕਰਨ, ਸੱਚ ਬੋਲਣ, ਚੋਰੀ ਨਾ ਕਰਨ, ਇਮਾਨਦਾਰ ਰਹਿਣ ਆਦਿ ਦਾ ਉਪਦੇਸ਼ ਦਿੱਤਾ।

**6. ਖੋਖਲੇ ਰੀਤੀ ਰਿਵਾਜਾਂ ਦਾ ਖੰਡਨ -** ਗੁਰੂ ਜੀ ਨੇ ਸਮਾਜ ਵਿੱਚ ਪ੍ਰਚਲਿਤ ਖੋਖਲੇ ਰੀਤੀ -ਰਿਵਾਜਾਂ ਅਤੇ ਪਾਖੰਡਾਂ ਦੀ ਜ਼ੋਰਦਾਰ ਸ਼ਬਦਾਂ ਵਿੱਚ ਨਿੰਦਿਆ ਕੀਤੀ।

**4. ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਹਿਲੀ ਉਦਾਸੀ ਬਾਰੇ ਵਿਸਥਾਰ ਸਹਿਤ ਲਿਖੋ ।**

ਉੱਤਰ- ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਹਿਲੀ ਉਦਾਸੀ ਲਗਪਗ 1499 ਈ. ਵਿੱਚ ਆਰੰਭ ਕੀਤੀ। ਜਿਸ ਵਿੱਚ ਉਹ ਭਾਰਤ ਦੇ ਪੂਰਬੀ ਅਤੇ ਦੱਖਣੀ ਇਲਾਕਿਆਂ ਵਿੱਚ ਗਏ। ਇਸ ਉਦਾਸੀ ਸਮੇਂ ਭਾਈ ਮਰਦਾਨਾ ਉਨ੍ਹਾਂ ਦਾ ਸਾਥੀ ਸੀ। ਉਹ ਗੁਰੂ ਜੀ ਦਾ ਰਬਾਬੀ ਵੀ ਸੀ।

1. ਪਹਿਲੀ ਉਦਾਸੀ ਸਮੇਂ ਗੁਰੂ ਜੀ ਸੁਲਤਾਨਪੁਰ ਲੋਧੀ ਤੋਂ ਚੱਲ ਕੇ ਸੈਦਪੁਰ(ਐਮਨਾਬਾਦ) ਗਏ। ਉੱਥੇ ਗੁਰੂ ਜੀ ਨੇ ਲਾਲੋ ਨਾਮਕ ਤਰਖਾਣ ਨੂੰ ਆਪਣਾ ਸ਼ਰਧਾਲੂ ਬਣਾਇਆ। ਉਨ੍ਹਾਂ ਨੇ ਮਲਕ ਭਾਗੋ ਦਾ ਰਿਸ਼ਵਤ ਅਤੇ ਧੱਕੇਸ਼ਾਹੀ ਨਾਲ ਜੋੜਿਆ ਹੋਇਆ ਅੰਨ ਅਸਵੀਕਾਰ ਕੀਤਾ।

2. ਸੈਦਪੁਰ ਤੋਂ ਗੁਰੂ ਜੀ ਤੁਲੰਬਾ ਗਏ ਜਿੱਥੇ ਉਨ੍ਹਾਂ ਦੀ ਮੁਲਾਕਾਤ ਸੱਜਣ ਠੱਗ ਨਾਲ ਹੋਈ। ਉਹ ਗੁਰੂ ਜੀ ਦੀ ਬਾਣੀ ਅਤੇ ਸ਼ਖਸੀਅਤ ਤੋਂ ਇੰਨ੍ਹਾਂ ਪ੍ਰਭਾਵਿਤ ਹੋਇਆ ਕਿ ਉਸਨੇ ਸਦਾ ਲਈ ਠੱਗੀ ਛੱਡ ਦਿੱਤੀ ਅਤੇ ਗੁਰੂ ਜੀ ਦਾ ਸੇਵਕ ਬਣ ਗਿਆ।

3. ਤੁਲੰਬਾ ਤੋਂ ਸ੍ਰੀ ਗੁਰੂ ਨਾਨਕ ਦੇਵ ਜੀ ਕੁਰੂਕਸ਼ੇਤਰ ਗਏ। ਉੱਥੇ, ਉਨ੍ਹਾਂ ਨੇ ਸੂਰਜ ਗ੍ਰਹਿਣ ਦੇਖਣ ਲਈ ਇਕੱਠੇ ਹੋਏ ਲੋਕਾਂ ਨੂੰ ਉਪਦੇਸ਼ ਦਿੱਤਾ ਕਿ ਸੂਰਜ ਅਤੇ ਚੰਨ ਗ੍ਰਹਿਣ ਸੰਬੰਧੀ ਝੂਠੇ ਵਹਿਮਾਂ-ਭਰਮਾਂ ਵਿੱਚ ਵਿਸ਼ਵਾਸ ਨਹੀਂ ਕਰਨਾ ਚਾਹੀਦਾ।

4. ਕੁਰੂਕਸ਼ੇਤਰ ਤੋਂ ਗੁਰੂ ਜੀ ਪਾਣੀਪਤ, ਪਾਣੀਪਤ ਤੋਂ ਦਿੱਲੀ ਅਤੇ ਦਿੱਲੀ ਤੋਂ ਹਰਿਦੁਆਰ ਪਹੁੰਚੇ। ਇੱਥੇ ਉਨ੍ਹਾਂ ਨੇ ਲੋਕਾਂ ਨੂੰ ਸਮਝਾਇਆ ਕਿ ਸੂਰਜ ਵੱਲ ਦਿੱਤਾ ਹੋਇਆ ਪਾਣੀ ਤੁਹਾਡੇ ਪਿਤਰਾਂ ਤੱਕ ਨਹੀਂ ਪਹੁੰਚਦਾ।

5. ਹਰਿਦੁਆਰ ਤੋਂ ਪਿੱਛੋਂ ਗੁਰੂ ਜੀ ਕੇਦਾਰਨਾਥ, ਬਦਰੀਨਾਥ ਅਤੇ ਜੋਸ਼ੀਮੱਠ ਆਦਿ ਥਾਵਾਂ ਤੋਂ ਹੁੰਦੇ ਹੋਏ ਗੋਰਖਮਤਾ ਪਹੁੰਚੇ। ਇੱਥੇ ਉਨ੍ਹਾਂ ਨੇ ਗੋਰਖਨਾਥ ਦੇ ਚੇਲਿਆਂ ਨੂੰ ਉਪਦੇਸ਼ ਦਿੱਤਾ ਕਿ ਕੰਨਾਂ ਵਿੱਚ ਮੁੰਦਰਾ ਪਾਉਣ, ਪਿੰਡੇ ‘ਤੇ ਸਵਾਹ ਮਲਣ, ਸਿਰ ਮਨਾਉਣ ਅਤੇ ਸੰਸਾਰ ਤਿਆਗਣ ਨਾਲ ਮੁਕਤੀ ਪ੍ਰਾਪਤ ਨਹੀਂ ਹੁੰਦੀ।

6. ਇਸ ਤੋਂ ਬਾਅਦ ਗੁਰੂ ਜੀ ਬਨਾਰਸ ਗਏ। ਜਿੱਥੇ ਉਨ੍ਹਾਂ ਦੀ ਮੁਲਾਕਾਤ ਪੰਡਿਤ ਚਤੁਰਦਾਸ ਨਾਲ ਹੋਈ ਜੋ ਗੁਰੂ ਜੀ ਦਾ ਅਨੁਯਾਈ ਬਣ ਗਿਆ।

7. ਬਨਾਰਸ ਤੋਂ ਚੱਲ ਕੇ ਗੁਰੂ ਜੀ ਗਯਾ, ਪਟਨਾ, ਹਾਜੀਪੁਰ, ਬਿਹਾਰ, ਬੰਗਾਲ ਹੁੰਦੇ ਹੋਏ ਆਸਾਮ ਪਹੁੰਚੇ। ਧੁਬਰੀ ਦੇ ਸਥਾਨ ‘ਤੇ ਉਨ੍ਹਾਂ ਦੀ ਮੁਲਾਕਾਤ ਸੰਤ ਸ਼ੰਕਰਦੇਵ ਨਾਲ ਹੋਈ ।

8.ਕਾਮਰੂਪ ਵਿੱਚ ਗੁਰੂ ਜੀ ਨੇ ਨੂਰ ਸ਼ਾਹ ਨਾਂ ਦੀ ਇੱਕ ਜਾਦੂਗਰਨੀ ਨੂੰ ਉਪਦੇਸ਼ ਦਿੱਤਾ ਕਿ ਸੱਚੀ ਸੁੰਦਰਤਾ ਉੱਚੇ ਚਰਿੱਤਰ ਵਿੱਚ ਹੀ ਹੈ ।

9. ਇਸ ਤੋਂ ਬਾਅਦ ਗੁਰੂ ਜੀ ਗੁਹਾਟੀ, ਸ਼ਿਲਾਂਗ, ਸਿਲਹਟ, ਢਾਕਾ, ਕਟਕ ਹੁੰਦੇ ਹੋਏ ਉੜੀਸਾ ਵਿੱਚ ਜਗਨਨਾਥ ਪੁਰੀ ਗਏ ਅਤੇ ਉਸ ਤੋਂ ਬਾਅਦ ਉਨ੍ਹਾਂ ਨੇ ਦੱਖਣ ਵਾਲੇ ਪਾਸੇ ਚਾਲੇ ਪਾ ਲਏ।

**5.ਗੁਰੂ ਨਾਨਕ ਦੇਵ ਜੀ ਦੇ ਬਚਪਨ ਤੇ ਚਾਨਣਾ ਪਾਓ।**

**ਉੱਤਰ- ਜਨਮ ਅਤੇ ਮਾਤਾ-ਪਿਤਾ-** ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ 15 ਅਪ੍ਰੈਲ 1469 ਨੂੰ ਤਲਵੰਡੀ (ਪਾਕਿਸਤਾਨ) ਵਿੱਚ ਹੋਇਆ ਸੀ। ਜਿਸਨੂੰ ਅੱਜਕਲ੍ਹ ਨਨਕਾਣਾ ਸਾਹਿਬ ਕਿਹਾ ਜਾਂਦਾ ਹੈ। ਗੁਰੂ ਜੀ ਦੀ ਮਾਤਾ ਦਾ ਨਾਮ ਤ੍ਰਿਪਤਾ ਦੇਵੀ ਅਤੇ ਪਿਤਾ ਦਾ ਨਾਮ ਮਹਿਤਾ ਕਾਲੂ ਜੀ ਸੀ।

**ਬਚਪਨ ਅਤੇ ਸਿੱਖਿਆ**-7 ਸਾਲ ਦੀ ਉਮਰ ਵਿੱਚ ਆਪ ਨੂੰ ਪੰਡਿਤ ਗੋਪਾਲ ਦੀ ਪਾਠਸ਼ਾਲਾ ਵਿੱਚ ਭੇਜਿਆ ਗਿਆ। ਉੱਥੇ ਉਹਨਾਂ ਨੇ ਦੇਵਨਾਗਰੀ ਅਤੇ ਗਣਿਤ ਦੀ ਸਿੱਖਿਆ ਪ੍ਰਾਪਤ ਕੀਤੀ । ਬਾਅਦ ਵਿੱਚ ਉਹਨਾਂ ਸੰਸਕ੍ਰਿਤ ਦੀ ਪੜ੍ਹਾਈ ਕਰਨ ਲਈ ਪੰਡਿਤ ਬ੍ਰਿਜ ਲਾਲ ਕੋਲ ਭੇਜਿਆ ਗਿਆ। ਫ਼ਾਰਸੀ ਸਿੱਖਣ ਲਈ ਮੌਲਵੀ ਕੁਤੁਬ-ਉਦ-ਦੀਨ ਕੋਲ ਭੇਜਿਆ ਗਿਆ।

**ਜਨੇਊ ਦੀ ਰਸਮ**- ਜਦੋਂ ਗੁਰੂ ਨਾਨਕ ਦੇਵ ਜੀ ਦੀ ਸਿੱਖਿਆ ਚੱਲ ਹੀ ਰਹੀ ਸੀ ਕਿ ਉਨ੍ਹਾਂ ਮਾਪਿਆਂ ਨੇ ਪੁਰਾਤਨ ਸਨਾਤਨੀ ਰਸਮਾਂ-ਰਿਵਾਜ਼ਾਂ ਅਨੁਸਾਰ ਜਨੇਊ ਪਵਾਉਣਾ ਚਾਹਿਆ। ਪੰਡਿਤ ਹਰਦਿਆਲ ਨੇ ਉਹਨਾਂ ਨੂੰ ਜਨੇਊ ਪਹਿਨਣ ਲਈ ਕਿਹਾ। ਗੁਰੂ ਜੀ ਨੇ ਇਸ ਨੂੰ ਪਹਿਨਣ ਤੋਂ ਇਨਕਾਰ ਕਰ ਦਿੱਤਾ। ਉਹਨਾਂ ਨੇ ਸੂਤ ਦੇ ਧਾਗਿਆਂ ਨਾਲ ਨਹੀਂ ਸਗੋਂ ਸਦਗੁਣਾਂ ਦੇ ਧਾਗਿਆਂ ਨਾਲ ਬਣੇ ਜਨੇਊ ਦੀ ਮੰਗ ਕੀਤੀ।

**ਗੁਰੂ ਨਾਨਕ ਦੇਵ ਜੀ ਦੇ ਭਿੰਨ-ਭਿੰਨ ਕਿੱਤੇ-** ਗੁਰੂ ਜੀ ਦੀ ਦੁਨਿਆਵੀ ਕੰਮਾਂ ਵਿੱਚ ਕੋਈ ਦਿਲਚਸਪੀ ਨਹੀਂ ਸੀ। ਉਹਨਾਂ ਦੇ ਪਿਤਾ ਮਹਿਤਾ ਕਾਲੂ ਜੀ ਨੇ ਉਹਨਾਂ ਨੂੰ ਖੇਤ ਵਿੱਚ ਮੱਝਾਂ ਚਰਾਉਣ ਦਾ ਕੰਮ ਸੌਂਪਿਆ ਪਰੰਤੂ ਉਹਨਾਂ ਦਾ ਮਨ ਇਸ ਕੰਮ ਵਿੱਚ ਨਾ ਲੱਗਿਆ। ਉਨ੍ਹਾਂ ਦੇ ਪਿਤਾ ਨੇ ਗੁਰੂ ਜੀ ਨੂੰ ਇੱਕ ਵਾਰ ਵੀਹ ਰੁਪਏ ਦੇ ਕੇ ਕਿਸੇ ਮੰਡੀ ਵਿੱਚ ਖ਼ਰਾ ਤੇ ਮੁਨਾਫ਼ੇ ਵਾਲਾ ਸੌਦਾ ਕਰਨ ਲਈ ਭੇਜਿਆ ਪਰ ਉਨ੍ਹਾਂ ਨੇ ਰਸਤੇ ਵਿੱਚ ਉਹ ਵੀਹ ਰੁਪਿਆਂ ਨਾਲ ਭੁੱਖੇ ਸਾਧੂਆਂ ਨੂੰ ਰੋਟੀ ਖਵਾ ਦਿੱਤੀ। ਇਸ ਘਟਨਾ ਨੂੰ **‘ਸੱਚਾ ਸੌਦਾ’** ਕਿਹਾ ਜਾਂਦਾ ਹੈ।

**ਗੁਰੂ ਜੀ ਦਾ ਵਿਆਹ-** 14 ਸਾਲ ਦੀ ਉਮਰ ਵਿੱਚ ਆਪ ਜੀ ਦਾ ਰਿਸ਼ਤਾ ਬਟਾਲੇ ਦੇ ਮੂਲ ਚੰਦ ਦੀ ਪੁੱਤਰੀ ਬੀਬੀ ਸੁਲੱਖਣੀ ਨਾਲ ਪੱਕਾ ਹੋ ਗਿਆ। ਅਗਲੇ ਸਾਲ ਆਪ ਜੀ ਦਾ ਵਿਆਹ ਹੋ ਗਿਆ। ਬੀਬੀ ਸੁਲੱਖਣੀ ਜੀ ਨੇ ਦੋ ਪੁੱਤਰਾਂ- ਸ੍ਰੀ ਚੰਦ ਅਤੇ ਲਖਮੀ ਦਾਸ ਨੂੰ ਜਨਮ ਦਿੱਤਾ।

**6.ਗੁਰੂ ਨਾਨਕ ਦੇਵ ਜੀ ਦੇ ਸੁਲਤਾਨਪੁਰ ਲੋਧੀ ਦੇ ਸਮੇਂ ਦਾ ਵਰਨਣ ਕਰੋ ।**

ਉੱਤਰ-ਗੁਰੂ ਜੀ ਦਾ ਘਰ ਦੇ ਕੰਮਾਂ ਵਿੱਚ ਮਨ ਨਾ ਲੱਗਦਾ ਦੇਖ ਕੇ, ਮਹਿਤਾ ਕਾਲੂ ਜੀ ਨੇ ਸਥਾਨ ਬਦਲਣ ਲਈ ਗੁਰੂ ਜੀ ਨੂੰ 1486-87 ਈ. ਵਿੱਚ ਸੁਲਤਾਨਪੁਰ ਲੋਧੀ ਵਿਖੇ ਭੇਜ ਦਿੱਤਾ। ਉੱਥੇ ਉਹ ਆਪਣੀ ਭੈਣ ਨਾਨਕੀ ਦੇ ਪਤੀ ਜੈਰਾਮ ਕੋਲ ਰਹਿਣ ਲੱਗੇ। ਗੁਰੂ ਜੀ ਨੂੰ ਫਾਰਸੀ ਅਤੇ ਗਣਿਤ ਦਾ ਗਿਆਨ ਤਾਂ ਹੈ ਹੀ ਸੀ, ਇਸ ਲਈ ਜੈਰਾਮ ਦੀ ਸਿਫ਼ਾਰਸ਼ ਤੇ ਸੁਲਤਾਨਪੁਰ ਲੋਧੀ ਦੇ ਫ਼ੌਜਦਾਰ ਦੌਲਤ ਖਾਂ ਨੇ ਗੁਰੂ ਜੀ ਨੂੰ ਸਰਕਾਰੀ ਮੋਦੀਖਾਨੇ ਵਿੱਚ ਭੰਡਾਰੀ ਦੀ ਨੌਕਰੀ ਦੇ ਦਿੱਤੀ। ਉਹ ਆਪਣਾ ਕੰਮ ਬੜੀ ਹੀ ਇਮਾਨਦਾਰੀ ਨਾਲ ਕਰਦੇ। ਫਿਰ ਵੀ ਕਿਸੇ ਨੇ ਉਨ੍ਹਾਂ ਖ਼ਿਲਾਫ਼ ਸ਼ਿਕਾਇਤ ਕਰ ਦਿੱਤੀ। ਜਦੋਂ

ਮੋਦੀਖਾਨੇ ਦੀ ਜਾਂਚ ਕੀਤੀ ਗਈ ਤਾਂ ਹਿਸਾਬ ਕਿਤਾਬ ਠੀਕ ਨਿਕਲਿਆ। ਗੁਰੂ ਜੀ ਨੇ ਆਪਣੀ ਪਤਨੀ ਨੂੰ ਵੀ ਉੱਥੇ ਹੀ ਬੁਲਾ ਲਿਆ ਅਤੇ ਉੱਥੇ ਸਾਦਾ ਅਤੇ ਗ੍ਰਹਿਸਥੀ ਜੀਵਨ ਗੁਜ਼ਾਰਨ ਲੱਗੇ। ਉਹ ਸਵੇਰੇ ਸ਼ਹਿਰ ਦੇ ਨਾਲ ਲੱਗਦੀ ਵੇਈਂ ਨਦੀ ਵਿੱਚ ਇਸ਼ਨਾਨ ਕਰਦੇ ਪਰਮਾਤਮਾ ਦਾ ਨਾਮ ਜੱਪਦੇ ਅਤੇ ਆਪਣੀ ਆਮਦਨ ਦਾ ਕੁੱਝ ਹਿੱਸਾ ਲੋੜਵੰਦਾਂ ਨੂੰ ਦਾਨ ਕਰ ਦਿੰਦੇ।ਜਨਮ ਸਾਖੀਆਂ ਅਨੁਸਾਰ ਗੁਰੂ ਨਾਨਕ ਸਾਹਿਬ ਹਰ ਰੋਜ਼ ਵਾਂਗ ਇੱਕ ਦਿਨ ਵੇਈਂ ਨਦੀ ਵਿੱਚ ਇਸ਼ਨਾਨ ਕਰਨ ਗਏ। ਉਹ ਤਿੰਨ ਦਿਨ ਘਰ ਵਾਪਸ ਨਾ ਮੁੜੇ। ਇਸ ਕਰਕੇ ਸੁਲਤਾਨਪੁਰ ਲੋਧੀ ਵਿਖੇ ਨਾਨਕ ਜੀ ਦੇ ਵੇਈਂ ਨਦੀ ਵਿੱਚ ਡੁੱਬ ਜਾਣ ਦੀ ਖ਼ਬਰ ਉੱਡ ਗਈ। ਗੁਰੂ ਨਾਨਕ ਦੇਵ ਜੀ ਨੂੰ ਤਿੰਨ ਦਿਨ ਵਿਸਮਾਦ ਅਵਸਥਾ ਵਿੱਚ ਰਹਿ ਕੇ ਗਿਆਨ ਦੀ ਪ੍ਰਾਪਤੀ ਹੋਈ। ਮੰਨਿਆ ਜਾਂਦਾ ਹੈ ਕਿ ਉਨ੍ਹਾਂ ਨੂੰ ਗਿਆਨ ਦੀ ਪ੍ਰਾਪਤੀ 1499 ਈ. ਵਿੱਚ ਹੋਈ। ਗਿਆਨ ਪ੍ਰਾਪਤੀ ਤੋਂ ਬਾਅਦ ਗੁਰੂ ਜੀ ਨੇ 'ਨਾ ਕੋਈ ਹਿੰਦੂ, ਨਾ ਕੋਈ ਮੁਸਲਮਾਨ' ਸ਼ਬਦ ਬੋਲੇ। ਇਨ੍ਹਾਂ ਮਹੱਤਵਪੂਰਨ ਸ਼ਬਦਾਂ ਨਾਲ ਹੀ ਉਨ੍ਹਾਂ ਨੇ ਆਪਣੇ ਉਪਦੇਸ਼ਾਂ ਦਾ ਆਰੰਭ ਕੀਤਾ ਅਤੇ ਆਪਣਾ ਅਗਲਾ ਜੀਵਨ ਗਿਆਨ ਪ੍ਰਚਾਰ ਵਿੱਚ ਬਤੀਤ ਕੀਤਾ। ਆਪਣੀ ਨੌਕਰੀ ਤੋਂ ਅਸਤੀਫ਼ਾ ਦੇ ਕੇ ਉਹਨਾਂ ਨੇ ਲੰਮੀਆਂ ਉਦਾਸੀਆਂ ਸ਼ੁਰੂ ਕਰ ਦਿੱਤੀਆਂ।

**7.ਗੁਰੂ ਨਾਨਕ ਦੇਵ ਜੀ ਦੇ ਮੁੱਢਲੇ ਜੀਵਨ ਦਾ ਵਰਣਨ ਕਰੋ।**

ਉੱਤਰ- * ਗੁਰੂ ਨਾਨਕ ਦੇਵ ਜੀ ਦਾ ਜਨਮ 15 ਅਪ੍ਰੈਲ 1469 ਈ. ਨੂੰ ਹੋਇਆ।

* ਉਨ੍ਹਾਂ ਦਾ ਜਨਮ ਸਥਾਨ ਲਾਹੌਰ ਤੋਂ ਲਗਭਗ 64 ਕਿਲੋਮੀਟਰ ਦੱਖਣ-ਪੱਛਮ ਵੱਲ ਪਿੰਡ ਤਲਵੰਡੀ (ਨਨਕਾਣਾ ਸਾਹਿਬ) ਜ਼ਿਲ੍ਹਾ ਸ਼ੇਖ਼ੂਪੁਰਾ ਸੀ।

* ਗੁਰੂ ਜੀ ਦੀ ਮਾਤਾ ਦਾ ਨਾਂ ਤ੍ਰਿਪਤਾ ਦੇਵੀ ਸੀ। ਉਨ੍ਹਾਂ ਦੇ ਪਿਤਾ ਮਹਿਤਾ ਕਾਲੂ ਸੀ ਜੋ ਜਗੀਰਦਾਰ ਰਾਏ ਬੁਲਾਰ ਕੋਲ ਪਟਵਾਰੀ ਸਨ। ਉਹ ਖੱਤਰੀ ਵੰਸ਼ ਦੇ ਬੇਦੀ ਖ਼ਾਨਦਾਨ ਨਾਲ ਸੰਬੰਧ ਰੱਖਦੇ ਸਨ। ਗੁਰੂ ਜੀ ਦੀ ਭੈਣ ਦਾ ਨਾਂ ਨਾਨਕੀ ਸੀ।

* ਉਹ ਆਪਣੀ ਉਮਰ ਦੇ ਦੂਜੇ ਬੱਚਿਆਂ ਵਾਂਗ ਖੇਡਣ-ਕੁੱਦਣ ਵਿੱਚ ਬਹੁਤ ਘੱਟ ਰੁਚੀ ਰੱਖਦੇ ਸਨ।

* ਉਹ ਆਪਣੇ ਸਾਥੀਆਂ ਨਾਲ ਈਸ਼ਵਰ ਦੀ ਮਹਿਮਾ ਦੀ ਹੀ ਗੱਲ ਕਰਿਆ ਕਰਦੇ ਸਨ।

* ਉਹ ਆਪਣੇ ਘਰ ਤੋਂ ਰੋਟੀ, ਕੱਪੜਾ ਆਦਿ ਲਿਆ ਕੇ ਗ਼ਰੀਬ ਬੱਚਿਆਂ ਵਿੱਚ ਵੰਡ ਦਿੰਦੇ ਸਨ।

* ਗੁਰੂ ਨਾਨਕ ਦੇਵ ਜੀ ਨੂੰ ਸੱਤ ਸਾਲਾਂ ਦੀ ਉਮਰ ਵਿੱਚ ਪੰਡਿਤ ਗੋਪਾਲ ਦੀ ਪਾਠਸ਼ਾਲਾ ਵਿੱਚ ਭੇਜਿਆ ਗਿਆ।ਪਾਠਸ਼ਾਲਾ ਵਿਚ ਉਹਨਾਂ ਨੇ ਦੇਵਨਾਗਰੀ ਅਤੇ ਗਣਿਤ ਦੀ ਵਿੱਦਿਆ ਪ੍ਰਾਪਤ ਕੀਤੀ ।

* ਗੁਰੂ ਨਾਨਕ ਦੇਵ ਜੀ ਦੀਆਂ ਜਨਮ ਸਾਖੀਆਂ ਦੱਸਦੀਆਂ ਹਨ ਕਿ ਉਨ੍ਹਾਂ ਨੇ ਪੰਡਿਤ ਨੂੰ ਈਸ਼ਵਰ ਸੰਬੰਧੀ ਸਵਾਲ ਪੁੱਛ ਕੇ ਸੋਚਾਂ ਵਿੱਚ ਪਾ ਦਿੱਤਾ ਸੀ। ਇਸ ਤੋਂ ਬਾਅਦ ਗੁਰੂ ਜੀ ਨੂੰ ਸੰਸਕ੍ਰਿਤ ਪੜ੍ਹਨ ਲਈ ਪੰਡਿਤ ਬ੍ਰਿਜ ਲਾਲ ਕੋਲ ਭੇਜਿਆ ਗਿਆ।

* ਸਿੱਖ ਰਵਾਇਤਾਂ ਅਨੁਸਾਰ ਬਾਲ ਗੁਰੂ ਨਾਨਕ ਦੇਵ ਜੀ ਨੂੰ ਫ਼ਾਰਸੀ ਪੜ੍ਹਨ ਲਈ ਮੌਲਵੀ ਕੁਤਬਦੀਨ ਕੋਲ ਭੇਜਿਆ ਗਿਆ।

* ਜਦੋਂ ਗੁਰੂ ਨਾਨਕ ਦੇਵ ਜੀ ਦੀ ਸਿੱਖਿਆ ਅਜੇ ਚੱਲ ਹੀ ਰਹੀ ਸੀ ਤਾਂ ਉਨ੍ਹਾਂ ਦੇ ਮਾਪਿਆਂ ਨੇ ਪੁਰਾਣੇ ਰੀਤੀ-ਰਿਵਾਜਾਂ ਅਨੁਸਾਰ ਉਨ੍ਹਾਂ ਨੂੰ ਜਨੇਊ ਪਾਉਣਾ ਚਾਹਿਆ ਪਰ ਗੁਰੂ ਜੀ ਨੇ ਇਨਕਾਰ ਕਰ ਦਿੱਤਾ। ਉਨ੍ਹਾਂ ਨੇ ਸੂਤ ਦੇ ਧਾਗਿਆਂ ਨਾਲ ਨਹੀਂ ਸਗੋਂ ਸਦਗੁਣ ਦੇ ਧਾਗਿਆਂ ਨਾਲ ਬਣੇ ਜਨੇਊ ਦੀ ਮੰਗ ਕੀਤੀ ।

* ਉਨ੍ਹਾਂ ਦੇ ਪਿਤਾ ਨੇ ਗੁਰੂ ਜੀ ਨੂੰ ਇੱਕ ਵਾਰ ਵੀਹ ਰੁਪਏ ਦੇ ਕੇ ਕਿਸੇ ਮੰਡੀ ਵਿੱਚ ਖ਼ਰਾ ਤੇ ਮੁਨਾਫ਼ੇ ਵਾਲਾ ਸੌਦਾ ਕਰਨ ਲਈ ਭੇਜਿਆ ਪਰ ਉਨ੍ਹਾਂ ਨੇ ਰਸਤੇ ਵਿੱਚ ਉਹ ਵੀਹ ਰੁਪਿਆਂ ਨਾਲ ਭੁੱਖੇ ਸਾਧੂਆਂ ਨੂੰ ਰੋਟੀ ਖਵਾ ਦਿੱਤੀ। ਇਸ ਘਟਨਾ ਨੂੰ 'ਸੱਚਾ ਸੌਦਾ' ਕਿਹਾ ਜਾਂਦਾ ਹੈ ।

**8.ਪਰਮਾਤਮਾ ਬਾਰੇ ਗੁਰੂ ਨਾਨਕ ਦੇਵ ਜੀ ਦੇ ਕੀ ਵਿਚਾਰ ਹਨ ? ਵਿਸਥਾਰ ਸਹਿਤ ਲਿਖੋ ।**

ਉੱਤਰ- ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਸੇ ਗੂੜ੍ਹੀ ਫਿਲਾਸਫੀ ਦਾ ਪ੍ਰਚਾਰ ਨਹੀਂ ਕੀਤਾ। ਸਗੋਂ ਉਹਨਾਂ ਨੇ ਆਪਣੇ ਸਿੱਖਿਆਵਾਂ ਦੇ ਪ੍ਰਚਾਰ ਲਈ ਲੋਕ-ਭਾਸ਼ਾ ਦੀ ਵਰਤੋਂ ਕੀਤੀ।

**ਪਰਮਾਤਮਾ ਬਾਰੇ ਵਿਚਾਰ**- ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਦੀ ਏਕਤਾ ਦਾ ਪ੍ਰਚਾਰ ਕੀਤਾ। ਗੁਰੂ ਜੀ ਅਨੁਸਾਰ ਪ੍ਰਮਾਤਮਾ ਸਾਰੇ ਦੇਵੀ-ਦੇਵਤਿਆਂ ਤੋਂ ਉਚੇਰਾ ਹੈ। ਜਪੁਜੀ ਸਾਹਿਬ ਦੇ ਆਰੰਭ ਵਿੱਚ ਦਿੱਤੇ ਗਏ ਮੂਲ ਮੰਤਰ - ੴ ਸਤਿਨਾਮ, ਕਰਤਾਪੁਰਖ, ਨਿਰਭਉ ਨਿਰਵੈਰ, ਅਕਾਲ ਮੂਰਤਿ, ਅਜੂਨੀ, ਸੈਭੰ, ਗੁਰ ਪ੍ਰਸਾਦਿ ਵਿੱਚ ਪਰਮਾਤਮਾ ਸੰਬੰਧੀ ਉਹਨਾਂ ਦੇ ਵਿਚਾਰਾਂ ਦਾ ਸਾਰ ਮਿਲਦਾ ਹੈ ਜੋ ਇਸ ਪ੍ਰਕਾਰ ਹੈ -

**1.ਪਰਮਾਤਮਾ ਇੱਕ ਹੈ**- ਗੁਰੂ ਨਾਨਕ ਦੇਵ ਜੀ ਨੇ ਪ੍ਰਮਾਤਮਾ ਦੀ ਏਕਤਾ ਦਾ ਪ੍ਰਚਾਰ ਕੀਤਾ। ਉਹਨਾਂ ਦੇ ਵਿਚਾਰ ਅਨੁਸਾਰ ਪ੍ਰਮਾਤਮਾ ਸਾਰੇ ਦੇਵੀ-ਦੇਵਤਿਆਂ ਤੋਂ ਉਚੇਰਾ ਹੈ। ਉਹਨਾਂ ਅਨੁਸਾਰ ਪ੍ਰਮਾਤਮਾ ਇੱਕ ਹੈ।

2.**ਪਰਮਾਤਮਾ ਸਰਵ-ਸ਼ਕਤੀਮਾਨ ਅਤੇ ਸਰਵ-ਵਿਆਪਕ ਹੈ**-ਗੁਰੂ ਨਾਨਕ ਦੇਵ ਜੀ ਦੇ ਵਿਚਾਰ ਅਨੁਸਾਰ ਪਰਮਾਤਮਾ ਸਰਵ-ਸ਼ਕਤੀਮਾਨ ਅਤੇ ਸਰਵ-ਵਿਆਪਕ ਹੈ। ਉਹ ਸੰਸਾਰ ਦੇ ਹਰ ਜੀਵ ਵਿੱਚ ਰਹਿੰਦਾ ਹੈ। ਗੁਰੂ ਜੀ ਅਨੁਸਾਰ ਪਰਮਾਤਮਾ ਨਿਰਗੁਣ ਅਤੇ ਸਰਗੁਣ ਦੋਨੋਂ ਹੀ ਹੈ।

**3. ਪਰਮਾਤਮਾ ਮਹਾਨ ਅਤੇ ਸਰਵ-ਉੱਚ ਹੈ-** ਗੁਰੂ ਨਾਨਕ ਦੇਵ ਜੀ ਅਨੁਸਾਰ ਪ੍ਰਮਾਤਮਾ ਮਹਾਨ ਅਤੇ ਸਰਵ-ਉੱਚ ਹੈ। ਉਸ ਦੀ ਮਹਾਨਤਾ ਅਤੇ ਸਰਵ-ਉੱਚਤਾ ਨੂੰ ਬਿਆਨ ਕਰਨਾ ਮਨੁੱਖ ਲਈ ਸੰਭਵ ਨਹੀਂ। ਬੇਅੰਤ ਲੋਕਾਂ ਨੇ ਪਰਮਾਤਮਾ ਦੀ ਮਹਾਨਤਾ ਦੇ ਸਰਵ-ਉੱਚਤਾ ਦੇ ਗੀਤ ਗਾਏ ਹਨ।

ਹਜ਼ਾਰਾਂ ਪੁਸਤਕਾਂ ਵਿੱਚ ਪਰਮਾਤਮਾ ਦੀ ਮਹਾਨਤਾ ਦੀ ਚਰਚਾ ਕੀਤੀ ਗਈ, ਪਰ ਫਿਰ ਵੀ ਉਸਦੀ ਮਹਾਨਤਾ ਤੇ ਸਰਵ-ਉੱਚਤਾ ਦਾ ਪੂਰਾ ਵਰਣਨ ਨਹੀਂ ਕੀਤਾ ਜਾ ਸਕਦਾ। ਉਹ ਕੇਵਲ ਆਪਣੀ ਵਾਸਤਵਿਕ ਮਹਾਨਤਾ ਆਪ ਹੀ ਜਾਣਦਾ ਹੈ।

**4.ਪ੍ਰਮਾਤਮਾ ਨਿਰਾਕਾਰ ਹੈ-** ਗੁਰੂ ਜੀ ਅਨੁਸਾਰ ਅਨੁਸਾਰ ਪ੍ਰਮਾਤਮਾ ਨਿਰਾਕਾਰ ਹੈ। ਪਰਮਾਤਮਾ ਦਾ ਕੋਈ ਰੰਗ, ਰੂਪ ਜਾਂ ਆਕਾਰ ਨਹੀਂ ਹੈ। ਇਸ ਲਈ ਉਸ ਦੀ ਮੂਰਤੀ ਬਣਾ ਕੇ ਪੂਜਾ ਨਹੀਂ ਕੀਤੀ ਜਾ ਸਕਦੀ ।

**5.ਪ੍ਰਮਾਤਮਾ ਬਹੁਤ ਦਿਆਲੂ ਹੈ-** ਗੁਰੂ ਜੀ ਅਨੁਸਾਰ ਪ੍ਰਮਾਤਮਾ ਬਹੁਤ ਦਿਆਲੂ ਹੈ। ਉਹ ਆਪਣੇ ਲੋਕਾਂ ਦੀ ਦੇਖਭਾਲ ਹੀ ਨਹੀਂ ਕਰਦਾ ਸਗੋਂ ਉਹ ਉਹਨਾਂ ਨੂੰ ਜੀਵਨ ਦੀਆਂ ਜ਼ਰੂਰੀ ਵਸਤਾਂ ਵੀ ਪ੍ਰਦਾਨ ਕਰਦਾ ਹੈ। ਗੁਰੂ ਨਾਨਕ ਦੇਵ ਜੀ ਦਾ ਮੱਤ ਹੈ ਕਿ ਸਾਨੂੰ ਜੋ ਕੁੱਝ ਵੀ ਮਿਲਦਾ ਹੈ, ਉਹ ਉਸੇ ਪ੍ਰਮਾਤਮਾ ਦੀ ਦੇਣ ਹੈ।

**9.ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸਿੱਖ ਧਰਮ ਦੇ ਵਿਕਾਸ ਵਿੱਚ ਕੀ ਯੋਗਦਾਨ ਪਾਇਆ?**

ਉੱਤਰ-1.ਗੁਰੂ ਸਾਹਿਬ ਨੇ ਪੰਜਾਬੀ ਲਿਪੀ ਨੂੰ ਸੁਧਾਰਿਆ ਅਤੇ ਉਸ ਨੂੰ ਗੁਰਮੁਖੀ ਦਾ ਨਾਂ ਦਿੱਤਾ ।

2.ਉਨ੍ਹਾਂ ਨੇ ਪੰਜਾਬੀ ਲਿਪੀ ਨੂੰ ਪ੍ਰਚਾਰਨ ਲਈ 'ਬਾਲ ਬੋਧ' ਵੀ ਤਿਆਰ ਕੀਤਾ।

3.ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਇਕੱਠਾ ਕੀਤਾ ਤੇ ਇਸ ਦੀ ਸੰਭਾਲ ਕੀਤੀ।

4.ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਚਲਾਈ ਲੰਗਰ ਪ੍ਰਥਾ ਨੂੰ ਗੁਰੂ ਅੰਗਦ ਦੇਵ ਜੀ ਨੇ ਅੱਗੇ ਵਧਾਇਆ, ਜਿਸ ਕਾਰਨ ਗੁਰੂ ਘਰ ਦੀ ਪ੍ਰਸਿੱਧੀ ਦੂਰ-ਦੂਰ ਤੱਕ ਫੈਲ ਗਈ ।

5.ਗੁਰੂ ਜੀ ਨੇ ਸਿੱਖਾਂ ਨੂੰ ਉਦਾਸੀ ਮੱਤ ਨਾਲੋਂ ਨਿਖੇੜਿਆ।

6.ਗੁਰੂ ਜੀ ਨੇ ਨਾਮ ਜਪਣ 'ਤੇ ਨੈਤਿਕ ਸਿਧਾਂਤਾਂ ਦੀ ਪਾਲਣਾ ਕਰਨ ਦੀ ਸਿੱਖਿਆ ਦੇ ਨਾਲ-ਨਾਲ ਦਸ ਨਹੁੰਆਂ ਦੀ ਕਿਰਤ ਕਰਨ 'ਤੇ ਪਰਿਵਾਰਿਕ ਜ਼ਿੰਮੇਵਾਰੀਆਂ ਨਿਭਾਉਣ 'ਤੇ ਜ਼ੋਰ ਦਿੱਤਾ ।

7.ਸਿੱਖਾਂ ਨੂੰ ਸਰੀਰਕ ਤੌਰ 'ਤੇ ਬਲਵਾਨ ਬਣਾਉਣ ਲਈ ਗੁਰੂ ਜੀ ਨੇ ਖਡੂਰ ਸਾਹਿਬ ਵਿਖੇ ਇੱਕ ਅਖਾੜਾ ਬਣਵਾਇਆ।

8.ਉਨ੍ਹਾਂ ਨੇ 62 ਸਲੋਕਾਂ ਦੀ ਰਚਨਾ ਕੀਤੀ ਗਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ ।

9.ਗੁਰੂ ਸਾਹਿਬ ਨੇ ਗੋਇੰਦਵਾਲ ਸਾਹਿਬ ਦੀ ਨੀਂਹ ਰੱਖੀ ਜੋ ਕਿ ਸਿੱਖਾਂ ਲਈ ਇੱਕ ਪ੍ਰਸਿੱਧ ਤੀਰਥ ਸਥਾਨ ਬਣ ਗਿਆ ।

**10.ਸ੍ਰੀ ਗੁਰੂ ਅਮਰਦਾਸ ਜੀ ਨੇ ਸਿੱਖ ਧਰਮ ਦੇ ਵਿਕਾਸ ਲਈ ਕੀ- ਕੀ ਕਾਰਜ ਕੀਤੇ?**

ਉੱਤਰ-1.ਸ੍ਰੀ ਗੁਰੂ ਅੰਗਦ ਦੇਵ ਜੀ ਦੁਆਰਾ ਗੋਇੰਦਵਾਲ ਵਿਖੇ ਬਣਵਾਈ ਬਉਲੀ ਵਿਚ ਸ੍ਰੀ ਗੁਰੂ ਅਮਰਦਾਸ ਜੀ ਨੇ 84 ਪੌੜੀਆਂ ਬਣਵਾਈਆਂ। ਗੁਰੂ ਜੀ ਨੇ ਵਚਨ ਕੀਤਾ ਕਿ ਜੇਕਰ ਕੋਈ ਸਿੱਖ ਹਰ ਪੌੜੀ ਤੇ ਸੱਚੇ ਮਨ ਨਾਲ ਜਪੁਜੀ ਸਾਹਿਬ ਦਾ ਪਾਠ ਕਰਕੇ 84ਵੀਂ ਪੌੜੀ 'ਤੇ ਇਸ਼ਨਾਨ ਕਰੇਗਾ ਤਾਂ ਉਸ ਦੀ 84 ਕੱਟੀ ਜਾਵੇਗੀ। ਇਸ ਨਾਲ ਸਿੱਖਾਂ ਨੂੰ ਇੱਕ ਸੁਤੰਤਰ ਤੀਰਥ ਸਥਾਨ ਮਿਲ ਗਿਆ।

2.ਉਨ੍ਹਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਈ ਲੰਗਰ ਪ੍ਰਥਾ ਨੂੰ ਵਿਸਤ੍ਰਿਤ ਰੂਪ ਦਿੱਤਾ । ਇਹ ਪ੍ਰਥਾ ਸਿੱਖ ਧਰਮ ਦੇ ਪ੍ਰਚਾਰ ਵਿਚ ਸ਼ਕਤੀਸ਼ਾਲੀ ਸਾਧਨ ਸਿੱਧ ਹੋਈ ।

3.ਗੁਰੂ ਜੀ ਨੇ ਆਪ 907 ਸ਼ਬਦਾਂ ਦੀ ਰਚਨਾ ਕੀਤੀ ਅਤੇ ਅਨੇਕ ਭਗਤਾਂ ਦੇ ਸ਼ਲੋਕ ਅਤੇ ਭਜਨ ਵੀ ਇਕੱਠੇ ਕੀਤੇ ।

4.ਗੁਰੂ ਜੀ ਦੁਆਰਾ ਮੰਜੀ ਪ੍ਰਥਾ ਦੀ ਸਥਾਪਨਾ ਕਰਨ ਨਾਲ ਸਿੱਖ ਧਰਮ ਦਾ ਬਹੁਤ ਵਿਸਥਾਰ ਹੋਇਆ ।

5.ਉਨ੍ਹਾਂ ਨੇ ਜਾਤੀ ਭੇਦ-ਭਾਵ ਅਤੇ ਛੂਤ-ਛਾਤ ਦਾ ਵਿਰੋਧ ਕੀਤਾ। ਉਨ੍ਹਾਂ ਅਨੁਸਾਰ ਜਾਤ ਦਾ ਅਭਿਮਾਨ ਕਰਨ ਵਾਲੇ ਲੋਕ ਮੂਰਖ ਅਤੇ ਗੰਵਾਰ ਹਨ ।

6. ਗੁਰੂ ਜੀ ਨੇ ਸਿੱਖਾਂ ਨੂੰ ਹੁਕਮ ਦਿੱਤਾ ਕਿ ਮੌਤ ਦੇ ਮੌਕੇ ਈਸ਼ਵਰ ਦੀ ਉਸਤਤ ਅਤੇ ਭਗਤੀ ਦੇ ਸ਼ਬਦ ਗਾਉਣੇ ਚਾਹੀਦੇ ਹਨ ।

7.ਉਨ੍ਹਾਂ ਨੇ ਵਿਆਹ ਦੀਆਂ ਰੀਤਾਂ ਵਿੱਚ ਸੁਧਾਰ ਕਰਨ ਲਈ 'ਆਨੰਦ' ਨਾਮੀ ਬਾਣੀ ਦੀ ਰਚਨਾ ਕੀਤੀ ਅਤੇ ਸਿੱਖਾਂ ਨੂੰ ਹੁਕਮ ਕੀਤਾ ਕਿ ਉਹ ਜਨਮ, ਵਿਆਹ ਅਤੇ ਹੋਰ ਖ਼ੁਸ਼ੀ ਦੇ ਮੌਕਿਆਂ ਤੇ ਅਨੰਦ ਸਾਹਿਬ ਦਾ ਪਾਠ ਕਰਨ।

8.ਗੁਰੂ ਜੀ ਨੇ ਸਿੱਖਾਂ ਨੂੰ ਵਿਸਾਖੀ, ਮਾਘੀ ਅਤੇ ਦੀਵਾਲੀ ਦੇ ਤਿਉਹਾਰ ਨਵੇਂ ਢੰਗ ਨਾਲ ਮਨਾਉਣ ਲਈ ਕਿਹਾ ਜਿਸ ਨਾਲ ਸਿੱਖ ਧਰਮ ਦਾ ਪ੍ਰਚਾਰ ਅਤੇ ਪ੍ਰਸਾਰ ਹੋਇਆ।

**11. ਸ੍ਰੀ ਗੁਰੂ ਅਮਰਦਾਸ ਜੀ ਦੁਆਰਾ ਕੀਤੇ ਗਏ ਸੁਧਾਰਾਂ ਦਾ ਵਰਣਨ ਕਰੋ।**

ਉੱਤਰ-1.ਸ੍ਰੀ ਗੁਰੂ ਅਮਰਦਾਸ ਜੀ ਦਾ ਵਿਸ਼ੇਸ਼ ਉਦੇਸ਼ ਸਿੱਖਾਂ ਨੂੰ ਵਿਅਰਥ ਅਤੇ ਗੁੰਝਲਦਾਰ ਰੀਤੀ-ਰਿਵਾਜ਼ਾਂ ਤੋਂ ਛੁਟਕਾਰਾ ਦਿਵਾਉਣਾ ਸੀ।

2.ਉਨ੍ਹਾਂ ਨੇ ਜਾਤੀ ਭੇਦ-ਭਾਵ ਅਤੇ ਛੂਤ-ਛਾਤ ਦਾ ਵਿਰੋਧ ਕੀਤਾ। ਇਨ੍ਹਾਂ ਅਨੁਸਾਰ ਜਾਤ ਦਾ ਅਭਿਮਾਨ ਕਰਨ ਵਾਲੇ ਲੋਕ ਮੂਰਖ ਅਤੇ ਗੰਵਾਰ ਹਨ।

3.ਉਨ੍ਹਾਂ ਨੇ ਜਾਤ-ਪਾਤ ਅਤੇ ਛੂਤ-ਛਾਤ ਨੂੰ ਖ਼ਤਮ ਕਰਨ ਲਈ ਇਹ ਹੁਕਮ ਦਿੱਤਾ ਹੋਇਆ ਸੀ ਕਿ ਜਦੋਂ ਕੋਈ ਵਿਅਕਤੀ ਉਨ੍ਹਾਂ ਦੇ ਦਰਸ਼ਨ ਕਰਨ ਆਉਂਦਾ ਹੈ ਤਾਂ ਪਹਿਲਾਂ ਇੱਕੋ ਪੰਗਤ ਵਿੱਚ ਬੈਠ ਕੇ ਸਭ ਨਾਲ ਲੰਗਰ ਛਕੇਗਾ ।

4.ਸ੍ਰੀ ਗੁਰੂ ਅਮਰਦਾਸ ਜੀ ਨੇ ਸਤੀ ਪ੍ਰਥਾ ਦਾ ਖੰਡਨ ਕੀਤਾ ਅਤੇ ਕਿਹਾ ਕਿ ਉਸ ਨਾਰੀ ਨੂੰ ਸਤੀ ਨਹੀਂ ਕਿਹਾ ਜਾ ਸਕਦਾ ਜੇ ਆਪਣੇ ਪਤੀ ਦੀ ਚਿਤਾ ਵਿੱਚ ਸੜ ਜਾਂਦੀ ਹੈ ।ਅਸਲ ਵਿੱਚ ਸਤੀ ਉਹ ਨਾਰੀ ਹੈ ਜੋ ਆਪਣੇ ਪਤੀ ਦੇ ਵਿਯੋਗ 'ਦੇ ਦੁੱਖ ਅਤੇ ਪੀੜ ਨੂੰ ਸਹਿਣ ਕਰਦੀ ਹੈ।

5.ਗੁਰੂ ਜੀ ਨੇ ਪਰਦਾ ਪ੍ਰਥਾ ਦੀ ਮਨਾਹੀ ਕਰਦਿਆਂ ਦੱਸਿਆ ਕਿ ਪਰਦੇ ਦੀ ਵਿਵਸਥਾ ਇਸਤਰੀ ਦੇ ਸਰੀਰਿਕ, ਮਾਨਸਿਕ ਅਤੇ ਅਧਿਆਤਮਕ ਵਿਕਾਸ ਵਿੱਚ ਇੱਕ ਵੱਡੀ ਰੋਕ ਸੀ ।ਉਨ੍ਹਾਂ ਨੇ ਔਰਤਾਂ ਨੂੰ ਬਿਨ੍ਹਾਂ ਪਰਦਾ ਕੀਤੇ ਲੰਗਰ ਦੀ ਸੇਵਾ ਕਰਨ ਅਤੇ ਸੰਗਤ ਵਿੱਚ ਬੈਠਣ ਦਾ ਹੁਕਮ ਦਿੱਤਾ।

6.ਗੁਰੂ ਜੀ ਨੇ ਨਸ਼ਿਆਂ ਦੀ ਵਰਤੋਂ ਦਾ ਜ਼ੋਰਦਾਰ ਸ਼ਬਦਾਂ ਵਿੱਚ ਖੰਡਨ ਕੀਤਾ ਅਤੇ ਸਿੱਖਾਂ ਨੂੰ ਵੀ ਇਸ ਬੁਰਾਈ ਤੋਂ ਦੂਰ ਰਹਿਣ ਦਾ ਹੁਕਮ ਦਿੱਤਾ।

7. ਗੁਰੂ ਜੀ ਨੇ ਜਨਮ, ਵਿਆਹ ਅਤੇ ਮੌਤ ਸੰਬੰਧੀ ਗੁੰਝਲਦਾਰ ਰਸਮਾਂ ਅਤੇ ਰੀਤਾਂ ਵਿੱਚ ਵੀ ਸੁਧਾਰ ਕੀਤਾ।

**12.ਸ੍ਰੀ ਗੁਰੂ ਰਾਮਦਾਸ ਜੀ ਨੇ ਸਿੱਖ ਧਰਮ ਦੇ ਵਿਕਾਸ ਲਈ ਕੀ-ਕੀ ਯਤਨ ਕੀਤੇ?**

ਉੱਤਰ-1.ਸ੍ਰੀ ਗੁਰੂ ਰਾਮਦਾਸ ਜੀ ਨੇ ਅੰਮ੍ਰਿਤਸਰ ਨਗਰ ਦੀ ਸਥਾਪਨਾ ਕਰਕੇ ਸਿੱਖਾਂ ਨੂੰ ਇੱਕ ਪ੍ਰਸਿੱਧ ਤੀਰਥ ਸਥਾਨ ਅਤੇ ਵਪਾਰਿਕ ਕੇਂਦਰ ਦਿੱਤਾ।

2.ਗੁਰੂ ਜੀ ਨੇ ਉਦਾਸੀ ਮੱਤ ਦੇ ਬਾਨੀ ਬਾਬਾ ਬਿਧੀ ਚੰਦ ਨਾਲ ਮਿਲ ਕੇ ਮਹੱਤਵਪੂਰਨ ਵਾਰਤਾਲਾਪ ਕੀਤੀ ਜਿਸ ਕਾਰਨ ਉਦਾਸੀਆਂ ਨੇ ਸਿੱਖਾਂ ਦਾ ਵਿਰੋਧ ਕਰਨਾ ਛੱਡ ਦਿੱਤਾ।

3.ਸਮਾਜ ਵਿੱਚ ਸੁਧਾਰ ਕਰਨ ਲਈ ਗੁਰੂ ਜੀ ਨੇ ਵਿਆਹ ਦੀਆਂ ਰੀਤਾਂ ਦੇ ਸੰਬੰਧ ਵਿਚ ਲਾਵਾਂ ਦੀ ਰਚਨਾ ਕੀਤੀ। ਉਨ੍ਹਾਂ ਨੇ ਵਿਆਹ ਸਮੇਂ ਇਸਤਰੀਆਂ ਰਾਹੀਂ ਗਾਉਣ ਵਾਲੇ ਸ਼ਬਦਾਂ ਘੋੜੀਆਂ ਦੀ ਰਚਨਾ ਵੀ ਕੀਤੀ। ਉਨ੍ਹਾਂ ਨੇ ਸਿੱਖਾਂ ਨੂੰ ਹੁਕਮ ਕੀਤਾ ਕਿ ਉਹ ਇਨ੍ਹਾਂ ਰਚਨਾਵਾਂ ਨੂੰ ਵਿਆਹ ਸਮੇਂ ਅਮਲ ਵਿੱਚ ਲਿਆਉਣ।

4.ਗੁਰੂ ਜੀ ਨੇ 679 ਸ਼ਬਦਾਂ ਦੀ ਰਚਨਾ ਕੀਤੀ ।

5.ਗੁਰੂ ਜੀ ਦੇ ਕਹਿਣ ਤੇ ਅਕਬਰ ਨੇ ਪੰਜਾਬ ਦੇ ਕਿਸਾਨਾਂ ਦਾ ਇੱਕ ਸਾਲ ਦਾ ਭੂਮੀ ਟੈਕਸ ਮੁਆਫ਼ ਕਰ ਦਿੱਤਾ।

6.ਗੁਰੂ ਜੀ ਨੇ ਆਪਣੇ ਸਭ ਤੋਂ ਛੋਟੇ ਪੁੱਤਰ ਗੁਰੂ ਅਰਜਨ ਦੇਵ ਜੀ ਨੂੰ ਗੁਰਗੱਦੀ ਸੌਂਪ ਦਿੱਤੀ।

**13.ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਿੱਖ ਧਰਮ ਦੇ ਵਿਕਾਸ ਲਈ ਕੀ ਯੋਗਦਾਨ ਪਾਇਆ?**

ਉੱਤਰ- 1.ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਅਤੇ ਸੰਤੋਖਸਰ ਸਰੋਵਰ ਦੇ ਨਿਰਮਾਣ ਦਾ ਕਾਰਜ ਮੁਕੰਮਲ ਕਰਵਾਇਆ ਅਤੇ ਭਾਈ ਬੁੱਢਾ ਜੀ ਦੀ ਸਹਾਇਤਾ ਨਾਲ ਅੰਮ੍ਰਿਤਸਰ ਸ਼ਹਿਰ ਦੇ ਨਿਰਮਾਣ ਦਾ ਕੰਮ ਵੀ ਪੂਰਾ ਕੀਤਾ।

2.ਗੁਰੂ ਜੀ ਨੇ ਅੰਮ੍ਰਿਤਸਰ ਸਰੋਵਰ ਦੇ ਵਿਚਕਾਰ ਹਰਿਮੰਦਰ ਸਾਹਿਬ ਦੀ ਉਸਾਰੀ ਦਾ ਕੰਮ ਸ਼ੁਰੂ ਕਰਵਾਇਆ ਅਤੇ ਇਸ ਦੇ ਚਾਰੇ ਪਾਸੇ ਦਰਵਾਜ਼ੇ ਰੱਖੇ ਗਏ ਭਾਵ ਇਹ ਮੰਦਰ ਸਾਰੀਆਂ ਜਾਤਾਂ ਤੇ ਚਾਰੇ ਪਾਸਿਓਂ ਆਉਣ ਵਾਲੇ ਲੋਕਾਂ ਲਈ ਖੁੱਲ੍ਹਾ ਹੈ।

3.ਗੁਰੂ ਜੀ ਨੇ ਤਰਨਤਾਰਨ, ਕਰਤਾਰਪੁਰ ਅਤੇ ਹਰਗੋਬਿੰਦਪੁਰ ਨਵੇਂ ਸ਼ਹਿਰਾਂ ਦੀ ਸਥਾਪਨਾ ਕਰਵਾਈ।

4.ਉਨ੍ਹਾਂ ਨੇ ਅੰਮ੍ਰਿਤਸਰ ਦੇ ਨੇੜੇ ਪੱਛਮ ਵੱਲ ਕੁਝ ਕੁ ਮੀਲਾਂ ਦੀ ਵਿੱਥ ਤੇ ਪਾਣੀ ਦੀ ਥੁੜ੍ਹ ਨੂੰ ਪੂਰਾ ਕਰਨ ਲਈ ਇੱਕ ਛੇਹਰਟਾਂ ਵਾਲਾ ਖੂਹ ਖੁਦਵਾਇਆ। ਹੌਲੀ-ਹੌਲੀ ਉਸ ਦੁਆਲੇ ਇੱਕ ਸ਼ਹਿਰ ਵੀ ਵੱਸ ਗਿਆ ਜਿਸ ਨੂੰ ਅੱਜਕੱਲ੍ਹ 'ਛੇਹਰਟਾਂ' ਕਹਿੰਦੇ ਹਨ।

5.ਗੁਰੂ ਜੀ ਨੇ ਲਾਹੌਰ ਦੇ ਡੱਬੀ ਬਾਜ਼ਾਰ ਵਿੱਚ ਇੱਕ ਬਾਉਲੀ ਦਾ ਨਿਰਮਾਣ ਕਰਵਾਇਆ ਇਸ ਬਾਉਲੀ ਦੇ ਨਿਰਮਾਣ ਤੋਂ ਬਾਅਦ ਉਹ ਬਾਉਲੀ ਵੀ ਸਿੱਖਾਂ ਦਾ ਇੱਕ ਤੀਰਥ ਸਥਾਨ ਬਣ ਗਈ।

6.ਗੁਰੂ ਜੀ ਨੇ ਹਰ ਸਿੱਖ ਨੂੰ ਆਪਣੀ ਆਮਦਨ ਦਾ ਦਸਵਾਂ ਹਿੱਸਾ ਭਾਵ ਦਸਵੰਧ ਗੁਰੂ ਘਰ ਨੂੰ ਭੇਟਾ ਕਰਨ ਲਈ ਕਿਹਾ।

7.ਸਿੱਖਾਂ ਨੂੰ ਸਿੱਖ ਗੁਰੂਆਂ ਦੀ ਸ਼ੁੱਧ ਅਤੇ ਪ੍ਰਮਾਣਿਕ ਬਾਣੀ ਦਾ ਗਿਆਨ ਕਰਾਉਣ ਲਈ ਗੁਰੂ ਜੀ ਨੇ ਆਦਿ ਗ੍ਰੰਥ ਸਾਹਿਬ ਦਾ ਸੰਕਲਨ ਕੀਤਾ।

8.ਗੁਰੂ ਜੀ ਨੇ ਸਿੱਖਾਂ ਨੂੰ ਘੋੜਿਆਂ ਦਾ ਵਪਾਰ ਕਰਨ ਲਈ ਪ੍ਰੇਰਿਆ ਜਿਸ ਨਾਲ ਖ਼ਜ਼ਾਨੇ ਵਿੱਚ ਧਨ ਦਾ ਵਾਧਾ ਹੋਇਆ।

9.ਉਨ੍ਹਾਂ ਨੇ ਤਰਨਤਾਰਨ ਵਿਖੇ ਕੋਹੜੀਆਂ ਲਈ ਇੱਕ ਵੱਖਰੀ ਬਸਤੀ ਦੀ ਸਥਾਪਨਾ ਕੀਤੀ ਅਤੇ ਉਨ੍ਹਾਂ ਲਈ ਮੁਫ਼ਤ ਭੋਜਨ ਵਸਤਰ ਅਤੇ ਦਵਾਈਆਂ ਦਾ ਵੀ ਪ੍ਰਬੰਧ ਕੀਤਾ।

10.ਗੁਰੂ ਜੀ ਦਾ ਉਦੇਸ਼ ਜਾਤ ਰਹਿਤ, ਵਹਿਮ ਰਹਿਤ, ਊਚ-ਨੀਚ ਅਤੇ ਧਰਮ ਦੇ ਵਿਤਕਰੇ ਰਹਿਤ ਸਮਾਜ ਦੀ ਸਥਾਪਨਾ ਕਰਨਾ ਸੀ।

**14.ਮਸੰਦ ਪ੍ਰਥਾ ਦੇ ਮੁੱਢ, ਵਿਕਾਸ ਅਤੇ ਫ਼ਾਇਦਿਆਂ ਬਾਰੇ ਦੱਸੋ।**

ਉੱਤਰ-ਮਸੰਦ ਪ੍ਰਥਾ ਦੀ ਸ਼ੁਰੂਆਤ ਸ੍ਰੀ ਗੁਰੂ ਰਾਮਦਾਸ ਜੀ ਨੇ ਕੀਤੀ ਸੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਨੂੰ ਠੀਕ ਢੰਗ ਨਾਲ ਸੰਗਠਿਤ ਅਤੇ ਵਿਕਸਤ ਕੀਤਾ। ਉਨ੍ਹਾਂ ਦੇ ਕਾਲ ਵਿੱਚ ਸਿੱਖਾਂ ਦੀ ਸੰਖਿਆ ਬਹੁਤ ਵੱਧ ਗਈ ਸੀ ਉਨ੍ਹਾਂ ਨੇ ਸਿੱਖ ਧਰਮ ਦੇ ਵਿਕਾਸ ਲਈ ਹਰਿਮੰਦਰ ਸਾਹਿਬ, ਸੰਤੋਖਸਰ, ਤਰਨਤਾਰਨ, ਕਰਤਾਰਪੁਰ, ਹਰਗੋਬਿੰਦਪੁਰ ਆਦਿ ਸ਼ਹਿਰਾਂ ਦੀ ਸਥਾਪਨਾ ਕੀਤੀ ਸੀ। ਉਪਰੋਕਤ ਕਾਰਜਾਂ ਨੂੰ ਸਿਰੇ ਚਾੜ੍ਹਨ ਲਈ ਅਤੇ ਲੰਗਰ ਪ੍ਰਥਾ ਨੂੰ ਚਲਾਉਣ ਲਈ ਵੀ ਧਨ ਚਾਹੀਦਾ ਸੀ।ਸਿੱਖ ਸੰਗਤਾਂ ਤੋਂ ਚੜ੍ਹਾਵੇ ਦੇ ਰੂਪ ਵਿਚ ਕਾਫੀ ਅਤੇ ਨਿਸ਼ਚਿਤ ਰੂਪ ਵਿੱਚ ਧਨ ਪ੍ਰਾਪਤ ਨਹੀਂ ਹੁੰਦਾ ਸੀ ਇਸ ਲਈ ਗੁਰੂ ਅਰਜਨ ਦੇਵ ਜੀ ਨੇ ਮਸੰਦ ਪ੍ਰਥਾ ਨਾਲ ਪੁਨਰ ਸੰਗਠਨ ਕੀਤਾ ਅਤੇ ਸੰਸਥਾ ਲਈ ਕਈ ਨਿਯਮ ਬਣਾਏ –

1.ਹਰ ਸਿੱਖ ਦਸਵੰਧ ਭਾਵ ਆਪਣੀ ਆਮਦਨ ਦਾ ਦਸਵਾਂ ਭਾਗ ਗੁਰੂ ਦੇ ਨਾਂ ਭੇਟ ਕਰੇਗਾ।

2.ਦਸਵੰਧ ਇਕੱਠਾ ਕਰਨ ਲਈ ਵਿਸ਼ੇਸ਼ ਪ੍ਰਤੀਨਿਧ ਥਾਪੇ ਗਏ। ਉਹ ਇਕੱਠਾ ਕੀਤਾ ਗਿਆ ਧਨ ਵਿਸਾਖੀ ਦੇ ਦਿਨ ਅੰਮ੍ਰਿਤਸਰ 'ਚ ਗੁਰੂ ਕੀ ਗੋਲਕ ਵਿੱਚ ਜਮ੍ਹਾਂ ਕਰਵਾਉਣਗੇ।

3.ਜਿਸ ਇਲਾਕੇ ਵਿੱਚ ਧਨ ਇਕੱਠਾ ਕਰਨ ਲਈ ਮਸੰਦ ਆਪ ਨਹੀਂ ਜਾ ਸਕਣਗੇ, ਉੱਥੇ ਉਹ ਆਪਣੇ ਪ੍ਰਤੀਨਿਧ ਭੇਜਣਗੇ ਜਿਨ੍ਹਾਂ ਨੂੰ ਮਸੰਦੀਆਂ ਜਾਂ ਸੰਗਤੀਆਂ ਕਿਹਾ ਜਾਂਦਾ ਸੀ।

4. ਧਨ ਇਕੱਠਾ ਕਰਨ ਦੇ ਨਾਲ-ਨਾਲ ਮਸੰਦ ਸਿੱਖ ਧਰਮ ਦਾ ਪ੍ਰਚਾਰ ਵੀ ਕਰਦੇ ਸਨ।

ਇਹ ਪ੍ਰਥਾ ਸਿੱਖ ਧਰਮ ਦੇ ਵਿਕਾਸ ਲਈ ਅਤਿ ਮਹੱਤਵਪੂਰਨ ਸਿੱਧ ਹੋਈ। ਇਸ ਦੇ ਫਲਸਰੂਪ ਗੁਰੂ ਸਾਹਿਬ ਨੂੰ ਨਿਸ਼ਚਿਤ ਰੂਪ ਵਿੱਚ ਧਨ ਪ੍ਰਾਪਤ ਹੋਣ ਲੱਗਾ ਜਿਸ ਨਾਲ ਗੁਰੂ ਸਾਹਿਬ ਸਿੱਖ ਧਰਮ ਦੇ ਸੰਗਠਨ ਅਤੇ ਵਿਕਾਸ ਸੰਬੰਧੀ ਆਪਣੀਆਂ ਯੋਜਨਾਵਾਂ ਨੂੰ ਅਮਲੀ ਰੂਪ ਦੇ ਸਕੇ।

**15. ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਨਵੀਂ ਨੀਤੀ ਦਾ ਵਰਨਣ ਕਰੋ।**

ਉੱਤਰ-1.ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਹਾਲਾਤ ਨੂੰ ਸਮਝਦਿਆਂ ਸਿੱਖਾਂ ਵਿੱਚ ਨਿਡਰਤਾ ਅਤੇ ਆਤਮ ਵਿਸ਼ਵਾਸ ਦੀ ਭਾਵਨਾ ਜਗਾਉਣ ਲਈ ਗੁਰੂ ਜੀ ਨੇ 'ਮੀਰੀ' ਅਤੇ 'ਪੀਰੀ' ਨਾਮ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ।ਮੀਰੀ ਦੀ ਤਲਵਾਰ ਸੰਸਾਰਿਕ ਮਾਮਲਿਆਂ ਵਿੱਚ ਅਗਵਾਈ ਕਰਦੀ ਸੀ ਅਤੇ ਪੀਰੀ ਦੀ ਤਲਵਾਰ ਧਾਰਮਿਕ ਮਾਮਲਿਆਂ ਵਿੱਚ ਅਗਵਾਈ ਦਾ ਚਿੰਨ੍ਹ ਸੀ।

2.ਗੁਰੂ ਜੀ ਨੇ ਸ਼ਾਹੀ ਢੰਗ ਨਾਲ ਕਲਗੀ ਸਜਾਈ ਅਤੇ 52 ਅੰਗ ਰੱਖਿਅਕ ਵੀ ਰੱਖ ਲਏ।

3.ਗੁਰੂ ਜੀ ਸਿੱਖਾਂ ਤੋਂ ਧਨ ਦੀ ਥਾਂ ਘੋੜਿਆਂ ਅਤੇ ਸ਼ਾਸਤਰਾਂ ਦੀ ਭੇਟਾ ਲੈਣ ਲੱਗੇ ਜਿਸ ਨਾਲ ਸੈਨਾ ਦਾ ਨਿਰਮਾਣ ਸੌਖਾ ਹੋ ਗਿਆ।

4.ਉਨ੍ਹਾਂ ਨੇ ਪੰਜ ਸੌ ਸਿੱਖਾਂ ਨੂੰ ਪੰਜ ਜਥਿਆਂ ਵਿੱਚ ਵੰਡ ਕੇ ਸਿੱਖ ਸੈਨਾ ਦਾ ਸੰਗਠਨ ਕਰਨਾ ਸ਼ੁਰੂ ਕਰ ਦਿੱਤਾ।

5.ਗੁਰੂ ਜੀ ਸਿੱਖਾਂ ਵਿੱਚ ਨਵਾਂ ਉਤਸ਼ਾਹ ਭਰਨ ਲਈ ਆਪਣੇ ਦਰਬਾਰ ਦੇ ਅਬਦੁਲ ਅਤੇ ਨੱਥਾ ਮੱਲ ਢਾਡੀਆਂ ਨੂੰ ਵੀ ਵੀਰ ਰਸ ਦੀਆਂ ਵਾਰਾਂ ਗਾਉਣ ਲਈ ਲਾਇਆ।

6.ਗੁਰੂ ਜੀ ਨੇ ਹਰਿਮੰਦਰ ਸਾਹਿਬ ਦੇ ਸਾਹਮਣੇ ਪੱਛਮ ਵੱਲ ਅਕਾਲ ਤਖ਼ਤ ਦੀ ਉਸਾਰੀ ਕਰਵਾਈ ਅਤੇ ਉਸ ਦੇ ਅੰਦਰ ਬਾਰਾਂ ਫੁੱਟ ਉੱਚੇ ਥੜ੍ਹੇ ਦਾ ਨਿਰਮਾਣ ਕਰਵਾਇਆ ਜਿੱਥੇ ਬੈਠ ਕੇ ਉਹ ਸਿੱਖਾਂ ਨੂੰ ਰਾਜਨੀਤਿਕ ਸਿੱਖਿਆ ਦਿੰਦੇ ਸਨ।

7.ਗੁਰੂ ਜੀ ਨੇ ਅੰਮ੍ਰਿਤਸਰ ਦੀ ਰੱਖਿਆ ਲਈ ਉਸ ਦੇ ਚਾਰੇ ਪਾਸੇ ਕੰਧ ਦੀ ਉਸਾਰੀ ਕਰਵਾਈ ਅਤੇ ਸ਼ਹਿਰ ਵਿੱਚ ਲੋਹਗੜ੍ਹ ਨਾਮੀ ਕਿਲ੍ਹੇ ਦਾ ਨਿਰਮਾਣ ਵੀ ਕਰਵਾਇਆ ਉਸ ਦੇ ਵਿੱਚ ਲੋੜ ਅਨੁਸਾਰ ਸੈਨਿਕ ਸਮੱਗਰੀ ਰੱਖੀ ਗਈ।

8.ਗੁਰੂ ਜੀ ਦੁਆਰਾ ਕੀਤੇ ਉਪਰੋਕਤ ਕਾਰਜਾਂ ਕਰਕੇ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਨਿਰਾਸ਼ ਹੋਏ ਸਿੱਖਾਂ ਨੂੰ ਪੁਨਰ-ਜੀਵਨ ਪ੍ਰਾਪਤ ਹੋਇਆ।

**16. ਨਵੀਂ ਨੀਤੀ ਤੋਂ ਬਿਨ੍ਹਾਂ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਸਿੱਖ ਧਰਮ ਦੇ ਵਿਕਾਸ ਲਈ ਹੋਰ ਕੀ-ਕੀ ਕੰਮ ਕੀਤੇ?**

ਉੱਤਰ-1.ਗੁਰੂ ਜੀ ਨੇ ਕੀਰਤਪੁਰ ਸਾਹਿਬ ਸ਼ਹਿਰ ਦੀ ਉਸਾਰੀ ਕਰਵਾਈ। 1635 ਈ. ਵਿੱਚ ਗੁਰੂ ਜੀ ਨੇ ਇਸ ਸ਼ਹਿਰ ਵਿੱਚ ਨਿਵਾਸ ਕਰ ਲਿਆ।

2.ਉਹਨਾਂ ਨੇ ਗੁਰੂ ਅਰਜਨ ਦੇਵ ਜੀ ਦੀ ਯਾਦ ਵਿੱਚ ਲਾਹੌਰ ਵਿਖੇ ਗੁਰਦੁਆਰਾ ਡੇਰਾ ਸਾਹਿਬ ਬਣਵਾਇਆ।

3.ਗੁਰੂ ਜੀ ਨੇ ਸਿੱਖ ਧਰਮ ਦੇ ਪ੍ਰਚਾਰ ਲਈ ਚਾਰ ਮੁੱਖ ਪ੍ਰਚਾਰਕਾਂ ਅਲਸਮਤ, ਫੂਲ, ਗੌਂਡਾ ਅਤੇ ਬਲ੍ਹੂ ਹਸਨਾ ਨੂੰ ਨਿਯੁਕਤ ਕੀਤਾ।

4.ਆਪਣਾ ਅੰਤ ਸਮਾਂ ਨੇੜੇ ਆਉਂਦਾ ਦੇਖ ਕੇ ਗੁਰੂ ਜੀ ਨੇ ਆਪਣੇ ਪੋਤੇ ਹਰਿਰਾਇ ਜੀ ਨੂੰ ਆਪਣਾ ਉੱਤਰਾਧਿਕਾਰੀ ਥਾਪ ਦਿੱਤਾ।

**17. ਸਿੱਖ ਧਰਮ ਦੇ ਵਿਕਾਸ ਲਈ ਗੁਰੂ ਹਰਿਰਾਇ ਜੀ ਦੇ ਕੰਮਾਂ ਦਾ ਵਰਣਨ ਕਰੋ।**

ਉੱਤਰ-1.ਗੁਰੂ ਜੀ ਨੇ ਸਿੱਖ ਧਰਮ ਦੇ ਪ੍ਰਚਾਰ ਲਈ ਪ੍ਰਚਾਰਕ ਥਾਪੇ ਤੇ ਆਪ ਵੀ ਧਾਰਮਿਕ ਯਾਤਰਾਵਾਂ ਤੇ ਗਏ।

2.ਗੁਰੂ ਜੀ ਨੇ ਨਥਾਣਾ (ਬਠਿੰਡਾ) ਵਿਖੇ ਇੱਕ ਫੂਲ ਨਾਮ ਦੇ ਗੂੰਗੇ ਨੂੰ ਵਰਦਾਨ ਦਿੱਤਾ ਕਿ ਉਹ ਬਹੁਤ ਮਹਾਨ, ਪ੍ਰਸਿੱਧ ਅਤੇ ਧਨਵਾਨ ਵਿਅਕਤੀ ਬਣੇਗਾ।ਗੁਰੂ ਜੀ ਦਾ ਵਰ ਠੀਕ ਨਿੱਕਲਿਆ। ਪਟਿਆਲਾ, ਨਾਭਾ ਅਤੇ ਜੀਂਦ ਦੀਆਂ ਰਿਆਸਤਾਂ ਦੇ ਰਾਜੇ ਫੂਲ ਦੀ ਸੰਤਾਨ ਵਿੱਚੋਂ ਹੀ ਸਨ।

3.ਗੁਰੂ ਜੀ ਨੇ ਯੁੱਧ ਵਿੱਚ ਹਾਰੇ ਹੋਏ ਸ਼ਾਹਜਹਾਂ ਦੇ ਪੁੱਤਰ ਦਾਰਾ ਸ਼ਿਕੋਹ ਦੀ ਸਹਾਇਤਾ ਕੀਤੀ।

4.ਦਾਰਾ ਸ਼ਿਕੋਹ ਨੂੰ ਦਿੱਤੀ ਸਹਾਇਤਾ ਬਾਰੇ ਪੁੱਛਣ ਲਈ ਔਰੰਗਜ਼ੇਬ ਨੇ ਗੁਰੂ ਹਰਿਰਾਇ ਜੀ ਨੂੰ ਦਿੱਲੀ ਬੁਲਾਇਆ।ਦੂਜਾ ਉਹ ਗੁਰੂ ਜੀ ਤੋਂ ਇਹ ਵੀ ਪੁੱਛਣਾ ਚਾਹੁੰਦਾ ਸੀ ਕਿ ਕਿਧਰੇ ਸਿੱਖ ਧਰਮ ਮੁਸਲਿਮ ਧਰਮ ਦੇ ਖ਼ਿਲਾਫ਼ ਤਾਂ ਨਹੀਂ। ਗੁਰੂ ਜੀ ਨੇ ਆਪ ਦਿੱਲੀ ਜਾਣ ਦੀ ਬਜਾਏ ਆਪਣੇ 14-15 ਸਾਲ ਦੇ ਵੱਡੇ ਪੁੱਤਰ ਰਾਮਰਾਇ ਨੂੰ ਭੇਜ ਦਿੱਤਾ। ਔਰੰਗਜ਼ੇਬ ਨੇ ਆਸਾ ਦੀ ਵਾਰ ਵਿੱਚ ਦਿੱਤੇ ਗਏ ਸ਼ਲੋਕ ਵਿੱਚੋਂ 'ਮੁਸਲਮਾਨ' ਸ਼ਬਦ ਦਾ ਸਪਸ਼ਟੀਕਰਨ ਮੰਗਿਆ ਤਾਂ ਰਾਮ ਰਾਏ ਨੇ ਚਤੁਰਾਈ ਨਾਲ ਜਵਾਬ ਦਿੱਤਾ ਕਿ ਇਸ ਸਲੋਕ ਵਿਚ 'ਮੁਸਲਮਾਨ' ਸ਼ਬਦ ਗਲਤੀ ਨਾਲ ਲਿਖਿਆ ਗਿਆ ਹੈ ਇਸ ਦੀ ਥਾਂ ਤੇ ਅਸਲੀ ਸ਼ਬਦ ਬੇਈਮਾਨ ਹੈ ਇਸ ਉੱਤਰ ਨਾਲ ਮੁਗਲ ਸਮਰਾਟ ਔਰੰਗਜ਼ੇਬ ਦੀ ਤਾਂ ਤਸੱਲੀ ਹੋ ਗਈ ਪਰ ਗੁਰੂ ਹਰਿਰਾਇ ਜੀ ਬਹੁਤ ਦੁੱਖੀ ਹੋਏ।

5.ਰਾਮ ਰਾਇ ਨੇ ਔਰੰਗਜ਼ੇਬ ਅੱਗੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਬਦਲ ਕੇ ਕਾਇਰਤਾ ਦਿਖਾਈ ਸੀ। ਜਿਸ ਕਾਰਨ ਗੁਰੂ ਜੀ ਉਸ ਤੋਂ ਨਾਰਾਜ਼ ਹੋ ਗਏ ਤੇ ਉਨ੍ਹਾਂ ਨੇ ਇਸ ਘਟਨਾ ਤੋਂ ਬਾਅਦ ਆਪਣੇ ਛੋਟੇ ਅਤੇ ਪੰਜ ਕੁ ਸਾਲ ਦੇ ਪੁੱਤਰ ਹਰਿਕ੍ਰਿਸ਼ਨ ਜੀ ਨੂੰ ਆਪਣਾ ਉੱਤਰਾਧਿਕਾਰੀ ਥਾਪ ਦਿੱਤਾ।

**18.ਸ੍ਰੀ ਗੁਰੂ ਹਰਕ੍ਰਿਸ਼ਨ ਜੀ ਨੇ ਸਿੱਖ ਧਰਮ ਦੇ ਵਿਕਾਸ ਲਈ ਕੀ ਯੋਗਦਾਨ ਪਾਇਆ?**

ਉੱਤਰ-1.ਸ੍ਰੀ ਗੁਰੂ ਹਰਕ੍ਰਿਸ਼ਨ ਜੀ ਪੰਜ ਸਾਲ ਤਿੰਨ ਮਹੀਨੇ ਦੀ ਉਮਰ ਵਿਚ ਗੁਰਗੱਦੀ 'ਤੇ ਬੈਠੇ।ਉਨ੍ਹਾਂ ਨੂੰ 'ਬਾਲ ਗੁਰੂ' ਵੀ ਕਿਹਾ ਜਾਂਦਾ ਹੈ। ਸਿੱਖ ਧਰਮ ਨੂੰ ਪ੍ਰਚਾਰਨ ਅਤੇ ਪ੍ਰਸਾਰ ਕਰਨ ਲਈ ਉਨ੍ਹਾਂ ਨੇ ਮਹਾਨ ਕਾਰਜ ਕੀਤੇ।

2.ਗੁਰੂ ਜੀ ਦਾ ਵੱਡਾ ਭਰਾ ਰਾਮਰਾਇ ਗੁਰਗੱਦੀ ਨੂੰ ਲੈ ਕੇ ਗੁਰੂ ਜੀ ਨਾਲ ਈਰਖਾ ਕਰਨ ਲੱਗਾ ਕਿਉਂਕਿ ਗੁਰੂ ਹਰਕ੍ਰਿਸ਼ਨ ਜੀ ਗੁਰੂ ਜੀ ਦੇ ਆਦੇਸ਼ ਅਨੁਸਾਰ ਸਿੱਖ ਧਰਮ ਦਾ ਪ੍ਰਚਾਰ ਅਤੇ ਪ੍ਰਸਾਰ ਕਰ ਰਹੇ ਸਨ। ਰਾਮ ਰਾਇ ਨੇ ਗੁਰਗੱਦੀ ਤੇ ਆਪਣਾ ਹੱਕ ਜਤਾਇਆ ਅਤੇ ਔਰੰਗਜ਼ੇਬ ਕੋਲ ਇਸ ਗੱਲ ਦੀ ਸ਼ਿਕਾਇਤ ਕੀਤੀ।

3.ਔਰੰਗਜ਼ੇਬ ਨੇ ਦੋਵਾਂ ਭਰਾਵਾਂ ਦੀ ਅਣਬਣ ਦਾ ਪੂਰਾ-ਪੂਰਾ ਲਾਭ ਉਠਾਉਣਾ ਚਾਹਿਆ ਅਤੇ ਸ੍ਰੀ ਗੁਰੂ ਹਰਕ੍ਰਿਸ਼ਨ ਜੀ ਨੂੰ ਦਿੱਲੀ ਪੁੱਜਣ ਲਈ ਸੰਦੇਸ਼ ਭੇਜਿਆ। ਬਾਲ ਗੁਰੂ 1664 ਈ. ਵਿਚ ਕੀਰਤਪੁਰ ਤੋਂ ਆਪਣੀ ਮਾਤਾ ਤੇ ਕੁਝ ਸਿੱਖਾਂ ਨਾਲ ਦਿੱਲੀ ਵੱਲ ਚੱਲ ਪਏ ।ਉਹ ਰਾਹ ਵਿੱਚ ਸਿੱਖ ਧਰਮ ਦਾ ਪ੍ਰਚਾਰ ਅਤੇ ਪ੍ਰਸਾਰ ਕਰਦੇ ਗਏ। ਇਸ ਲਈ ਉਨ੍ਹਾਂ ਨਾਲ ਹਜ਼ਾਰਾਂ ਦੀ ਗਿਣਤੀ ਵਿੱਚ ਹੋਰ ਸੰਗਤਾਂ ਵੀ ਜੁੜ ਗਈਆਂ।

4.ਦਿੱਲੀ ਪਹੁੰਚ ਕਿ ਗੁਰੂ ਜੀ ਰਾਜਾ ਜੈ ਸਿੰਘ ਦੇ ਬੰਗਲੇ ਵਿੱਚ ਠਹਿਰੇ ਅਤੇ ਉਹ ਦਾਸੀਆਂ ਵਿੱਚੋਂ ਰਾਜੇ ਦੀ ਪਟਰਾਣੀ ਨੂੰ ਪਛਾਣ ਕੇ ਉਸਦੀ ਦੀ ਗੋਦੀ ਵਿੱਚ ਬੈਠ ਗਏ । ਰਾਜਾ ਗੁਰੂ ਜੀ ਦੀ ਸੂਝ ਤੋਂ ਅਤਿਅੰਤ ਪ੍ਰਭਾਵਿਤ ਹੋਇਆ ਇਸ ਅਸਥਾਨ ਤੇ ਅੱਜਕੱਲ੍ਹ ਗੁਰਦੁਆਰਾ ਬੰਗਲਾ ਸਾਹਿਬ ਬਣਿਆ ਹੋਇਆ ਹੈ ।

5.ਗੁਰੂ ਹਰਕ੍ਰਿਸ਼ਨ ਜੀ ਦਿੱਲੀ ਪਹੁੰਚੇ ਤਾਂ ਉਦੋਂ ਉੱਥੇ ਹੈਜ਼ਾ ਅਤੇ ਚੇਚਕ ਵਰਗੀਆਂ ਬਿਮਾਰੀਆਂ ਫੈਲੀਆਂ ਹੋਈਆਂ ਸਨ। ਗੁਰੂ ਜੀ ਅਤੇ ਸਿੱਖਾਂ ਨੇ ਬਿਮਾਰਾਂ ਤੇ ਲੋੜਵੰਦਾਂ ਦੀ ਭਰਪੂਰ ਸਹਾਇਤਾ ਕੀਤੀ ।

6.ਦਿੱਲੀ ਨਿਵਾਸ ਸਮੇਂ ਹੀ ਗੁਰੂ ਜੀ ਨੂੰ ਚੇਚਕ ਨਿਕਲ ਆਈ ਤੇ ਉਨ੍ਹਾਂ ਨੂੰ ਤੇਜ਼ ਬੁਖਾਰ ਹੋਣ ਨਾਲ ਉਹ 30 ਮਾਰਚ,1664 ਨੂੰ ਜੋਤੀ-ਜੋਤ ਸਮਾ ਗਏ।

7. ਜੋਤੀ ਜੋਤ ਸਮਾਉਣ ਤੋਂ ਪਹਿਲਾਂ ਉਨ੍ਹਾਂ ਨੇ ਪੰਜ ਪੈਸੇ ਅਤੇ ਇੱਕ ਨਾਰੀਅਲ ਮੰਗਵਾ ਕੇ ਤਿੰਨ ਵਾਰੀ ਘੁੰਮਾਇਆ ਅਤੇ ਨਾਲ ਹੀ ਕਿਹਾ 'ਬਾਬਾ ਬਕਾਲਾ'। ਉਨ੍ਹਾਂ ਸ਼ਬਦਾਂ ਦਾ ਭਾਵ ਅਰਥ ਇਹ ਸੀ ਕਿ ਉਨ੍ਹਾਂ ਦੇ ਉੱਤਰਾਧਿਕਾਰੀ ਬਕਾਲਾ ਪਿੰਡ (ਅੰਮ੍ਰਿਤਸਰ) ਵਿਖੇ ਹਨ ਅਤੇ ਉਹ ਉਨ੍ਹਾਂ ਦੇ ਦਾਦਾ ਹਨ ।

**19.ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਮਾਲਵਾ ਯਾਤਰਾ ਦਾ ਵਰਣਨ ਕਰੋ ।**

ਉੱਤਰ- 1672-73 ਈ. ਦੇ ਆਰੰਭ ਵਿੱਚ ਗੁਰੂ ਤੇਗ ਬਹਾਦਰ ਜੀ ਨੇ ਮਾਲਵੇ ਅਤੇ ਬਾਂਗਰ ਦੇ ਪ੍ਰਦੇਸ਼ ਵਿੱਚ ਸਿੱਖ ਧਰਮ ਦਾ ਪ੍ਰਚਾਰ ਅਤੇ ਪ੍ਰਸਾਰ ਕਰਨ ਦਾ ਮਨ ਬਣਾਇਆ। ਇਸ ਕੰਮ ਲਈ ਉਹ ਮਾਲਵਾ ਤੇ ਬਾਂਗਰ ਪ੍ਰਦੇਸ਼ ਵਿੱਚ ਲਗਪਗ ਦੋ ਸਾਲ ਰਹੇ। ਉਹ ਜਿੱਥੇ ਵੀ ਗਏ ਉੱਥੇ ਅੱਜ ਵੀ ਇਤਿਹਾਸਕ ਗੁਰਦੁਆਰਾ ਮੌਜੂਦ ਹੈ ।ਇਸ ਇਲਾਕੇ ਵਿੱਚ ਜਿਹੜੀਆਂ ਯਾਤਰਾਵਾਂ ਗੁਰੂ ਸਾਹਿਬ ਨੇ ਕੀਤੀਆਂ ਉਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ-

ਚੱਕ ਨਾਨਕੀ ਤੋਂ ਚੱਲ ਕੇ ਗੁਰੂ ਜੀ ਫਿਰ ਦੂਜੀ ਵਾਰ ਸ਼ੈਫਾਬਾਦ ਗਏ । ਸੈਫ਼ਉੱਦੀਨ ਨੇ ਉਨ੍ਹਾਂ ਦਾ ਬੜਾ ਮਾਣ ਅਤੇ ਸਤਿਕਾਰ ਕੀਤਾ। ਸੈਫ਼ਾਬਾਦ ਤੋਂ ਗੁਰੂ ਤੇਗ ਬਹਾਦਰ ਜੀ ਪਟਿਆਲਾ ਗਏ । ਅੱਜਕੱਲ੍ਹ ਦੇ ਦੁੱਖ ਨਿਵਾਰਨ ਸਾਹਿਬ ਗੁਰਦੁਆਰਾ ਵਾਲੀ ਥਾਂ ਤੇ ਉਨ੍ਹਾਂ ਨੇ ਚਰਨ ਪਾਏ ।ਉਥੋਂ ਉਹ ਮੋਤੀ ਬਾਗ ਵਾਲਾ ਗੁਰਦੁਆਰਾ ਸਾਹਿਬ ਵਾਲੀ ਥਾਂ ਤੇ ਪੁੱਜੇ। ਪਟਿਆਲਾ ਤੋਂ ਗੁਰੂ ਤੇਗ ਬਹਾਦਰ ਜੀ ਮੂਲੋਵਾਲ ਪਿੰਡ ਗਏ। ਉੱਥੇ ਪਾਣੀ ਦੀ ਬੜੀ ਥੁੜ੍ਹ ਸੀ ।ਉਨ੍ਹਾਂ ਨੇ ਉੱਥੇ ਖੂਹ ਖੁਦਵਾਇਆ।ਮੂਲੋਵਾਲ ਤੋਂ ਉਹ ਪਿੰਡ ਸੇਖਾ ਗਏ। ਉਹ ਸੇਖੇ ਤੋਂ ਢਿੱਲਵਾਂ, ਖੀਵਾ, ਸਮਾਓਂ, ਭੀਖੀ, ਖਿਆਲਾ, ਮੌੜ, ਤਲਵੰਡੀ ਸਾਬੋ, ਬਠਿੰਡਾ ਅਤੇ ਧਮਧਾਨ ਪੁੱਜੇ ।ਗੁਰੂ ਜੀ ਤੋਂ ਪ੍ਰਭਾਵਿਤ ਹੋ ਕੇ ਹਜ਼ਾਰਾਂ ਲੋਕ ਉਨ੍ਹਾਂ ਦੇ ਸ਼ਰਧਾਲੂ ਬਣ ਗਏ ।

**20.ਖਾਲਸਾ ਸਿਰਜਣਾ ਦਾ ਕੀ ਮਹੱਤਵ ਸੀ?**

ਉੱਤਰ-1.ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਦੀ ਸਿਰਜਣਾ ਕਰਕੇ ਆਪਣੇ ਤੋਂ ਪਹਿਲਾਂ ਹੋਏ ਗੁਰੂਆਂ ਦੇ ਕਾਰਜਾਂ ਨੂੰ ਸੰਪੂਰਨ ਰੂਪ ਦਿੱਤਾ ।

2.ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਤੱਕ ਮਸੰਦ ਸੁਆਰਥੀ, ਲੋਭੀ ਅਤੇ ਭ੍ਰਿਸ਼ਟਾਚਾਰੀ ਹੋ ਗਏ ਸਨ ।ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੰਘਾਂ ਨੂੰ ਹੁਕਮ ਦਿੱਤਾ ਕਿ ਉਹ ਮਸੰਦਾਂ ਨਾਲ ਕਿਸੇ ਕਿਸਮ ਦਾ ਵੀ ਸੰਬੰਧ ਨਾ ਰੱਖਣ। ਸਿੱਟੇ ਵਜੋਂ ਮਸੰਦ ਪ੍ਰਥਾ ਦਾ ਖ਼ਾਤਮਾ ਹੋ ਗਿਆ।

3.ਖ਼ਾਲਸਾ ਸੰਗਤਾਂ ਨੂੰ 'ਖੰਡੇ ਦੀ ਪਾਹੁਲ' ਛਕਾਉਣ ਦਾ ਅਧਿਕਾਰ ਦਿੱਤਾ ਗਿਆ। ਉਹਨਾਂ ਨੂੰ ਸਿੱਖਾਂ ਵਿੱਚ ਨਿਰਣੇ ਕਰਨ ਦਾ ਵੀ ਅਧਿਕਾਰ ਦਿੱਤਾ ਗਿਆ। ਜਿਸ ਨਾਲ ਖ਼ਾਲਸਾ ਸੰਗਤਾਂ ਦਾ ਮਹੱਤਵ ਵੱਧ ਗਿਆ ।

4.ਖ਼ਾਲਸਾ ਦੀ ਸਾਜਨਾ ਨਾਲ ਸਿੱਖਾਂ ਦੀ ਗਿਣਤੀ ਵਿੱਚ ਵਾਧਾ ਹੋ ਗਿਆ ।

5.ਖ਼ਾਲਸਾ ਦੀ ਸਾਜਨਾ ਨਾਲ ਸਿੱਖਾਂ ਵਿੱਚ ਨਵੀਂ ਸ਼ਕਤੀ ਦਾ ਸੰਚਾਰ ਹੋਇਆ ।ਉਹ ਅੰਮ੍ਰਿਤ ਛਕਣ ਪਿੱਛੋਂ ਆਪਣੇ ਆਪ ਨੂੰ ਸਿੰਘ ਅਖਵਾਉਣ ਲੱਗੇ ਅਤੇ ਜਾਤ-ਪਾਤ ਦੇ ਭੇਦਭਾਵ ਨੂੰ ਭੁੱਲ ਗਏ।

6.ਖ਼ਾਲਸਾ ਦੀ ਸਾਜਨਾ ਨਾਲ ਸਿੱਖਾਂ ਵਿੱਚ ਬਹਾਦਰੀ ਅਤੇ ਦਲੇਰੀ ਦੀਆਂ ਭਾਵਨਾਵਾਂ ਭਰ ਗਈਆਂ। ਜਿਸ ਕਾਰਨ ਗੁਰੂ ਜੀ ਦੇ ਸਿੱਖਾਂ ਨੇ ਮੁਗਲਾਂ ਨਾਲ ਕਈ ਯੁੱਧ ਲੜੇ।

7.ਖ਼ਾਲਸਾ ਦੀ ਸਾਜਨਾ ਤੋਂ ਪਹਾੜੀ ਰਾਜੇ ਘਬਰਾ ਗਏ ਤੇ ਉਹਨਾਂ ਨੇ ਗੱਠਜੋੜ ਕਰ ਕੇ ਗੁਰੂ ਜੀ ਦੀ ਸ਼ਕਤੀ ਨੂੰ ਦਬਾਉਣ ਦਾ ਮਨ ਬਣਾਇਆ ।ਖ਼ਾਲਸਾ ਸਾਜਣਾ ਤੋਂ ਪਿੱਛੋਂ ਵੀ ਗੁਰੂ ਜੀ ਨੂੰ ਪਹਾੜੀ ਰਾਜਿਆਂ ਨਾਲ ਕਈ ਯੁੱਧ ਕਰਨੇ ਪਏ।

8.ਖ਼ਾਲਸਾ ਦੀ ਸਥਾਪਨਾ ਨਾਲ ਸਿੱਖਾਂ ਨੇ ਪੰਜ 'ਕਕਾਰਾਂ' ਦੀ ਪਾਲਣਾ ਕਰਕੇ ਆਪਣੇ ਬਾਹਰੀ ਸਰੂਪ ਨੂੰ ਵੀ ਆਮ ਲੋਕਾਂ ਨਾਲੋਂ ਵੱਖਰਾ ਕਰ ਲਿਆ। ਖ਼ਾਲਸਾ ਵਰਗ ਦੇ ਮਰਦ 'ਸਿੰਘ' ਅਤੇ ਔਰਤਾਂ 'ਕੌਰ' ਬਣ ਗਈਆਂ ਸਨ।

9.ਔਰੰਗਜ਼ੇਬ ਹਿੰਦੂਆਂ 'ਤੇ ਬਹੁਤ ਜ਼ੁਲਮ ਕਰ ਰਿਹਾ ਸੀ ।ਪੰਜਾਬ ਵਿੱਚ ਉਸ ਦੇ ਜ਼ੁਲਮ ਦਾ ਟਾਕਰਾ ਕਰਨ ਵਾਲਾ ਖ਼ਾਲਸਾ ਹੀ ਸੀ। ਖ਼ਾਲਸਾ ਤੋਂ ਪ੍ਰਭਾਵਿਤ ਹੋ ਕੇ ਦੂਜੇ ਸੂਬਿਆਂ ਵਿਚਲੇ ਲੋਕ ਵੀ ਔਰੰਗਜ਼ੇਬ ਦੇ ਜ਼ੁਲਮ ਦਾ ਵਿਰੋਧ ਕਰਨ ਲੱਗੇ ਜਿਸ ਕਾਰਨ ਹਿੰਦੂ ਧਰਮ ਖ਼ਤਮ ਹੋਣ ਤੋਂ ਬੱਚ ਗਿਆ।

10.ਖ਼ਾਲਸਾ ਨੇ ਯੱਗਾਂ, ਬਲੀਆਂ, ਵਰਤਾਂ, ਮੂਰਤੀ ਪੂਜਾ ਅਤੇ ਅੰਧਵਿਸ਼ਵਾਸਾਂ ਨਾਲੋਂ ਨਾਤਾ ਤੋੜ ਲਿਆ। ਜਿਸ ਕਾਰਨ ਖ਼ਾਲਸਾ ਨੇ ਅੰਧ-ਵਿਸ਼ਵਾਸਾਂ ਤੇ ਅਗਿਆਨਤਾ ਦਾ ਅੰਤ ਕਰ ਦਿੱਤਾਣ।

11.ਗੁਰੂ ਜੀ ਨੇ ਗੁਰੂ-ਸ਼ਕਤੀ, ਗੁਰੂ ਗ੍ਰੰਥ ਸਾਹਿਬ ਅਤੇ ਖਾਲਸਾ ਵਿੱਚ ਵੰਡ ਕੇ ਲੋਕਤੰਤਰ ਦੀ ਸਥਾਪਨਾ ਕਰ ਦਿੱਤੀ ।ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਦੇਸ਼ ਦੇ ਪਹਿਲੇ ਲੋਕਤੰਤਰੀ ਹੋਏ।

12.ਖ਼ਾਲਸਾ ਦੀ ਸਾਜਨਾ ਨਾਲ ਸਿੱਖਾਂ ਵਿੱਚ ਦਲੇਰੀ, ਬਹਾਦਰੀ, ਨਿਡਰਤਾ, ਹਿੰਮਤ ਅਤੇ ਆਤਮ ਬਲੀਦਾਨ ਦੀਆਂ ਭਾਵਨਾਵਾਂ ਜਾਗ੍ਰਿਤ ਹੋਈਆਂ।

**21.ਮਹਾਰਾਜਾ ਰਣਜੀਤ ਸਿੰਘ ਨੇ ਕਮਜ਼ੋਰ ਰਿਆਸਤਾਂ ਨੂੰ ਕਿਵੇਂ ਜਿੱਤਿਆ?**

ਉੱਤਰ-ਮਹਾਰਾਜਾ ਰਣਜੀਤ ਸਿੰਘ ਨੇ ਸ਼ਕਤੀਸ਼ਾਲੀ ਮਿਸਲਾਂ ਨਾਲ ਮਿੱਤਰਤਾ ਗੰਢ ਲਈ ਅਤੇ ਉਹਨਾਂ ਦੀ ਸਹਾਇਤਾ ਨਾਲ ਕਮਜ਼ੋਰ ਮਿਸਲਾਂ ਨੂੰ ਆਪਣੇ ਅਧੀਨ ਕਰ ਲਿਆ।

**1.ਡੱਲੇਵਾਲੀਆ ਮਿਸਲ 'ਤੇ ਅਧਿਕਾਰ**- ਡੱਲੇਵਾਲੀਆ ਮਿਸਲ ਦਾ ਨੇਤਾ ਤਾਰਾ ਸਿੰਘ ਘੇਬਾ ਸੀ। ਜਦੋਂ ਤੱਕ ਉਹ ਜਿਉਂਦਾ ਰਿਹਾ ਮਹਾਰਾਜਾ ਰਣਜੀਤ ਸਿੰਘ ਨੇ ਉਸ ਮਿਸਲ 'ਤੇ ਕਬਜ਼ਾ ਨਹੀਂ ਕੀਤਾ । 1807 ਈ. ਵਿੱਚ ਉਸਦੀ ਮੌਤ ਤੋਂ ਬਾਅਦ ਹੀ ਮਹਾਰਾਜਾ ਰਣਜੀਤ ਸਿੰਘ ਨੇ ਰਾਹੋਂ 'ਤੇ ਹਮਲਾ ਕਰ ਦਿੱਤਾ। ਤਾਰਾ ਸਿੰਘ ਘੇਬਾ ਦੀ ਵਿਧਵਾ ਨੇ ਮਹਾਰਾਜਾ ਰਣਜੀਤ ਸਿੰਘ ਦਾ ਮੁਕਾਬਲਾ ਕੀਤਾ ਪਰ ਹਾਰ ਗਈ। ਮਹਾਰਾਜਾ ਰਣਜੀਤ ਸਿੰਘ ਨੇ ਉਸ ਮਿਸਲ ਦੇ ਇਲਾਕਿਆਂ ਨੂੰ ਆਪਣੇ ਰਾਜ ਵਿੱਚ ਮਿਲਾ ਲਿਆ।

**2.ਕਰੋਸਿੰਘੀਆ ਮਿਸਲ 'ਤੇ ਕਬਜ਼ਾ**-1809 ਈ. ਵਿੱਚ ਕਰੋਸਿੰਘੀਆ ਮਿਸਲ ਦਾ ਸਰਦਾਰ ਬਘੇਲ ਸਿੰਘ ਚਲਾਣਾ ਕਰ ਗਿਆ । ਉਸ ਦੀ ਮੌਤ ਦਾ ਪਤਾ ਲੱਗਣ 'ਤੇ ਹੀ ਮਹਾਰਾਜਾ ਰਣਜੀਤ ਸਿੰਘ ਨੇ ਕਰੋਸਿੰਘੀਆ ਮਿਸਲ ਦੇ ਇਲਾਕੇ ਵੱਲ ਆਪਣੀ ਸੈਨਾ ਭੇਜ ਦਿੱਤੀ । ਬਘੇਲ ਸਿੰਘ ਦੀਆਂ ਵਿਧਵਾ ਪਤਨੀਆਂ (ਰਾਮ ਕੌਰ ਅਤੇ ਰਾਜ ਕੌਰ) ਮਹਾਰਾਜਾ ਰਣਜੀਤ ਸਿੰਘ ਦੀ ਸੈਨਾ ਦਾ ਬਹੁਤਾ ਚਿਰ ਟਾਕਰਾ ਨਾ ਕਰ ਸਕੀਆਂ। ਸਿੱਟੇ ਵਜੋਂ ਉਸ ਮਿਸਲ ਦੇ ਨਵਾਂ ਸ਼ਹਿਰ, ਰੁੜਕਾ ਆਦਿ ਪ੍ਰਦੇਸ਼ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਮਿਲ ਗਏ ।

**3.ਨਕੱਈ ਮਿਸਲ 'ਤੇ ਕਬਜ਼ਾ**-1807 ਈ. ਵਿੱਚ ਮਹਾਰਾਜਾ ਦੀ ਰਾਣੀ ਰਾਜ ਕੌਰ ਦਾ ਭਤੀਜਾ ਕਾਹਨ ਸਿੰਘ ਨੱਕਈ ਮਿਸਲ ਦਾ ਸਰਦਾਰ ਬਣਿਆ । ਮਹਾਰਾਜਾ ਨੇ ਉਸ ਨੂੰ ਕਈ ਵਾਰ ਆਪਣੇ ਰਾਜ ਵਿੱਚ ਹਾਜ਼ਰ ਹੋਣ ਲਈ ਸੱਦਾ ਭੇਜਿਆ । ਪਰ ਉਹ ਸਦਾ ਹੀ ਮਹਾਰਾਜਾ ਰਣਜੀਤ ਸਿੰਘ ਦੀ ਹੁਕਮ -ਅਦੂਲੀ ਕਰਦਾ ਰਿਹਾ । ਅੰਤ ਨੂੰ 1810 ਈ : ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਮੋਹਕਮ ਚੰਦ ਦੀ ਆਗਵਾਈ ਵਿੱਚ ਉਸ ਵਿਰੁੱਧ ਸੈਨਾ ਭੇਜੀ । ਮੋਹਕਮ ਚੰਦ ਨੇ ਛੇਤੀ ਹੀ ਉਸ ਮਿਸਲ ਦੇ ਚੂਨੀਆਂ , ਸ਼ਰਕਪੁਰ , ਕੋਟ ਕਮਾਲੀਆ ਆਦਿ ਇਲਾਕਿਆਂ ਉੱਤ ਅਧਿਕਾਰ ਕਰ ਲਿਆ । ਕਾਹਨ ਸਿੰਘ ਨੂੰ ਗੁਜ਼ਾਰੇ ਲਈ 20,000 ਹਜ਼ਾਰ ਰੁਪਏ ਸਾਲਾਨਾ ਆਮਦਨ ਵਾਲੀ ਜਾਗੀਰ ਦਿੱਤੀ ਗਈ ।

**4. ਫੈਜ਼ਲਪੁਰੀਆ ਮਿਸਲ ਦੇ ਇਲਾਕਿਆਂ ਉੱਤੇ ਕਬਜ਼ਾ** -1811 ਈ. ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਫੈਜ਼ਲਪੁਰੀਆ ਮਿਸਲ ਦੇ ਸਰਦਾਰ ਬੁੱਧ ਸਿੰਘ ਨੂੰ ਆਪਣੀ ਅਧੀਨਤਾ ਸਵੀਕਾਰ ਕਰਨ ਲਈ ਕਿਹਾ । ਉਸ ਦੇ ਇਨਕਾਰ ਕਰ ਦੇਣ ਤੇ ਮਹਾਰਾਜਾ ਰਣਜੀਤ ਸਿੰਘ ਨੇ ਮੋਹਕਮ ਚੰਦ ਦੀ ਅਗਵਾਈ ਵਿੱਚ ਆਪਣੀ ਸੈਨਾ ਭੇਜੀ । ਫਤਿਹ ਸਿੰਘ ਆਹਲੂਵਾਲੀਆ ਅਤੇ ਜੋਧ ਸਿੰਘ ਰਾਮਗੜ੍ਹੀਆ ਨੇ ਉਸ ਦਾ ਸਾਥ ਦਿੱਤਾ । ਬੁੱਧ ਸਿੰਘ ਮਹਾਰਾਜਾ ਰਣਜੀਤ ਸਿੰਘ ਦੀ ਸੈਨਾ ਦਾ ਟਾਕਰਾ ਨਾ ਕਰ ਸਕਿਆ ਅਤੇ ਉਸ ਨੇ ਭੱਜ ਕੇ ਜਾਨ ਬਚਾਈ । ਸਿੱਟੇ ਵਜੋਂ ਉਸ ਮਿਸਲ ਦੇ ਜਲੰਧਰ , ਬਹਿਰਾਮਪੁਰ , ਪੱਟੀ ਆਦਿ ਉੱਤੇ ਮਹਾਰਾਜਾ ਰਣਜੀਤ ਸਿੰਘ ਨੇ ਕਬਜ਼ਾ ਕਰ ਲਿਆ ।

22**. ਅੰਗਰੇਜ਼ਾਂ ਅਤੇ ਸਿੱਖਾਂ ਦੀ ਪਹਿਲੀ ਲੜਾਈ** ਦੇ **ਕਾਰਨ ਲਿਖੋ।**

**ਉੱਤਰ:1.** ਅੰਗਰੇਜ਼ਾਂ ਨੇ ਲਾਹੌਰ ਰਾਜ ਨੂੰ ਘੇਰਾ ਪਾਉਣਾ ਸ਼ੁਰੂ ਕਰ ਦਿੱਤਾ ਸੀ।ਮਹਾਰਾਜਾ ਰਣਜੀਤ ਸਿੰਘ ਅਤੇ ਲਾਹੌਰ ਦਰਬਾਰ ਦੇ ਸਰਦਾਰਾਂ ਨੇ ਉਨ੍ਹਾਂ ਦੀ ਇਸ ਨੀਤੀ ਦਾ ਵਿਰੋਧ ਕੀਤਾ ।

**2.** ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਪੰਜਾਬ ਵਿੱਚ ਅਸ਼ਾਂਤੀ ਅਤੇ ਅਰਾਜਕਤਾ ਫੈਲ ਗਈ।ਇਸ ਹਾਲਾਤ ਦਾ ਲਾਭ ਅੰਗਰੇਜ਼ ਲੈਣਾ ਚਾਹੁੰਦੇ ਸੀ।

**3.** ਪਹਿਲੇ- ਅਫ਼ਗਾਨ ਯੁੱਧ ਵਿੱਚ ਅੰਗਰੇਜ਼ਾਂ ਦੀ ਅਸਫ਼ਲਤਾ ਕਰਕੇ ਸਿੱਖਾਂ ਦਾ ਅੰਗਰੇਜ਼ਾਂ ਵਿਰੁੱਧ ਯੁੱਧ ਕਰਨ ਦਾ ਹੌਸਲਾ ਵੱਧ ਗਿਆ।

**4.**ਸਿੰਧ ਅਤੇ ਕੈਂਥਲ ਨੂੰ ਅੰਗਰੇਜ਼ੀ ਸਾਮਰਾਜ ਵਿੱਚ ਸ਼ਾਮਲ ਕਰਨ ਅਤੇ ਗਵਾਲੀਅਰ ਰਾਜ ਦੀ ਤਾਕਤ ਨੂੰ ਕਮਜ਼ੋਰ ਕਰਨ ਪਿੱਛੋਂ ਐਲਨਬਰਾ ਨੇ ਪੰਜਾਬ ਉੱਤੇ ਕਬਜ਼ਾ ਕਰਨ ਦੀ ਯੋਜਨਾ ਬਣਾਈ। ਇਹ ਪਤਾ ਲੱਗਣ ਤੇ ਸਿੱਖਾਂ ਨੇ ਵੀ ਯੁੱਧ ਲਈ ਤਿਆਰੀਆਂ ਸ਼ੁਰੂ ਕਰ ਦਿੱਤੀਆਂ

**5.** ਜੁਲਾਈ 1844 ਈ:ਨੂੰ ਲਾਰਡ ਐਲਨਬਰਾ ਦੀ ਥਾਂ ਲਾਰਡ ਹਾਰਡਿੰਗ ਨੂੰ,ਜੋ ਕਿ ਇਕ ਪ੍ਰਸਿੱਧ ਸੈਨਾ ਨਾਇਕ ਸੀ,ਭਾਰਤ ਦਾ ਗਵਰਨਰ ਜਨਰਲ ਨਿਯੁਕਤ ਕਰ ਦਿੱਤਾ ਗਿਆ ਤਾਂ ਜੋ ਉਹ ਸਿੱਖਾਂ ਨਾਲ ਸਫਲਤਾ ਪੂਰਵਕ ਯੁੱਧ ਕਰ ਸਕੇ।

**6.**ਸੁਚੇਤ ਸਿੰਘ ਲਾਹੌਰ ਦਰਬਾਰ ਦੀ ਸੇਵਾ ਵਿੱਚ ਸੀ। ਆਪਣੀ ਮੌਤ ਪਿੱਛੋਂ ਉਹ 15 ਲੱਖ ਰੁਪਏ ਦੀ ਰਕਮ ਫਿਰੋਜ਼ਪੁਰ ਛੱਡ ਗਿਆ। ਕਿਉਂਕਿ ਉਸ ਦਾ ਕੋਈ ਪੁੱਤਰ ਨਹੀਂ ਸੀ। ਇਸ ਲਈ ਲਾਹੌਰ ਸਰਕਾਰ ਉਸ ਰਕਮ ਉੱਤੇ ਆਪਣਾ ਹੱਕ ਸਮਝਦੀ ਸੀ ਅਤੇ ਇਸ ਹੱਕ ਨੂੰ ਅੰਗਰੇਜ਼ ਅਦਾਲਤੀ ਰੂਪ ਦੇਣਾ ਚਾਹੁੰਦੇ ਸਨ।ਇਸ ਨਾਲ ਸਿੱਖਾਂ ਨੂੰ ਅੰਗਰੇਜ਼ਾਂ ਦੇ ਇਰਾਦਿਆਂ ਤੇ ਸ਼ੱਕ ਹੋਣ ਲੱਗਾ।

**7.** ਮੇਜਰ ਬਰਾਡਫੁੱਟ ਨੇ ਸਿੱਖਾਂ ਦੇ ਵਿਰੁੱਧ ਅਜਿਹੀਆਂ ਕਾਰਵਾਈਆਂ ਕੀਤੀਆਂ ਜਿਸ ਨਾਲ ਸਿੱਖ ਅੰਗਰੇਜ਼ਾਂ ਦੇ ਖ਼ਿਲਾਫ਼ ਭੜਕ ਉੱਠੇ।

**8.**13 ਦਸੰਬਰ 1845 ਈ: ਨੂੰ ਗਵਰਨਰ ਜਨਰਲ ਲਾਰਡ ਹਾਰਡਿੰਗ ਨੇ ਸਿੱਖਾਂ ਵਿਰੁੱਧ ਯੁੱਧ ਦਾ ਐਲਾਨ ਕਰ ਦਿੱਤਾ।

**23.ਲਾਹੌਰ ਦੀ ਪਹਿਲੀ ਸੰਧੀ ਦੀਆਂ ਧਾਰਾਵਾਂ ਲਿਖੋ।**

**ਉੱਤਰ:1.** ਬ੍ਰਿਟਿਸ਼ ਸਰਕਾਰ ਅਤੇ ਮਹਾਰਾਜਾ ਦਲੀਪ ਸਿੰਘ ਅਤੇ ਉਸ ਦੇ ਉਤਰਾਧਿਕਾਰੀਆਂ ਵਿਚਕਾਰ ਸਦਾ ਮਿੱਤਰਤਾ ਬਣੀ ਰਹੇਗੀ।

**2.** ਲਾਹੌਰ ਦੇ ਮਹਾਰਾਜਾ ਨੇ ਸਤਲੁਜ ਦਰਿਆ ਦੇ ਦੱਖਣ ਵਿੱਚ ਸਥਿਤ ਸਾਰੇ ਪ੍ਰਦੇਸ਼ਾਂ ਤੋਂ ਹਮੇਸ਼ਾਂ ਲਈ ਆਪਣਾ ਅਧਿਕਾਰ ਹਟਾ ਲੈਣਾ ਮੰਨ ਲਿਆ।

**3.**ਅੰਗਰੇਜ਼ਾਂ ਨੇ ਯੁੱਧ ਦੇ ਹਰਜ਼ਾਨੇ ਵਜੋਂ ਲਾਹੌਰ ਸਰਕਾਰ ਤੋਂ ਡੇਢ ਕਰੋੜ ਰੁਪਏ ਦੀ ਧਨ ਰਾਸ਼ੀ ਦੀ ਮੰਗ ਕੀਤੀ।

**4.**ਮਹਾਰਾਜੇ ਨੇ ਲਾਹੌਰ ਸੈਨਾ ਦੇ ਵਿਦਰੋਹੀ ਦਸਤਿਆਂ ਨੂੰ ਤੋੜ ਦੇਣ ਅਤੇ ਉਨ੍ਹਾਂ ਤੋਂ ਹਥਿਆਰ ਖੋਹ ਲੈਣ ਦਾ ਵਚਨ ਦਿੱਤਾ।

**5.**ਮਹਾਰਾਜਾ ਬ੍ਰਿਟਿਸ਼ ਸਰਕਾਰ ਦੀ ਮਨਜ਼ੂਰੀ ਤੋਂ ਬਿਨਾਂ ਕਿਸੇ ਅੰਗਰੇਜ਼ ਯੂਰਪੀਅਨ ਜਾਂ ਅਮਰੀਕਨ ਨੂੰ ਆਪਣੀ ਸੇਵਾ ਵਿੱਚ ਨਹੀਂ ਲਏਗਾ।

**6.** ਦਲੀਪ ਸਿੰਘ ਨੂੰ ਲਾਹੌਰ ਦਾ ਮਹਾਰਾਜਾ, ਰਾਣੀ ਜਿੰਦਾਂ ਨੂੰ ਉਸਦੀ ਸਰਪ੍ਰਸਤ ਲਾਲ ਸਿੰਘ ਨੂੰ ਪ੍ਰਧਾਨ ਮੰਤਰੀ ਸਵੀਕਾਰ ਕਰ ਲਿਆ।

**7.** ਬ੍ਰਿਟਿਸ਼ ਸਰਕਾਰ ਦੀ ਮਨਜ਼ੂਰੀ ਬਿਨਾਂ ਲਾਹੌਰ ਰਾਜ ਦੀਆਂ ਹੱਦਾਂ ਨਹੀਂ ਬਦਲੀਆਂ ਜਾਣਗੀਆਂ ਅਤੇ ਬ੍ਰਿਟਿਸ਼ ਸਰਕਾਰ ਲਾਹੌਰ ਰਾਜ ਦੇ ਅੰਦਰੂਨੀ ਮਾਮਲਿਆਂ ਵਿੱਚ ਕੋਈ ਦਖ਼ਲਅੰਦਾਜ਼ੀ ਨਹੀਂ ਕਰੇਗੀ।

**24.ਪਹਿਲੇ ਐਂਗਲੋ ਸਿੱਖ ਯੁੱਧ ਦੀਆਂ ਘਟਨਾਵਾਂ ਲਿਖੋ।**

**ਉੱਤਰ- 1. ਮੁਦਕੀ ਦੀ ਲੜਾਈ ,18 ਦਸੰਬਰ 1845 ਈ.** ਸਰ ਹਿਊਗ ਗਫ਼ ਦੀ ਅਗਵਾਈ ਹੇਠ ਅੰਗਰੇਜ਼ ਸੈਨਾ ਮੁਦਕੀ ਨਾਂ ਦੇ ਸਥਾਨ 'ਤੇ ਜਾ ਪੁੱਜੀ। ਲਾਲ ਸਿੰਘ ਛੋਟੀ ਜਿਹੀ ਸੈਨਾ ਨੂੰ ਲੈ ਕੇ ਮੁਦਕੀ ਪਹੁੰਚਿਆ। 18 ਦਸੰਬਰ 1845 ਈ. ਨੂੰ ਲੜਾਈ ਸ਼ੁਰੂ ਹੋ ਗਈ ਪਰ ਲੜਾਈ ਸ਼ੁਰੂ ਹੁੰਦਿਆਂ ਹੀ ਲਾਲ ਸਿੰਘ ਉੱਥੋਂ ਭੱਜ ਨਿਕਲਿਆ। ਨੇਤਾ ਦੀ ਗ਼ੱਦਾਰੀ ਕਾਰਨ ਸਿੱਖਾਂ ਨੂੰ ਹਾਰ ਦਾ ਮੂੰਹ ਦੇਖਣਾ ਪਿਆ।

**2.ਫਿਰੋਜ਼ਸ਼ਾਹ ਜਾਂ ਫਿਰੋਜ਼ਸ਼ਹਿਰ ਦੀ ਲੜਾਈ,21 ਦਸੰਬਰ 1845 ਈ. -**ਬ੍ਰਿਟਿਸ਼ ਸੈਨਾ ਨੇ ਫਿਰੋਜ਼ਸ਼ਹਿਰ ਵਿਖੇ ਸਿੱਖ ਸੈਨਾ ਉੱਤੇ ਹਮਲਾ ਕਰ ਦਿੱਤਾ।ਇਸ ਯੁੱਧ ਵਿੱਚ ਲਾਲ ਸਿੰਘ ਅਤੇ ਤੇਜ ਸਿੰਘ ਸਿੱਖ ਸੈਨਾ ਦੀ ਅਗਵਾਈ ਕਰ ਰਹੇ ਸਨ।ਸਿੱਖ ਸੈਨਿਕਾਂ ਨੇ ਬੜੀ ਬਹਾਦਰੀ ਨਾਲ ਅੰਗਰੇਜ਼ਾਂ ਦਾ ਮੁਕਾਬਲਾ ਕੀਤਾ ।ਪਰ ਲਾਲ ਸਿੰਘ ਅਤੇ ਤੇਜ ਸਿੰਘ ਯੁੱਧ ਦੇ ਮੈਦਾਨ ਵਿੱਚੋਂ ਭੱਜ ਗਏ। ਫਲਸਰੂਪ ਅੰਗਰੇਜ਼ ਹਾਰਦੇ-ਹਾਰਦੇ ਜਿੱਤ ਗਏ।

**3.ਬੱਦੋਵਾਲ ਦੀ ਲੜਾਈ, 21 ਜਨਵਰੀ 1846 ਈ.** -ਸਰਦਾਰ ਰਣਜੋਧ ਸਿੰਘ ਨੇ ਸਰਦਾਰ ਅਜੀਤ ਸਿੰਘ ਨਾਲ ਮਿਲ ਕੇ ਆਪਣੀ ਸੈਨਾ ਸਹਿਤ ਸਤਲੁਜ ਦਰਿਆ ਨੂੰ ਪਾਰ ਕੀਤਾ। ਬੱਦੋਵਾਲ ਪਿੰਡ ਵਿਖੇ ਅੰਗਰੇਜ਼ਾਂ ਅਤੇ ਸਿੱਖਾਂ ਵਿਚਕਾਰ ਲੜਾਈ ਹੋਈ। ਇਸ ਲੜਾਈ ਵਿੱਚ ਸਰਦਾਰ ਰਣਜੋਧ ਸਿੰਘ ਦੀ ਜਿੱਤ ਹੋਈ।

**4.ਅਲੀਵਾਲ ਦੀ ਲੜਾਈ, 28 ਜਨਵਰੀ 1846 ਈ.-** ਫਿਰੋਜ਼ਪੁਰ ਤੋਂ ਸਹਾਇਕ ਸੈਨਾ ਆਉਣ 'ਤੇ ਸਰ ਹੈਨਰੀ ਸਮਿੱਥ ਨੇ ਅਚਾਨਕ ਹੀ ਅਲੀਵਾਲ ਵਿਖੇ ਸਰਦਾਰ ਰਣਜੋਧ ਸਿੰਘ ਦੀ ਅਗਵਾਈ ਵਿੱਚ ਡੇਰਾ ਲਾਈ ਬੈਠੇ ਸੈਨਾ ਉੱਤੇ ਹਮਲਾ ਕਰ ਦਿੱਤਾ। ਇਸ ਲਈ ਸਿੱਖ ਸੈਨਾ ਭੱਜ ਕੇ ਸਤਲੁਜ ਪਾਰ ਕਰ ਗਈ ਤੇ ਅੰਗਰੇਜ਼ਾਂ ਦੀ ਜਿੱਤ ਹੋਈ।

**5.ਸਭਰਾਉਂ ਦੀ ਲੜਾਈ,10 ਫਰਵਰੀ 1846 ਈ. -**ਸਿੱਖ ਸੈਨਾ ਨੇ ਤੇਜ ਸਿੰਘ ਅਤੇ ਲਾਲ ਸਿੰਘ ਅਧੀਨ ਸਭਰਾਉਂ ਵਿਖੇ ਡੇਰੇ ਲਾ ਰੱਖੇ ਸਨ।10 ਫਰਵਰੀ 1846 ਈ. ਨੂੰ ਜਦੋਂ ਸਿੱਖਾਂ ਅਤੇ ਅੰਗਰੇਜ਼ਾਂ ਵਿੱਚ ਯੁੱਧ ਸ਼ੁਰੂ ਹੋਇਆ ਤਾਂ ਤੇਜ ਸਿੰਘ ਅਤੇ ਲਾਲ ਸਿੰਘ ਯੁੱਧ ਸ਼ੁਰੂ ਹੁੰਦਿਆਂ ਹੀ ਲੜਾਈ ਦੇ ਮੈਦਾਨ ਵਿੱਚੋਂ ਨੱਸ ਗਏ। ਸ਼ਾਮ ਸਿੰਘ ਅਟਾਰੀਵਾਲਾ ਮਰਦੇ ਦਮ ਤਕ ਵੈਰੀ ਨਾਲ ਲੜਦਾ ਰਿਹਾ। ਉਸ ਦੀ ਮੌਤ ਹੋ ਜਾਣ 'ਤੇ ਸਿੱਖ ਸੈਨਾ ਦੀ ਹਾਰ ਹੋ ਗਈ।

25.**ਦੂਜੇ ਐਂਗਲੋ ਸਿੱਖ ਯੁੱਧ ਦੀਆਂ ਘਟਨਾਵਾਂ ਬਿਆਨ ਕਰੋ।**

**ਉੱਤਰ:1. ਰਾਮਨਗਰ ਦੀ ਲੜਾਈ,22 ਨਵੰਬਰ 1848 ਈ** - 22 ਨਵੰਬਰ ਨੂੰ ਸ਼ੇਰ ਸਿੰਘ ਅਟਾਰੀਵਾਲਾ ਦੀ ਸੈਨਾ ਅਤੇ ਲਾਰਡ ਹਿਊਗ- ਗਫ਼ ਦੀ ਅਗਵਾਈ ਵਾਲੀ ਸੈਨਾ ਵਿਚਕਾਰ ਰਾਮਨਗਰ ਦੇ ਸਥਾਨ 'ਤੇ ਲੜਾਈ ਹੋਈ। ਇਸ ਲੜਾਈ ਵਿੱਚ ਅੰਗਰੇਜ਼ਾਂ ਦੀ ਹਾਰ ਹੋਈ ਅਤੇ ਉਨ੍ਹਾਂ ਦੇ ਦੋ ਪ੍ਰਸਿੱਧ ਸੈਨਾਨਾਇਕ ਵੀ ਮਾਰੇ ਗਏ।

**2.ਚਿੱਲੀਆਂਵਾਲਾ ਦੀ ਲੜਾਈ,13 ਜਨਵਰੀ 1849ਈ. -** 13 ਜਨਵਰੀ ਨੂੰ ਹਿਊਗ ਗਫ਼ ਦੇ ਹੁਕਮ ਨਾਲ ਅੰਗਰੇਜ਼ਾਂ ਨੇ ਸਿੱਖ ਸੈਨਾ ਉੱਤੇ ਹਮਲਾ ਕਰ ਦਿੱਤਾ। ਸ਼ਾਮ ਵੇਲੇ ਚਿੱਲੀਆਂਵਾਲਾ ਦੇ ਸਥਾਨ 'ਤੇ ਤਿੰਨ ਘੰਟਿਆਂ ਦਾ ਘਮਸਾਨ ਦਾ ਯੁੱਧ ਹੋਇਆ।ਸਿੱਖਾਂ ਨੇ ਅੰਗਰੇਜ਼ਾਂ ਨੂੰ ਬਹੁਤ ਨੁਕਸਾਨ ਪਹੁੰਚਾਇਆ। ਸਿੱਟੇ ਵਜੋਂ ਪ੍ਰਧਾਨ ਸੈਨਾਪਤੀ ਹਿਊਗ ਗਫ਼ ਦੀ ਥਾਂ ਸਰ ਚਾਰਲਸ ਨੇਪੀਅਰ ਨੂੰ ਪ੍ਰਧਾਨ ਸੈਨਾਪਤੀ ਨਿਯੁਕਤ ਕਰ ਦਿੱਤਾ ਗਿਆ।

**3.ਅੰਗਰੇਜ਼ਾਂ ਦਾ ਮੁਲਤਾਨ ਉੱਤੇ ਹਮਲਾ 22 ਜਨਵਰੀ 1849ਈ. -**ਮੂਲ ਰਾਜ ਦੀ ਅਗਵਾਈ ਵਿੱਚ ਮੁਲਤਾਨ ਦੇ ਵਿਦਰੋਹੀਆਂ ਨੇ ਅੰਗਰੇਜ਼ ਸੈਨਾ ਦਾ ਮੁਕਾਬਲਾ ਕੀਤਾ। 30 ਦਸੰਬਰ ਨੂੰ ਅੰਗਰੇਜ਼ੀ ਸੈਨਾ ਦੁਆਰਾ ਕਿਲ੍ਹੇ ਵਿੱਚ ਇੱਕ ਸੁੱਟੇ ਹੋਏ ਗੋਲੇ ਰਾਹੀਂ ਮੂਲ ਰਾਜ ਦਾ ਸਾਰਾ ਬਾਰੂਦ ਫਟ ਕੇ ਨਸ਼ਟ ਹੋ ਗਿਆ ਅਤੇ ਉਸ ਦੇ 500 ਤੋਂ ਵੱਧ ਸੈਨਿਕ ਵੀ ਮਾਰੇ ਗਏ। ਇਸ ਲਈ ਮਜਬੂਰ ਹੋ ਕੇ ਮੂਲ ਰਾਜ ਨੇ 22 ਜਨਵਰੀ ਨੂੰ ਜਨਰਲ ਵਿਸ਼ ਦੇ ਅੱਗੇ ਹਥਿਆਰ ਸੁੱਟ ਦਿੱਤੇ।

**4. ਗੁਜਰਾਤ ਦੀ ਲੜਾਈ ,21 ਫਰਵਰੀ 1849ਈ. -** ਇਹ ਲੜਾਈ ਅੰਗਰੇਜ਼ਾਂ ਅਤੇ ਸਿੱਖਾਂ ਵਿਚਕਾਰ ਗੁਜਰਾਤ ਵਿੱਚ ਲੜੀ ਗਈ। 21 ਫਰਵਰੀ 1849 ਈ. ਨੂੰ ਸਵੇਰੇ ਸਾਢੇ ਸੱਤ ਵਜੇ ਚਨਾਬ ਦਰਿਆ ਦੇ ਕੰਢੇ ਗੁਜਰਾਤ ਵਿਖੇ ਦੋਹਾਂ ਧਿਰਾਂ ਵਿਚਕਾਰ ਲੜਾਈ ਸ਼ੁਰੂ ਹੋਈ। ਇੱਕ ਘੰਟੇ ਦੀ ਗੋਲਾਬਾਰੀ ਪਿੱਛੋਂ

ਸਿੱਖਾਂ ਦਾ ਗੋਲਾ ਬਾਰੂਦ ਖ਼ਤਮ ਹੋ ਗਿਆ। ਸਿੱਖਾਂ ਨੇ ਫੇਰ ਵੀ ਬੜੀ ਬਹਾਦਰੀ ਨਾਲ ਦੁਸ਼ਮਣਾਂ ਦਾ ਟਾਕਰਾ ਕੀਤਾ। ਵੈਰੀ ਦੀ ਭਾਰੀ ਸੰਖਿਆ ਕਾਰਨ ਸਿੱਖਾਂ ਨੂੰ ਹਾਰ ਦਾ ਮੂੰਹ ਦੇਖਣਾ ਪਿਆ।

**26.ਦੂਜੇ ਐਂਗਲੋ ਸਿੱਖ ਯੁੱਧ ਦੇ ਕਾਰਨ ਲਿਖੋ।**

**ਉੱਤਰ:1.**ਪਹਿਲੇ ਐਂਗਲੋ ਸਿੱਖ ਯੁੱਧ ਵਿੱਚ ਲਾਲ ਸਿੰਘ ਅਤੇ ਤੇਜ ਸਿੰਘ ਵਿਸਵਾਸ਼ਘਾਤੀ ਆਗੂਆਂ ਕਾਰਨ ਸਿੱਖ ਹਾਰ ਗਏ ਸਨ। ਯੁੱਧ ਪਿੱਛੋਂ ਅੰਗਰੇਜ਼ਾਂ ਨੇ ਲਾਹੌਰ ਰਾਜ ਤੋਂ ਪਹਾੜੀ ਇਲਾਕਿਆਂ ਨੂੰ ਵੱਖ ਕਰ ਦਿੱਤਾ। ਸਿੱਖ ਸੈਨਾ ਦੀ ਗਿਣਤੀ ਘਟਾ ਦਿੱਤੀ ਤੇ ਇੱਕ ਬ੍ਰਿਟਿਸ਼ ਸੈਨਾ ਲਾਹੌਰ ਵਿੱਚ ਰੱਖੀ ਗਈ।ਅੰਗਰੇਜ਼ਾਂ ਨੂੰ ਉੱਚ ਪਦਵੀਆਂ ਤੇ ਲਾਉਣਾ ਸ਼ੁਰੂ ਕਰ ਦਿੱਤਾ। ਦੇਸ਼ ਭਗਤ ਸਿੱਖ ਇਨ੍ਹਾਂ ਅਪਮਾਨਜਨਕ ਪਾਬੰਦੀਆਂ ਨੂੰ ਸਹਾਰ ਨਾ ਸਕੇ।

**2.** 21 ਅਪ੍ਰੈਲ 1846 ਈ: ਨੂੰ ਇੱਕ ਯੂਰਪੀਅਨ ਤੋਪਚੀ ਦਾ ਰਸਤਾ ਗਊਆਂ ਦੇ ਵੱਗ ਨੇ ਰੋਕ ਲਿਆ ਅਤੇ ਉਸ ਤੋਪਚੀ ਨੇ ਗਊਆਂ ਉੱਤੇ ਤਲਵਾਰ ਚਲਾ ਦਿੱਤੀ। ਇਹ ਖ਼ਬਰ ਸੁਣ ਕੇ ਹਿੰਦੂ ਅਤੇ ਸਿੱਖ ਭੜਕ ਉੱਠੇ।

**3 .**ਭੈਰੋਵਾਲ ਦੀ ਸੰਧੀ ਰਾਹੀਂ ਮਹਾਰਾਣੀ ਜਿੰਦਾਂ ਨੂੰ ਰਾਜ ਪ੍ਰਬੰਧ ਤੋਂ ਅੱਡ ਕਰ ਦਿੱਤਾ ਗਿਆ ਤੇ ਕੁਝ ਸਮੇਂ ਬਾਅਦ ਉਸ ਨੂੰ ਦੇਸ਼ ਨਿਕਾਲਾ ਦੇ ਕੇ ਬਨਾਰਸ ਭੇਜ ਦਿੱਤਾ ਗਿਆ। ਸਿੱਟੇ ਵਜੋਂ ਦੇਸ਼ ਭਗਤ ਸਰਦਾਰ ਅੰਗਰੇਜ਼ਾਂ ਦੇ ਖ਼ਿਲਾਫ਼ ਭੜਕ ਉੱਠੇ।

**4.**ਬ੍ਰਿਟਿਸ਼ ਰੈਜ਼ੀਡੈਂਟ ਨੇ ਮੂਲਰਾਜ ਨੂੰ ਮੁਲਤਾਨ ਦਾ ਨਾਜ਼ਿਮ ਨਿਯੁਕਤ ਕੀਤਾ।ਉਸ ਨੇ ਉਸ ਦੀ ਵਾਰਸ਼ਿਕ ਧਨ ਰਾਸ਼ੀ 20 ਲੱਖ ਤੋਂ ਵਧਾ ਕੇ 30 ਲੱਖ ਕਰ ਦਿੱਤੀ। ਜਦ ਮੂਲਰਾਜ ਨੇ ਬ੍ਰਿਟਿਸ਼ ਰੈਜ਼ੀਡੈਂਟ ਨੂੰ ਰਾਸ਼ੀ ਘੱਟ ਕਰਨ ਦੀ ਬੇਨਤੀ ਕੀਤੀ ਤਾਂ ਉਸ ਦੀ ਪ੍ਰਾਰਥਨਾ ਅਸਵੀਕਾਰ ਕਰ ਦਿੱਤੀ ਗਈ ਤਾਂ ਮੂਲ ਰਾਜ ਨੇ ਅਸਤੀਫਾ ਦੇ ਦਿੱਤਾ ਤੇ ਅੰਗਰੇਜ਼ਾਂ ਖ਼ਿਲਾਫ਼ ਬਗ਼ਾਵਤ ਕੀਤੀ ਤੇ ਇਸ ਬਗ਼ਾਵਤ ਨੇ ਅੰਗਰੇਜ਼ਾਂ ਨੂੰ ਸਿੱਖਾਂ ਨਾਲ ਲੜਾਈ ਕਰਨ ਦਾ ਮੌਕਾ ਦੇ ਦਿੱਤਾ।

**5.**ਚਤਰ ਸਿੰਘ ਅਟਾਰੀਵਾਲਾ ਨੂੰ ਹਜ਼ਾਰਾਂ ਦਾ ਗਵਰਨਰ ਨਿਯੁਕਤ ਕੀਤਾ ਗਿਆ। ਉਸ ਦੀ ਸਹਾਇਤਾ ਲਈ ਕੈਪਟਨ ਐਬਟ ਨੂੰ ਨਿਯੁਕਤ ਕੀਤਾ ਗਿਆ ਸੀ। ਐਬਟ ਦੇ ਅਭਿਮਾਨ ਭਰੇ ਵਤੀਰੇ ਕਾਰਨ ਚਤਰ ਸਿੰਘ ਅੰਗਰੇਜ਼ਾਂ ਪ੍ਰਤੀ ਸ਼ੱਕ ਪੈਦਾ ਹੋ ਗਿਆ। ਇਸ ਤੇ ਚਤਰ ਸਿੰਘ ਨੇ ਅੰਗਰੇਜ਼ਾਂ ਦੇ ਵਿਰੁੱਧ ਬਗ਼ਾਵਤ ਕਰ ਦਿੱਤੀ।

**6.**ਮੂਲ ਰਾਜ ਚਤਰ ਸਿੰਘ ਤੇ ਸ਼ੇਰ ਸਿੰਘ ਦੀਆਂ ਬਗਾਵਤਾਂ ਨੇ ਲਾਰਡ ਡਲਹੌਜ਼ੀ ਨੂੰ ਆਪਣੀ ਯੋਜਨਾ ਨੂੰ ਅਮਲੀ ਰੂਪ ਦੇਣ ਦਾ ਮੌਕਾ ਦਿੱਤਾ। ਡਲਹੌਜ਼ੀ ਦੇ ਹੁਕਮ ਉੱਤੇ ਅੰਗਰੇਜ਼ ਸੈਨਾ ਸਤਲੁਜ ਦਰਿਆ ਨੂੰ ਪਾਰ ਕਰ ਕੇ ਲਾਹੌਰ ਪਹੁੰਚ ਗਈ ਅਤੇ ਨਾਲ ਹੀ ਨਾਲ ਉਹ ਸੈਨਾ ਵਿਦਰੋਹੀਆਂ ਨਾਲ ਉਲਝ ਗਈ।

**27.ਦੂਜੇ ਐਂਗਲੋ ਸਿੱਖ ਯੁੱਧ ਦੇ ਸਿੱਟੇ ਲਿਖੋ।**

**ਉੱਤਰ:1.**ਦੂਜੇ ਐਂਗਲੋ ਸਿੱਖ ਯੁੱਧ ਵਿੱਚ ਸਿੱਖਾਂ ਦੀ ਹਾਰ ਉਪਰੰਤ ਪੰਜਾਬ ਦੇ ਰਾਜ ਨੂੰ ਸਮਾਪਤ ਕਰ ਦਿੱਤਾ ਗਿਆ**।**

**2** ਮਹਾਰਾਜਾ ਦਲੀਪ ਸਿੰਘ ਨੂੰ ਗੱਦੀ ਤੋਂ ਉਤਾਰ ਦਿੱਤਾ ਗਿਆ। ਮਹਾਰਾਜਾ ਦਲੀਪ ਸਿੰਘ ਨੂੰ ਕੈਦ ਕਰ ਲਿਆ ਗਿਆ ਅਤੇ ਉਮਰ ਕੈਦ ਦੀ ਸਜ਼ਾ ਦੇ ਕੇ ਸਿੰਗਾਪੁਰ ਭੇਜ ਦਿੱਤਾ ਗਿਆ।

**3.**ਮੂਲ ਰਾਜ ਨੂੰ ਕਾਲੇ ਪਾਣੀ ਦੀ ਸਜ਼ਾ ਦਿੱਤੀ ਗਈ।

**4.**ਦੂਜੇ ਐਂਗਲੋ ਸਿੱਖ ਯੁੱਧ ਵਿੱਚ ਸਿੱਖਾਂ ਦੀ ਹਾਰ ਪਿੱਛੋਂ ਖ਼ਾਲਸਾ ਸੈਨਾ ਨੂੰ ਤੋੜ ਦਿੱਤਾ ਗਿਆ ਅਤੇ ਸਿੱਖ ਸੈਨਿਕਾਂ ਨੂੰ ਬੇ-ਹਥਿਆਰ ਕਰ ਦਿੱਤਾ।

**5.**ਪੰਜਾਬ ਰਾਜ ਦੀ ਸਮਾਪਤੀ ਬਾਅਦ ਲਾਰਡ ਡਲਹੌਜ਼ੀ ਦੇ ਹੁਕਮ ਨਾਲ ਪ੍ਰਮੁੱਖ ਸਰਦਾਰਾਂ ਦੀ ਸ਼ਕਤੀ ਨੂੰ ਕਮਜ਼ੋਰ ਕਰਨ ਲਈ ਕਈ ਕਾਰਵਾਈਆਂ ਕੀਤੀਆਂ ਗਈਆਂ।

**6.**ਰਾਜ ਪ੍ਰਬੰਧ ਦੀਆਂ ਉੱਚੀਆਂ ਪਦਵੀਆਂ ਉੱਤੇ ਅੰਗਰੇਜ਼ਾਂ ਅਤੇ ਯੂਰਪੀਅਨਾਂ ਨੂੰ ਨਿਯੁਕਤ ਕੀਤਾ ਗਿਆ।

**7.**ਪੰਜਾਬ ਨੂੰ ਬ੍ਰਿਟਿਸ਼ ਸਮਰਾਜ ਵਿੱਚ ਸ਼ਾਮਲ ਕਰਨ ਤੋਂ ਬਾਅਦ ਅੰਗਰੇਜ਼ਾਂ ਨੇ ਉੱਤਰੀ ਪੱਛਮੀ ਸਰਹੱਦ ਨੂੰ ਸ਼ਕਤੀਸ਼ਾਲੀ ਬਣਾਉਣ ਲਈ ਸੜਕਾਂ ਅਤੇ ਛਾਉਣੀਆਂ ਦਾ ਨਿਰਮਾਣ ਕੀਤਾ।

**8.**ਦੂਜੇ ਐਂਗਲੋ ਸਿੱਖ ਯੁੱਧ ਵਿੱਚ ਜਿਨ੍ਹਾਂ ਦੇਸੀ ਰਿਆਸਤਾਂ ਨੇ ਅੰਗਰੇਜ਼ਾਂ ਦੀ ਸਹਾਇਤਾ ਕੀਤੀ ਸੀ। ਉਨ੍ਹਾਂ ਦੇਸੀ ਰਿਆਸਤਾਂ ਨੂੰ ਬ੍ਰਿਟਿਸ਼ ਸਾਮਰਾਜ ਸ਼ਾਮਲ ਨਾ ਕਰਨ ਦਾ ਵੀ ਫੈਸਲਾ ਕੀਤਾ।

**ਨਕਸ਼ਾ ਕਾਰਜ:**

1. 1947 ਈ. ਤੋਂ ਪਹਿਲਾਂ ਦੇ ਪੰਜਾਬ ਦੇ ਨਕਸ਼ੇ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਪ੍ਰਮੁੱਖ ਲੜਾਈਆਂ ਦੇ ਸਥਾਨ ਅੰਕਿਤ ਕਰੋ।

**2.** 1947 ਈ. ਤੋਂ ਪਹਿਲਾਂ ਦੇ ਪੰਜਾਬ ਦੇ ਨਕਸ਼ੇ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੀਆਂ ਪ੍ਰਮੁੱਖ ਲੜਾਈਆਂ ਦੇ ਸਥਾਨ ਅੰਕਿਤ ਕਰੋ।

**3.** 1947 ਈ. ਤੋਂ ਪਹਿਲਾਂ ਦੇ ਪੰਜਾਬ ਦੇ ਨਕਸ਼ੇ ਵਿੱਚ ਅੰਗਰੇਜ਼ਾਂ ਅਤੇ ਸਿੱਖਾਂ ਦੀ ਪਹਿਲੀ ਲੜਾਈ (1845-46 ਈ.) ਦੇ ਸਥਾਨ ਭਰੋ।

**4.** 1947 ਈ. ਤੋਂ ਪਹਿਲਾਂ ਦੇ ਪੰਜਾਬ ਦੇ ਨਕਸ਼ੇ ਵਿੱਚ ਅੰਗਰੇਜ਼ਾਂ ਅਤੇ ਸਿੱਖਾਂ ਦੀ ਦੂਸਰੀ ਲੜਾਈ (1848-49 ਈ.) ਦੇ ਸਥਾਨ ਭਰੋ।

## ਭਾਗ-ਸ (ਨਾਗਰਿਕ ਸ਼ਾਸਤਰ)

**1. ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸਨ ਵਿੱਚ ਕਿਹੜਾ ਤੱਤ 'ਸਿੱਖ ਰਾਜ' ਵਿੱਚੋਂ ਗਾਇਬ ਸੀ?**

(i) ਨਿਆਂਇਕ ਪ੍ਰਬੰਧ | **(ii) ਸੰਪਰਦਾਇਕ ਵੰਡ**

(iii) ਸੱਭਿਆਚਾਰਕ ਗਤੀਵਿਧੀਆਂ | (iv) ਯੂਰਪੀ ਨਸਲ ਦੇ ਅਫ਼ਸਰ

**2. ਦੀਨ-ਏ-ਇਲਾਹੀ ਕਿਹੜੇ ਬਾਦਸ਼ਾਹ ਦੀ ਉਦਾਰਵਾਦੀ ਨੀਤੀ ਦਾ ਪ੍ਰਮਾਣ ਹੈ?**

(i) ਔਰੰਗਜ਼ੇਬ (ii) ਅਸ਼ੋਕ (iii) ਸਿਰਾਜ਼-ਉਦ-ਦੌਲਾ **(iv)ਅਕਬਰ**

**3. ਹੇਠ ਲਿਖਿਆਂ ਵਿੱਚੋਂ ਕਿਹੜੇ ਸੰਨ੍ਹ ਵਿੱਚ ਲੋਕ ਸਭਾ ਚੋਣਾਂ ਨਹੀਂ ਹੋਈਆਂ?**

(i) 2004 (ii) 2009 **(iii) 2011** (iv) 2014

**4. ਇਸਾਈਆਂ ਵਿਰੁੱਧ ਸੰਪਰਦਾਇਕ ਹਿੰਸਾ ਕਿਹੜੇ ਸੂਬੇ ਵਿੱਚ ਵਾਪਰੀ ਸੀ?**

**(i) ਉੜੀਸ਼ਾ** (ii) ਕੇਰਲ (iii) ਰਾਜਸਥਾਨ (iv) ਮਨੀਪੁਰ

**5. ਭਾਰਤ ਦੇ ਕਿਹੜੇ ਪ੍ਰਦੇਸ਼ ਇਸੇ ਸਦੀ ਵਿੱਚ 7ਵਾਂ ਅਤੇ 8ਵਾਂ ਕੇਂਦਰ ਸ਼ਾਸਿਤ ਪ੍ਰਦੇਸ਼ ਬਣੇ ਹਨ?**

**(i) ਜੰਮੂ ਅਤੇ ਕਸ਼ਮੀਰ ਤੇ ਲੱਦਾਖ** | (ii)ਦਾਦਰਾ ਤੇ ਨਗਰ ਹਵੇਲੀ

(iii)ਗੋਆ ਦਮਨ ਤੇ ਦਿਓ | (iv)ਪੁੱਡੂਚੇਰੀ ਤੇ ਚੰਡੀਗੜ੍ਹ

**6. ਕਿਹੜਾ ਦੇਸ਼ ਸਾਰਕ (SAARC) ਦਾ ਮੈਂਬਰ ਹੈ?**

(i) ਮਿਆਂਮਾਰ (ii)ਤਿਬੱਤ (iii)ਮੈਡਗਾਸਕਰ **(iv)ਅਫ਼ਗਾਨਿਸਤਾਨ**

**7.ਬੈਲਜ਼ੀਅਮ ਦੀ ਰਾਜਧਾਨੀ ਬਰਸਲਜ਼ ਵਿੱਚ ਕਿਸ ਸੰਗਠਨ ਦਾ ਮੁੱਖ ਦਫ਼ਤਰ ਹੈ?**

(i) ਸੰਯੁਕਤ ਰਾਸ਼ਟਰ | (ii) ਰੈੱਡ ਕਰਾਸ

**(iii)ਯੂਰਪੀ ਸੰਘ** | (iv) ਕੌਮਾਂਤਰੀ ਨਿਆਂਇਕ ਅਦਾਲਤ

**8.ਭਾਰਤ ਦਾ ਕਿਹੜਾ ਗੁਆਂਢੀ ਦੇਸ਼ ਸੰਨ 1948 ਵਿੱਚ ਸੁਤੰਤਰ ਹੋਇਆ ਸੀ?**

(i) ਪਾਕਿਸਤਾਨ **(ii) ਸ੍ਰੀਲੰਕਾ** (iii) ਬੰਗਲਾਦੇਸ਼ (iv) ਨੇਪਾਲ

**9. 'ਸੂਚਨਾ ਦਾ ਅਧਿਕਾਰ'(RTI) ਕਾਨੂੰਨ ਕਦੋਂ ਪਾਸ ਹੋਇਆ ਸੀ?**

**(i)ਸੰਨ 2005** (ii)ਸੰਨ 2004 (iii)ਸੰਨ 2006 (iv)ਸੰਨ 2003

**10. ਹੇਠਾਂ ਦਿੱਤੇ ਦਬਾਅ ਸਮੂਹਾਂ ਵਿੱਚੋਂ ਕਿਸ ਦਾ ਸੰਬੰਧ ਮਜ਼ਦੂਰਾਂ ਨਾਲ ਨਹੀਂ ਹੈ?**

(i) INTUC (ii) AITUC **(iii) NSUI** (iv) HMS

**11. ਕਿਹੜਾ ਸੰਚਾਰ ਸਾਧਨ ਆਮ ਤੌਰ 'ਤੇ ਲੋਕ ਸਾਧਨ ਨਹੀਂ ਹੈ?**

(i) ਰੇਡੀਓ (ii) ਅਖ਼ਬਾਰ (iii) ਟੈਲੀਵਿਜ਼ਨ **(iv) ਟੈਲੀਫੋਨ**

**12. ਕਿਹੜਾ ਸਮੂਹ ਜਾਇਜ਼ ਦਬਾਅ ਸਮੂਹ ਨਹੀਂ ਹੈ?**

**(i) ਸੰਘੀ ਲੋਕ ਸੇਵਾ ਕਮਿਸ਼ਨ** (ii) ਮੁਲਾਜ਼ਮ ਸੰਘ (iii) ਮੈਡੀਕਲ ਕੌਂਸਲ (iv) ਬਾਰ ਕੌਂਸਲ

**13. ਹੇਠ ਦਿੱਤਿਆਂ ਵਿੱਚੋਂ ਕੌਣ ਕਦੇ ਮੁੱਖ ਮੰਤਰੀ ਨਹੀਂ ਰਹੇ?**

(i) ਓਮ ਪ੍ਰਕਾਸ਼ ਚੌਟਾਲਾ **(ii) ਰੁਬੀਨਾ ਮੁਫਤੀ** (iii) ਪ੍ਰਫੁੱਲ ਕੁਮਾਰ ਮਹੰਤਾ (iv) ਜਾਨਕੀ ਰਾਮਚੰਦਰਨ

**14 ਭਾਰਤ ਵਿੱਚ ਇਨ੍ਹਾਂ ਵਿੱਚੋਂ ਕਿਹੜੀ ਇਸਤਰੀ ਪ੍ਰਥਮ ਇਸਤਰੀ ਮੁੱਖ ਮੰਤਰੀ ਨਹੀਂ ਬਣੀ ਸੀ?**

(i) ਰਜਿੰਦਰ ਕੌਰ ਭੱਠਲ (ii) ਰਾਬੜੀ ਦੇਵੀ (iii) ਸੁਚੇਤਾ ਕ੍ਰਿਪਲਾਨੀ **(iv) ਜੇ. ਜੈਲਲਿਤਾ**

**15. ਭਾਰਤੀ ਲੋਕਤੰਤਰ ਦੇ ਸੰਬੰਧ ਵਿੱਚ ਕਿਹੜਾ ਕਥਨ ਸਹੀ ਨਹੀਂ ਹੈ?**

(i) ਭਾਰਤੀ ਲੋਕਤੰਤਰ ਨੇ ਹਰੇਕ ਨਾਗਰਿਕ ਦੇ ਮਾਣ ਵਿੱਚ ਵਾਧਾ ਕੀਤਾ ਹੈ।

(ii) ਭਾਰਤ ਨੇ ਲੋਕਤੰਤਰ ਅਪਣਾ ਕੇ ਕਥਿਤ ਜਾਤੀਵਾਦ ਨੂੰ ਖਤਮ ਕਰਨ ਦਾ ਉਪਰਾਲਾ ਕੀਤਾ ਹੈ।

(iii) ਲੋਕਤੰਤਰ ਕਾਰਨ ਭਾਰਤੀਆਂ ਵਿੱਚ ਭਾਈਚਾਰਕ ਸਾਂਝ ਵਧੀ ਹੈ।

**(iv) ਲੋਕਤੰਤਰ ਵਿੱਚ ਘਾਟਾਂ ਨੂੰ ਸੰਵਾਰਿਆ ਨਹੀਂ ਜਾ ਸਕਦਾ।**

**16.** ਲੋਕਤੰਤਰ ਹੌਲੀ ਚੱਲਣ ਵਾਲੀ ਪ੍ਰਣਾਲੀ ਕਿਉਂ ਹੈ?

(i) ਫੈਸਲੇ ਲੋਕ-ਇੱਛਾਵਾਂ ਅਨੁਸਾਰ ਲਏ ਜਾਂਦੇ ਹਨ।

(ii) ਫੈਸਲੇ ਇਕਦੱਮ ਲਏ ਜਾਂਦੇ ਹਨ ।

**(iii) ਫੈਸਲੇ ਲੰਬੇ ਵਿਚਾਰ-ਵਟਾਂਦਰੇ ਮਗਰੋਂ ਲਏ ਜਾਂਦੇ ਹਨ।**

(iv) ਫੈਸਲੇ ਇੱਕ ਹੀ ਆਗੂ ਵੱਲੋਂ ਲਏ ਜਾਂਦੇ ਹਨ।

17. **ਲੋਕਤੰਤਰ ਦੇ ਨਤੀਜਿਆਂ ਦਾ ਮੁਲਾਂਕਣ ਕਰਨ ਲਈ ਕਿਹੜਾ ਕਥਨ ਗਲਤ ਹੈ?**

(i) ਆਜ਼ਾਦ ਤੇ ਪਾਰਦਰਸ਼ੀ ਚੋਣਾਂ (ii) **ਵਿਅਕਤੀਗਤ ਮਾਣ-ਤਾਣ**

(iii) ਬਹੁਮਤ ਦਾ ਸ਼ਾਸਨ (iv)ਕਾਨੂੰਨ ਦੇ ਸਾਹਮਣੇ ਸਮਾਨਤਾ

18. **ਲੋਕਤੰਤਰ ਦੀ ਮਜ਼ਬੂਤੀ ਲਈ ਕਿਹੜਾ ਤੱਤ ਸਭ ਤੋਂ ਵੱਧ ਜ਼ਰੂਰੀ ਹੈ?**

(i) **ਉੱਚਾ ਨੈਤਿਕ ਪੱਧਰ** (ii)ਸਮਾਜਿਕ ਸਮਾਨਤਾ

(iii)ਸੁਤੰਤਰ ਨਿਆਂਪਾਲਿਕਾ (iv)ਆਰਥਿਕ ਸਮਾਨਤਾ

19. **ਸਾਰਕ ਦੀ ਸਥਾਪਨਾ ਹੇਠ ਲਿਖਿਆ ਵਿੱਚੋਂ ਕਦੋਂ ਹੋਈ ਸੀ?**

(**i**) 08 **ਦਸੰਬਰ** 1985 (**ii**) 24 ਅਕਤੂਬਰ, 1945

(**iii**) 15 ਅਗਸਤ, 1947 (**iv**)26 ਜਨਵਰੀ, **1**987

20. **ਵਿਸ਼ਵ ਵਪਾਰ ਸੰਗਠਨ (WTO)ਦਾ ਮੁੱਖ ਦਫ਼ਤਰ ਕਿੱਥੇ ਹੈ?**

(**i**) ਵਾਸ਼ਿੰਗਟਨ (ਸੰਯੁਕਤ ਰਾਜ) (ii) **ਜਨੇਵਾ (ਸਵਿਟਜ਼ਰਲੈਂਡ)**

(**iii**)ਕਾਠਮੰਡੂ (ਨੇਪਾਲ) (**iv**) ਢਾਕਾ (ਬੰਗਲਾਦੇਸ਼)

21.**ਕਿਹੜਾ ਸ਼ਹਿਰ ਉਸ ਦੇਸ਼ ਦੀ ਰਾਜਧਾਨੀ ਹੈ ਸਾਰਕ ਦਾ ਮੁੱਢਲਾ ਮੈਂਬਰ ਨਹੀਂ ਸੀ?**

(**i**)ਇਸਲਾਮਾਬਾਦ (**ii**)ਕੋਲੰਬੋ

(**iii**)**ਕਾਬੁਲ** (**iv**)ਥਿੰਫੂ

**22. ਦਸੰਬਰ, 1945 ਵਿੱਚ ਕਿਹੜੀ ਸੰਸਥਾ ਦੀ ਸਥਾਪਨਾ ਹੋਈ ਸੀ?**

(**i**) ਸੰਯੁਕਤ ਰਾਸ਼ਟਰ (**ii**)ਵਿਸ਼ਵ ਬੈਂਕ

(**iii**)ਆਲਮੀ ਵਿਸ਼ਵ ਸੰਗਠਨ (iv) **ਅੰਤਰਰਾਸ਼ਟਰੀ ਮੁਦਰਾ ਫੰਡ**

**ਇੱਕ ਅੰਕ ਵਾਲੇ ਮਹੱਤਵਪੂਰਨ ਪ੍ਰਸ਼ਨ:-**

1. **ਸਮਾਜਿਕ ਵਰਗੀਕਰਨ ਦੇ ਕੋਈ ਦੋ ਕਾਰਕ ਕਿਹੜੇ-ਕਿਹੜੇ ਹਨ?**

ਉੱਤਰ- ਜਾਤੀਵਾਦ ਅਤੇ ਸੰਪਰਦਾਇਕਤਾ

2. **ਬਰਤਾਨੀਆ ਦੀ ਕਿਹੜੇ ਗੁਆਂਢੀ ਦੇਸ਼ ਨਾਲ ਸਮਾਜਿਕ ਵੰਡ ਦੀ ਔਕੜ ਖੜ੍ਹੀ ਹੋਈ?**

ਉੱਤਰ- ਉੱਤਰੀ-ਆਇਰਲੈਂਡ

**3. ਯੂਗੋਸਲਾਵੀਆ ਦੀ ਸਮਾਜਿਕ ਵੰਡ ਦਾ ਆਧਾਰ ਕਿਹੜੇ ਦੋ ਕਾਰਕ ਹਨ?**

ਉੱਤਰ **-** ਨਸਲੀ-ਵਰਗਾਂ ਦੀ ਹੋਂਦ ਅਤੇ ਵੱਖ-ਵੱਖ ਨਸਲੀ ਸਮੁਦਾਇਆਂ ਦੇ ਨੇਤਾਵਾਂ ਵੱਲੋਂ ਆਪਣੀਆਂ ਮੰਗਾਂ ਰੱਖਣੀਆਂ।

4. **ਸ੍ਰੀਲੰਕਾ ਦੇ ਮੂਲ ਲੋਕਾਂ ਦੀ ਭਾਸ਼ਾ ਕਿਹੜੀ ਹੈ ਤੇ ਉਹ ਕਿਹੜੇ ਧਰਮ ਦੇ ਪੈਰੋਕਾਰ ਹਨ?**

ਉੱਤਰ -ਸ੍ਰੀਲੰਕਾ ਦੇ ਮੂਲ ਲੋਕਾਂ ਦੀ ਭਾਸ਼ਾ ਸਿੰਨਹਾਲਾ ਹੈ ਅਤੇ ਉਹ ਬੁੱਧ ਧਰਮ ਦੇ ਪੈਰੋਕਾਰ ਹਨ।

5. **ਬੈਲਜ਼ੀਅਮ ਵਾਸੀ ਕਿਹੜੀਆਂ ਦੋ ਪ੍ਰਮੁੱਖ ਭਾਸ਼ਾਵਾਂ ਬੋਲਦੇ ਹਨ?**

ਉੱਤਰ- ਡੱਚ ਅਤੇ ਫਰਾਂਸੀਸੀ

6. **ਸੰਵਿਧਾਨ ਦੀ 73ਵੀਂ ਤੇ 74ਵੀਂ ਸੋਧ ਅਨੁਸਾਰ ਕੀ ਪ੍ਰਬੰਧ ਕੀਤਾ ਗਿਆ ਹੈ?**

ਉੱਤਰ- ਸੰਨ 1992 ਵਿੱਚ 73ਵੀਂ ਅਤੇ 74ਵੀਂ ਸੰਵਿਧਾਨਿਕ ਸੋਧ ਕੀਤੀ ਗਈ। ਜਿਸ ਅਨੁਸਾਰ 73ਵੀਂ ਸੰਵਿਧਾਨਿਕ ਸੋਧ ਵਿੱਚ ਪਿੰਡ ਪੱਧਰ 'ਤੇ ਸਰਕਾਰ ਬਣਾਉਣ ਦਾ ਫੈਸਲਾ ਲਿਆ ਗਿਆ ਅਤੇ 74ਵੀਂ ਸੋਧ ਸ਼ਹਿਰੀ ਲੋਕਤੰਤਰ ਨਾਲ ਸੰਬੰਧਿਤ ਹੈ।

**7. ਸੰਘ ਦੇ ਨਿਰਮਾਣ ਦੇ ਕਿਹੜੇ ਦੋ ਢੰਗ ਹੋ ਸਕਦੇ ਹਨ?**

ਉੱਤਰ : ਸੰਘ ਦੇ ਨਿਰਮਾਣ ਦੇ ਤਰੀਕੇ :-

1.ਕੇਂਦਰ ਮੁੱਖੀ 2. ਵਿਕੇਂਦਰ ਮੁੱਖੀ

8.**ਕੇਂਦਰ ਤੇ ਰਾਜਾਂ ਦੇ ਸੰਬੰਧਾਂ ਬਾਰੇ ਕਿਹੜਾ ਕਮਿਸ਼ਨ ਬਣਾਇਆ ਗਿਆ ਹੈ ਅਤੇ ਇਸ ਦੇ ਮੁਖੀ ਕੌਣ ਸਨ?**

ਉੱਤਰ -ਕੇਂਦਰ ਅਤੇ ਰਾਜਾਂ ਦੇ ਸੰਬੰਧਾਂ ਸੰਬੰਧੀ ਸਰਕਾਰੀਆ ਕਮਿਸ਼ਨ ਬਣਾਇਆ ਗਿਆ ਸੀ। ਜਿਸ ਦੇ ਪ੍ਰਧਾਨ ਜਸਟਿਸ ਆਰ.ਐਸ. ਸਰਕਾਰੀਆ ਸਨ।

9.**ਭਾਰਤ ਦੇ ਦੋ ਨਵੀਨਤਮ ਕੇਂਦਰ ਸ਼ਾਸਿਤ ਪ੍ਰਦੇਸ਼ ਕਿਹੜੇ ਹਨ?**

ਉੱਤਰ- ਜੰਮੂ ਅਤੇ ਕਸ਼ਮੀਰ ਤੇ ਲੱਦਾਖ਼

**10.ਕਿਹੜੀ ਮੌਜੂਦਾ ਸਿਆਸੀ ਪਾਰਟੀ ਦੀ ਸਥਾਪਨਾ ਉਨੀਵੀਂ ਸਦੀ ਵਿੱਚ ਹੋਈ। ਸਥਾਪਨਾ ਸਾਲ ਵੀ ਦੱਸੋ।**

ਉੱਤਰ-ਮੌਜੂਦਾ ਸਿਆਸੀ ਪਾਰਟੀ ਭਾਰਤੀ ਰਾਸ਼ਟਰੀ ਕਾਂਗਰਸ ਦੀ ਸਥਾਪਨਾ ਉਨੀਵੀਂ ਸਦੀ ਵਿੱਚ ਹੋਈ। ਇਸ ਦਾ ਸਥਾਪਨਾ ਸਾਲ 1885 ਸੀ।

**11. ਸੰਵਿਧਾਨ ਦੀਆਂ ਕਿਹੜੀਆਂ ਦੋ ਸੋਧਾਂ ਨਾਲ ਦਲ-ਬਦਲੀ ਦੀ ਕੁਰੀਤੀ ਉੱਤੇ ਰੋਕ ਲਗਾਈ ਗਈ?**

ਉੱਤਰ-ਸੰਵਿਧਾਨ ਦੀ 52ਵੀਂ ਅਤੇ 91ਵੀਂ ਸੋਧ ਰਾਹੀਂ ਦਲ-ਬਦਲੀ ਦੀ ਕੁਰੀਤੀ 'ਤੇ ਰੋਕ ਲਗਾਈ ਗਈ।

**12. ਅਕਾਲੀ ਦਲ ਨੇ ਕਿਹੜੇ ਸੰਨ ਵਿੱਚ, ਕਿਹੜੀ ਕਾਨਫਰੰਸ ਦੌਰਾਨ ਆਪਣੀ ਸਿਆਸੀ ਨੁਮਾਇੰਦਗੀ ਦੀ ਤਾਸੀਰ ਵਿੱਚ ਤਬਦੀਲੀ ਕੀਤੀ?**

ਉੱਤਰ-ਅਕਾਲੀ ਦਲ ਨੇ ਸੰਨ 1996 ਵਿੱਚ, ਮੋਗਾ ਕਾਨਫਰੰਸ ਦੌਰਾਨ ਆਪਣੀ ਸਿਆਸੀ ਨੁਮਾਇੰਦਗੀ ਦੀ ਤਾਸੀਰ ਵਿੱਚ ਤਬਦੀਲੀ ਕਰਕੇ ਗੈਰ-ਸਿੱਖਾਂ ਦੀ ਨੁਮਾਇੰਦਗੀ ਨੂੰ ਸ਼ਾਮਿਲ ਕੀਤਾ।

**13. ਅਸਮ ਗਣ ਪ੍ਰੀਸ਼ਦ ਦੀ ਸਥਾਪਨਾ ਕਿਹੜੇ ਆਗੂ ਨੇ ਕਦੋਂ ਕੀਤੀ ਸੀ?**

ਉੱਤਰ- ਅਸਮ ਗਣ ਪ੍ਰੀਸ਼ਦ ਦੀ ਸਥਾਪਨਾ ਵਿਦਿਆਰਥੀ ਆਗੂ ਪ੍ਰਫੁੱਲ ਕੁਮਾਰ ਮਹੰਤਾ ਦੀ ਅਗਵਾਈ ਵਿੱਚ 1985 ਵਿੱਚ ਕੀਤੀ ਸੀ।

**14. ਕਿਸੇ ਵਿਦਿਆਰਥੀ ਦਬਾਅ ਸਮੂਹ ਦਾ ਨਾਮ ਲਿਖੋ।**

ਉੱਤਰ-ਭਾਰਤੀ ਕੌਮੀ ਵਿਦਿਆਰਥੀ ਸੰਘ

**15. ਭਾਰਤੀ ਨਾਗਰਿਕਾਂ ਨੂੰ ਲਿੰਗ ਦੇ ਅਧਾਰ 'ਤੇ ਬਰਾਬਰੀ ਦਾ ਹੱਕ ਕਿਹੜੇ ਦਸ਼ਤਾਵੇਜ ਅਨੁਸਾਰ ਤੇ ਕਦੋਂ ਮਿਲਿਆ?**

ਉੱਤਰ- ਭਾਰਤੀ ਨਾਗਰਿਕਾਂ ਨੂੰ ਲਿੰਗ ਦੇ ਅਧਾਰ 'ਤੇ ਬਰਾਬਰੀ ਦਾ ਹੱਕ ਭਾਰਤ ਦੇ ਸੰਵਿਧਾਨ ਅਨੁਸਾਰ **26** ਜਨਵਰੀ **1950** ਨੂੰ ਮਿਲਿਆ। ਇਹ ਸੰਵਿਧਾਨ ਦੇ ਅਨੁਛੇਦ **14** ਤੋਂ **16** ਤੱਕ ਇਹ ਹੱਕ ਦਰਜ ਕੀਤੇ ਗਏ ਹਨ।

**16. ਕਿਹੜੀ ਸਿਆਸੀ ਪ੍ਰਣਾਲੀ ਨਾਗਰਿਕਾਂ ਦੀ ਸਮਾਨਤਾ 'ਤੇ ਅਧਾਰਿਤ ਹੈ?**

ਉੱਤਰ- ਲੋਕਤੰਤਰਕ ਪ੍ਰਣਾਲੀ ਨਾਗਰਿਕਾਂ ਦੀ ਸਮਾਨਤਾ 'ਤੇ ਅਧਾਰਿਤ ਹੁੰਦੀ ਹੈ।

**17. ਵਰਤਮਾਨ ਵਿੱਚ ਕਿੰਨ੍ਹੇ ਕੁ ਦੇਸ਼ਾਂ ਦੇ ਲੋਕਤੰਤਰੀ ਪ੍ਰਣਾਲੀ ਅਪਣਾਈ ਹੈ?**

ਉੱਤਰ- ਵਰਤਮਾਨ ਵਿੱਚ ਲਗਭਗ **100** ਦੇਸ਼ਾਂ ਨੇ ਲੋਕਤੰਤਰਿਕ ਪ੍ਰਣਾਲੀ ਅਪਣਾਈ ਹੋਈ ਹੈ।

**18. 2000 ਤੱਕ ਸੰਸਾਰ ਵਿੱਚ ਅੰਦਾਜ਼ਨ ਕਿੰਨ੍ਹੇ ਕੁ ਹਿੱਸੇ ਵਿੱਚ ਲੋਕਤੰਤਰੀ ਸ਼ਾਸਨ ਪ੍ਰਣਾਲੀ ਨਹੀਂ ਸੀ?**

ਉੱਤਰ- ਸੰਨ **2000** ਤੱਕ ਸੰਸਾਰ ਦੇ ਲਗਭਗ ਚੌਥਾ ਹਿੱਸਾ ਦੇਸ਼ਾਂ ਵਿੱਚ ਲੋਕਤੰਤਰੀ ਸ਼ਾਸਨ ਪ੍ਰਣਾਲੀ ਨਹੀਂ ਸੀ।

19. **ਪਹਿਲੀ ਸੰਸਾਰ ਜੰਗ ਤੋਂ ਬਾਅਦ ਕਿਹੜਾ ਕੌਮਾਂਤਰੀ ਸੰਗਠਨ ਸਥਾਪਿਤ ਕੀਤਾ ਗਿਆ ਸੀ?**

ਉੱਤਰ- ਰਾਸ਼ਟਰ ਸੰਘ (**League of Nation)**

20. **ਸੰਯੁਕਤ ਰਾਸ਼ਟਰ ਸੰਘ ਦੀ ਸਥਾਪਨਾ ਤੋਂ ਪਹਿਲਾਂ ਕਿਹੜੀ ਪ੍ਰਮੁੱਖ ਜੰਗ ਹੋਈ ਸੀ**?

ਉੱਤਰ- ਦੂਸਰਾ ਵਿਸ਼ਵ ਯੁੱਧ

21. **ਸੰਯੁਕਤ ਰਾਸ਼ਟਰ ਦੇ ਮੂਲ ਮੈਂਬਰ ਕਿੰਨ੍ਹੇ ਸਨ ਤੇ ਹੁਣ ਕਿੰਨ੍ਹੇ ਮੈਂਬਰ ਹਨ?**

ਉੱਤਰ- ਸੰਯੁਕਤ ਰਾਸ਼ਟਰ ਦੇ ਮੂਲ ਮੈਂਬਰ **51** ਸਨ ਤੇ ਹੁਣ ਇਸ ਦੇ 193 ਮੈਂਬਰ ਹਨ ਅਤੇ ਦੋ ਨਿਰੀਖਕ ਮੈਂਬਰ ਵੀ ਹਨ।

22. **ਅੰਤਰਰਾਸ਼ਟਰੀ ਨਿਆਂਇਕ ਅਦਾਲਤ ਕਿੱਥੇ ਸਥਿੱਤ ਹੈ?**

ਉੱਤਰ- ਨੀਦਰਲੈਂਡਜ਼ ਵਿੱਚ**,** ਹੇਗ ( **Hague)** ਵਿਖੇ ਸਥਿੱਤ ਹੈ।

23. **ਸਲਾਮਤੀ ਕੌਂਸਲ ਵਿੱਚ ਵਿਸ਼ੇਸ਼ ਵੋਟ ਦੇ ਅਧਿਕਾਰ ਨੂੰ ਹੋਰ ਕਿਹੜੇ ਨਾਮ ਨਾਲ ਜਾਣਿਆ ਜਾਂਦਾ ਹੈ?**

ਉੱਤਰ- ਵੀਟੋ ਅਧਿਕਾਰ (Veto Power)

24. **ਸਾਰਕ** (SAARC) **ਦਾ ਪੂਰਾ ਨਾਮ ਦੱਸੋ?**

ਉੱਤਰ- ਦੱਖਣੀ ਏਸ਼ੀਆਈ ਖੇਤਰੀ ਸਹਿਯੋਗ ਸੰਘ (**South Asian Association for Regional Cooperation**

**ਮਹੱਤਵਪੂਰਨ ਪ੍ਰਸ਼ਨ:-**

(1) **ਸਰਕਾਰ ਦਾ ਲੋਕ ਮੰਗਾਂ ਪ੍ਰਤੀ ਰਵੱਈਆ, ਸਮਾਜਿਕ ਵੰਡ 'ਤੇ ਕਿਵੇਂ ਅਸਰ ਪਾਉਂਦਾ ਹੈ?**

**ਉੱਤਰ-** ਸਰਕਾਰ ਦਾ ਲੋਕ ਮੰਗਾਂ ਪ੍ਰਤੀ ਰਵੱਈਆ, ਸਮਾਜਿਕ ਵੰਡ 'ਤੇ ਬਹੁਤ ਵੱਡਾ ਅਸਰ ਪਾਉਂਦਾ ਹੈ। ਅਸੀਂ ਬੈਲਜ਼ੀਅਮ ਅਤੇ ਸ੍ਰੀਲੰਕਾ ਦੀਆਂ ਉਦਾਹਰਣਾਂ ਲੈ ਸਕਦੇ ਹਾਂ। ਬੈਲਜ਼ੀਅਮ ਨੇ ਡੱਚ, ਫਰਾਂਸੀਸੀਆਂ ਅਤੇ ਜਰਮਨ ਵਿਚਾਲੇ ਸ਼ਕਤੀਆਂ ਦੀ ਵੰਡ ਕਰਕੇ ਉਹਨਾਂ ਨੂੰ ਆਪਣੇ-ਆਪਣੇ ਖੇਤਰ ਵਿੱਚ ਵਿਸ਼ੇਸ਼ ਅਧਿਕਾਰ ਦੇ ਕੇ ਏਕਤਾ ਸਥਾਪਿਤ ਕੀਤੀ ਪ੍ਰੰਤੂ ਸ੍ਰੀਲੰਕਾ ਨੇ ਘੱਟ ਗਿਣਤੀ ਤਾਮਿਲਾਂ ਨਾਲ ਵਿਤਕਰਾਪੂਰਨ ਨੀਤੀ ਅਪਣਾਈ। ਜੇਕਰ ਸਰਕਾਰ ਸੱਤਾ ਵਿੱਚ ਸਾਂਝੇਦਾਰੀ ਕਰਨ ਲਈ ਤਿਆਰ ਹੋ ਜਾਵੇ ਅਤੇ ਘੱਟ ਗਿਣਤੀ ਸਮੁਦਾਇ ਦੀਆਂ ਉਚਿੱਤ ਮੰਗਾਂ ਨੂੰ ਵੀ ਇਮਾਨਦਾਰੀ ਨਾਲ ਪੂਰਾ ਕਰਨ ਦਾ ਯਤਨ ਕਰੇ ਤਾਂ ਸਮਾਜਿਕ ਵੰਡ ਦੇਸ਼ ਲਈ ਖਤਰਾ ਨਹੀਂ ਬਣਦੀ। ਜੇਕਰ ਸਰਕਾਰ ਰਾਸ਼ਟਰੀ ਏਕਤਾ ਦੇ ਨਾਂ 'ਤੇ ਕਿਸੇ ਸਮੁਦਾਇ ਦੀਆਂ ਉਚਿੱਤ ਮੰਗਾਂ ਨੂੰ ਦਬਾਉਣਾ ਸ਼ੁਰੂ ਕਰ ਦੇਵੇ ਤਾਂ ਉਲਟਾ ਨੁਕਸਾਨਦਾਇਕ ਅਸਰ ਹੁੰਦਾ ਹੈ। ਸ਼ਕਤੀ ਦੁਆਰਾ ਏਕਤਾ ਸਥਾਪਿਤ ਕਰਨ ਦੀ ਕੋਸ਼ਿਸ਼ ਅਕਸਰ ਵੱਖਵਾਦ ਦੀ ਭਾਵਨਾ ਪੈਦਾ ਕਰ ਦਿੰਦੀ ਹੈ।

(2) **ਜਾਤੀ ਦਬਾਉ ਸਮੂਹ ਕੀ ਹੁੰਦੇ ਹਨ?**

**ਉੱਤਰ:-** ਭਾਰਤੀ ਰਾਜਨੀਤੀ ਵਿੱਚ ਜਾਤੀ ਦੇ ਤੱਤ ਨੇ ਜਾਤੀ 'ਤੇ ਅਧਾਰਿਤ ਦਬਾਉ ਸਮੂਹਾਂ ਨੂੰ ਵਿਕਸਿਤ ਕਰਨ ਵਿੱਚ ਉਤਸ਼ਾਹਿਤ ਕੀਤਾ ਹੈ। ਜਾਤੀ 'ਤੇ ਅਧਾਰਿਤ ਦਬਾਉ ਸਮੂਹ ਅਜਿਹੇ ਸਮੂਹ ਹੁੰਦੇ ਹਨ, ਜਿਨ੍ਹਾਂ ਦੇ ਹਿੱਤ ਸਾਂਝੇ ਹੁੰਦੇ ਹਨ। ਇਹ ਸਮੂਹ ਆਪਣੇ ਹਿੱਤਾਂ ਨੂੰ ਪੂਰੇ ਕਰਵਾਉਣ ਲਈ ਸਰਕਾਰ ਉੱਤੇ ਦਬਾਉ ਬਣਾਉਂਦੇ ਹਨ ਜਿਵੇਂ ਕਿ ਪ੍ਰਾਂਤਕ/ਸੂਬਾਈ ਅਤੇ ਕੇਂਦਰੀ ਪੱਧਰ 'ਤੇ ਅਨੁਸੂਚਿਤ ਜਾਤੀਆਂ ਦੇ ਸੰਘ ਬਣੇ ਹੋਏ ਹਨ। ਇਹਨਾਂ ਦੇ ਮੁਕਾਬਲੇ ਵਿੱਚ ਗੈਰ-ਅਨੁਸੂਚਿਤ ਸੰਘ ਵੀ ਹੋਂਦ ਵਿੱਚ ਆ ਗਏ ਹਨ। ਇਸ ਤਰ੍ਹਾਂ ਦੇ ਸੰਘ ਭਾਰਤ ਦੀ ਰਾਜਨੀਤੀ ਉੱਤੇ ਗਹਿਰਾ ਅਸਰ ਪਾ ਰਹੇ ਹਨ।

(3) **ਇਸਤਰੀਵਾਦ ਜਾਂ ਔਰਤਵਾਦ ਕੀ ਹੁੰਦਾ ਹੈ?**

**ਉੱਤਰ -**ਔਰਤਾਂ ਨੂੰ ਮਰਦਾਂ ਦੇ ਬਰਾਬਰ ਅਧਿਕਾਰ ਅਤੇ ਵਿਕਾਸ ਕਰਨ ਦੇ ਮੌਕੇ ਪ੍ਰਦਾਨ ਕਰਨ ਦੀ ਧਾਰਨਾ ਵਿੱਚ ਵਿਸ਼ਵਾਸ ਰੱਖਣ ਵਾਲੀ ਸੋਚ ਅਤੇ ਸਾਰੇ ਵਿਅਕਤੀਆਂ ਨੂੰ ਬਰਾਬਰ ਮੌਕੇ ਪ੍ਰਦਾਨ ਕਰਨ ਦੀ ਧਾਰਨਾ ਨੇ ਇਸਤਰੀਵਾਦ ਜਾਂ ਔਰਤਵਾਦ ਨੂੰ ਜਨਮ ਦਿੱਤਾ ਹੈ। ਲਿੰਗਕ ਵਖਰੇਵੇਂ ਦਾ ਰਾਜਨੀਤਿਕ ਪ੍ਰਗਟਾਵਾ ਅਤੇ ਇਸ ਮੁੱਦੇ 'ਤੇ ਰਾਜਨੀਤਿਕ ਲਾਮਬੰਦੀ ਨੇ ਸਰਵਜਨਕ ਜੀਵਨ ਵਿੱਚ ਔਰਤਾਂ ਦੀ ਭੂਮਿਕਾ ਨੂੰ ਵਧਾਉਣ ਵਿੱਚ ਮਦਦ ਕੀਤੀ ਹੈ। ਅੱਜ ਅਸੀਂ ਦੇਖਦੇ ਹਾਂ ਕਿ ਔਰਤਾਂ ਡਾਕਟਰ, ਵਕੀਲ, ਇੰਜੀਨੀਅਰ, ਪ੍ਰਬੰਧਕ, ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਵਿੱਚ ਅਧਿਆਪਕਾਂ ਦੇ ਅਹੁਦਿਆਂ ਆਦਿ 'ਤੇ ਕੰਮ ਕਰ ਰਹੀਆਂ ਹਨ ਜਦੋਂ ਕਿ ਕੁੱਝ ਕੁ ਦਹਾਕੇ ਪਹਿਲਾਂ ਇਹਨਾਂ ਕੰਮਾਂ ਲਈ ਔਰਤਾਂ ਨੂੰ ਯੋਗ ਹੀ ਨਹੀਂ ਸਮਝਿਆ ਜਾਂਦਾ ਸੀ। ਦੁਨੀਆਂ ਦੇ ਕੁੱਝ ਦੇਸ਼ਾਂ ਜਿਵੇਂ ਨਾਰਵੇ, ਸਵੀਡਨ, ਫਿਨਲੈਂਡ ਵਿੱਚ ਔਰਤਾਂ ਦੇ ਸਰਵਜਨਕ ਜੀਵਨ ਵਿੱਚ ਭਾਗੀਦਾਰੀ ਕਾਫੀ ਜ਼ਿਆਦਾ ਹੈ। ਇੱਥੇ ਹੀ ਬੱਸ ਨਹੀਂ ਸਗੋਂ ਤੀਸਰੇ ਲਿੰਗ ਨਾਲ ਸੰਬੰਧਿਤਾਂ ਨੇ ਵੀ ਆਪਣੇ-ਆਪ ਨੂੰ ਹਰ ਖੇਤਰ ਵਿੱਚ ਰਾਜਨੀਤਿਕ, ਸਮਾਜਿਕ ਅਤੇ ਕਿੱਤਾਮੁਖੀ ਆਦਿ ਕਾਰਜਾਂ ਵਿੱਚ ਸਮਰੱਥ ਹੋ ਕੇ ਵਿਖਾਇਆ ਹੈ।ਜਿਸ ਬਾਰੇ ਪਹਿਲਾਂ ਨਕਰਾਤਮਕ ਤਰੀਕੇ ਨਾਲ ਸੋਚਿਆ ਜਾਂਦਾ ਸੀ।

(4) **ਕੀ ਰਾਜਨੀਤਿਕ ਦਲਾਂ ਦਾ ਨਿਰਮਾਣ ਵੀ ਧਰਮ ਦੇ ਆਧਾਰ 'ਤੇ ਹੁੰਦਾ ਹੈ?**

**ਉੱਤਰ-** ਭਾਰਤ ਵਿੱਚ ਧਰਮ ਦੇ ਅਧਾਰ 'ਤੇ ਰਾਜਨੀਤਿਕ ਦਲਾਂ ਦੀ ਨਿਰਮਾਣ ਦੀ ਕਾਨੂੰਨੀ ਤੌਰ 'ਤੇ ਮਨਾਹੀ ਕੀਤੀ ਗਈ ਹੈ। ਪਰ ਇਸ ਦੇ ਬਾਵਜੂਦ ਭਾਰਤ ਵਿੱਚ ਕਈ ਸਿਆਸੀ ਪਾਰਟੀਆਂ ਦਾ ਨਿਰਮਾਣ ਧਰਮ ਦੇ ਆਧਾਰ 'ਤੇ ਹੀ ਹੋਇਆ ਹੈ। ਇਹ ਦਲ ਭਾਰਤ ਦੀ ਰਾਜਨੀਤੀ ਵਿੱਚ ਸਰਗਰਮ ਭੂਮਿਕਾ ਵੀ ਨਿਭਾ ਰਹੇ ਹਨ। ਕਿਸੇ ਵਿਸ਼ੇਸ਼ ਧਰਮ 'ਤੇ ਅਧਾਰਿਤ ਇਹ ਪਾਰਟੀਆਂ ਆਪਣੇ ਹੀ ਧਰਮ ਦੇ ਲੋਕਾਂ ਦੇ ਕਲਿਆਣ ਨੂੰ ਹੀ ਮਹੱਤਵ ਦਿੰਦੀਆਂ ਹਨ। ਅਜਿਹੇ ਦਲ ਰਾਸ਼ਟਰੀ ਮੁੱਖ ਧਾਰਾ ਤੋਂ ਦੂਰ ਚਲੇ ਜਾਂਦੇ ਹਨ। ਰਾਸ਼ਟਰ ਦੇ ਨਿਰਮਾਣ ਵਿੱਚ ਇਹ ਦਲ ਆਪਣਾ ਯੋਗਦਾਨ ਪਾਉਣ ਤੋਂ ਅਸਮਰੱਥ ਰਹਿੰਦੇ ਹਨ। ਅਜਿਹੇ ਦਲ ਵੋਟਰਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਉਕਸਾ ਕੇ ਵੋਟਰਾਂ ਨੂੰ ਆਪਣੇ ਪੱਖ ਵਿੱਚ ਕਰਨ ਦੀ ਕੋਸ਼ਿਸ਼ ਕਰਦੇ ਹਨ। ਚੋਣਾਂ ਜਿੱਤਣ ਲਈ ਅਜਿਹੇ ਦਲ ਧਰਮ ਗੁਰੂਆਂ ਦਾ ਸਮਰਥਨ ਹਾਸਲ ਕਰਨ ਦਾ ਯਤਨ ਕਰਦੇ ਹਨ। ਕਈ ਧਰਮ ਗੁਰੂ ਅਜਿਹੇ ਦਲਾਂ ਦਾ ਸਮਰਥਨ ਕਰ ਵੀ ਦਿੰਦੇ ਹਨ। ਪਰ ਅਜਿਹੀ ਰਾਜਨੀਤੀ ਸਮਾਜ ਵਿੱਚ ਟਕਰਾ ਅਤੇ ਨਫ਼ਰਤ ਦੀ ਭਾਵਨਾ ਪੈਦਾ ਕਰ ਦਿੰਦੀ ਹੈ। ਇਸ ਦੇ ਬਹੁਤ ਵਾਰੀ ਬੜੇ ਭਿਆਨਕ ਸਿੱਟੇ ਨਿਕਲਦੇ ਹਨ।

**(5).ਲੋਕਤੰਤਰੀ ਸਰਕਾਰ ਦੇ ਤਿੰਨ ਅੰਗ ਕਿਹੜੇ-ਕਿਹੜੇ ਹੁੰਦੇ ਹਨ ਤੇ ਉਹ ਕੀ ਕੰਮ ਕਰਦੇ ਹਨ?**

ਉੱਤਰ- ਲੋਕਤੰਤਰੀ ਸਰਕਾਰ ਦੇ ਤਿੰਨ ਅੰਗ ਵਿਧਾਨਪਾਲਿਕਾ, ਕਾਰਜਪਾਲਿਕਾ ਅਤੇ ਨਿਆਂਪਾਲਿਕਾ ਹਨ।

- ❖ **ਵਿਧਾਨਪਾਲਿਕਾ**-ਕਾਨੂੰਨ ਬਣਾਉਂਦੀ ਹੈ।
- ❖ **ਕਾਰਜਪਾਲਿਕਾ-** ਕਾਨੂੰਨਾਂ ਨੂੰ ਲਾਗੂ ਕਰਦੀ ਹੈ।
- ❖ **ਨਿਆਂਪਾਲਿਕਾ-** ਕਾਨੂੰਨ ਦੀ ਸਹੀ ਵਿਆਖਿਆ ਕਰਨ ਦੇ ਨਾਲ-ਨਾਲ ਰੱਖਿਆ ਕਰਨ ਦਾ ਕੰਮ ਵੀ ਕਰਦੀ ਹੈ।

**(6). ਸਾਰਕ ਦਾ ਅੰਗਰੇਜ਼ੀ ਵਿੱਚ ਪੂਰਾ ਨਾਮ ਕੀ ਹੈ? ਇਸ ਵਿੱਚ ਕਿਹੜੇ-ਕਿਹੜੇ ਦੇਸ਼ ਸ਼ਾਮਿਲ ਹਨ?**

ਉੱਤਰ- ਸਾਰਕ **(SAARC)** ਦਾ ਅੰਗਰੇਜ਼ੀ ਵਿੱਚ ਪੂਰਾ ਨਾਮ **South Asian Association for Regional Cooperation** ਹੈ। ਇਸ ਵਿੱਚ ਸ੍ਰੀਲੰਕਾ, ਭਾਰਤ, ਨੇਪਾਲ, ਬੰਗਲਾਦੇਸ਼, ਅਫ਼ਗਾਨਿਸਤਾਨ, ਪਾਕਿਸਤਾਨ, ਮਾਲਦੀਪ ਅਤੇ ਭੂਟਾਨ ਦੇਸ਼ ਸ਼ਾਮਿਲ ਹਨ।

**(7).ਸੰਘਾਤਮਕ ਸ਼ਾਸਨ ਪ੍ਰਣਾਲੀ ਵਿੱਚ ਕਿਹੜੇ-ਕਿਹੜੇ ਪੱਧਰ 'ਤੇ ਕਿੰਨ੍ਹੀਆਂ ਸਰਕਾਰਾਂ ਹੁੰਦੀਆਂ ਹਨ?**

ਉੱਤਰ- ਸੰਘਾਤਮਕ ਸ਼ਾਸਨ ਪੱਧਰ 'ਤੇ ਦੋ ਪ੍ਰਕਾਰ ਦੀਆਂ ਸਰਕਾਰਾਂ ਕੰਮ ਕਰਦੀਆਂ ਹਨ- ਕੇਂਦਰੀ ਸਰਕਾਰ ਅਤੇ ਸੂਬਾਈ ਸਰਕਾਰਾਂ। ਕੇਂਦਰ ਸਰਕਾਰ ਦੇਸ਼ ਦੀ ਸਾਂਝੀ ਸਰਕਾਰ ਹੁੰਦੀ ਹੈ ਜਦ ਕਿ ਪ੍ਰਾਂਤਾਂ ਦੀਆਂ ਸਰਕਾਰਾਂ ਆਪਣੇ ਰਾਜ ਨਾਲ ਸੰਬੰਧਿਤ ਮਾਮਲਿਆਂ 'ਤੇ ਕੰਮ ਕਰਦੀਆਂ ਹਨ।

**(8) ਭਾਰਤ ਦੇ ਸੰਵਿਧਾਨ ਅਨੁਸਾਰ ਸੰਵਿਧਾਨਿਕ ਸੂਚੀਆਂ ਕਿੰਨ੍ਹੇ ਪ੍ਰਕਾਰ ਦੀਆਂ ਹਨ ਤੇ ਕਿਹੜੀਆਂ ਹਨ?**

ਉੱਤਰ- ਭਾਰਤ ਦੇ ਸੰਵਿਧਾਨ ਅਨੁਸਾਰ ਤਿੰਨ ਪ੍ਰਕਾਰ ਦੀਆਂ ਸੰਵਿਧਾਨਿਕ ਸੂਚੀਆਂ ਹਨ-ਸੰਘੀ ਸੂਚੀ, ਰਾਜ ਸੂਚੀ ਅਤੇ ਸਮਵਰਤੀ ਸੂਚੀ।

**(9) ਕੇਂਦਰ ਸ਼ਾਸਿਤ ਪ੍ਰਦੇਸ਼ ਕਿਉਂ ਬਣਾਏ ਜਾਂਦੇ ਹਨ?**

ਉੱਤਰ- ਕੇਂਦਰ ਸ਼ਾਸਿਤ ਪ੍ਰਦੇਸ਼ ਉਹ ਇਲਾਕੇ ਹੁੰਦੇ ਹਨ ਜਿਨਾਂ ਨੂੰ ਸੱਭਿਆਚਾਰਕ ਜਾਂ ਰਾਜਨੀਤਿਕ ਤੌਰ ਤੇ ਜਾਂ ਫਿਰ ਆਕਾਰ ਦੇ ਅਨੁਸਾਰ ਇੱਕ ਸੁਤੰਤਰ ਰਾਜ ਨਹੀਂ ਬਣਾਇਆ ਜਾ ਸਕਦਾ।

**(10) ਭਾਰਤ ਵਿੱਚ ਪ੍ਰਥਮ ਗੈਰ-ਕਾਂਗਰਸੀ ਸਰਕਾਰ ਕਦੋਂ ਬਣੀ ਅਤੇ ਇਸ ਦੇ ਪ੍ਰਧਾਨ ਮੰਤਰੀ ਕੌਣ ਸਨ?**

ਉੱਤਰ-ਭਾਰਤ ਵਿੱਚ ਪ੍ਰਥਮ ਗੈਰ-ਕਾਂਗਰਸੀ ਸਰਕਾਰ ਸੰਨ 1977 ਵਿੱਚ ਬਣੀ ਸੀ। ਇਸ ਸਰਕਾਰ ਦੇ ਪ੍ਰਧਾਨ ਮੰਤਰੀ ਮੋਰਾਰਜੀ ਦੇਸਾਈ (Morarji Desai) ਸਨ।

**(11). ਸੰਨ 1990 ਤੋਂ 2009 ਤੱਕ ਦੇਸ਼ ਵਿੱਚ ਬਣੀਆਂ ਗੱਠਜੋੜ ਸਰਕਾਰਾਂ ਵਿੱਚੋਂ ਕਿਸੇ ਚਾਰ ਪ੍ਰਧਾਨ ਮੰਤਰੀਆਂ ਦੇ ਨਾਮ ਦੱਸੋ?**

ਉੱਤਰ- ਸੰਨ 1990 ਤੋਂ 2009 ਤੱਕ ਭਾਰਤ ਵਿੱਚ ਕਈ ਗੱਠਜੋੜ ਸਰਕਾਰਾਂ ਬਣੀਆਂ। ਇਸ ਦੌਰਾਨ **ਪ੍ਰਧਾਨ ਮੰਤਰੀਆਂ** ਦੇ ਨਾਮ ਹੇਠ ਲਿਖੇ ਹਨ:

1. ਵੀ. ਪੀ. ਸਿੰਘ (V. P. Singh) – 1989 ਤੋਂ 1990
2. ਚੰਦਰ ਸ਼ੇਖਰ (Chandra Shekhar) – 1990 ਤੋਂ 1991
3. ਐਚ. ਡੀ. ਦੇਵੇਗੌੜਾ (H. D. Deve Gowda) – 1996 ਤੋਂ 1997
4. ਅਟਲ ਬਿਹਾਰੀ ਵਾਜਪਈ (Atal Bihari Vajpayee) – 1998 ਤੋਂ 2004
5. ਡਾ. ਮਨਮੋਹਨ ਸਿੰਘ (Dr. Manmohan Singh) – 2004 ਤੋਂ 2014

**(12) ਲੋਕਤੰਤਰੀ ਪ੍ਰਣਾਲੀ ਵਿੱਚ ਜਨ-ਸਹਿਭਾਗਤਾ ਦੇ ਕੋਈ ਤਿੰਨ ਕਦਮ ਕਿਹੜੇ-ਕਿਹੜੇ ਹੋ ਸਕਦੇ ਹਨ?**

ਉੱਤਰ- 1. ਵੋਟਾਂ ਰਾਹੀ ਭਾਗੀਦਾਰੀ

2. ਵੱਖੋ-ਵੱਖਰੇ ਜਾਤੀ, ਸੰਪਰਦਾਇਕ, ਭਾਸ਼ਾਈ ਸਮੂਹਾਂ ਵੱਲੋਂ ਸੱਤ੍ਹਾ ਵਿੱਚ ਹਿੱਸੇਦਾਰੀ

3. ਰਾਜਨੀਤਿਕ ਦਲਾਂ, ਹਿੱਤਾ ਤੇ ਦਬਾਅ ਸਮੂਹਾਂ ਰਾਹੀਂ ਸੱਤ੍ਹਾ ਵਿੱਚ ਹਿੱਸੇਦਾਰੀ

(13)**ਬਿਹਾਰ ਤੇ ਮੱਧ ਪ੍ਰਦੇਸ਼ ਦੀ ਵੰਡ ਕਰਕੇ ਕਿਹੜੇ ਰਾਜ ਬਣਾਏ ਗਏ ਸਨ ਜੋ ਖਣਿਜ ਪਦਾਰਥ ਭਰਪੂਰ ਹਨ?**

ਉੱਤਰ- ਬਿਹਾਰ ਅਤੇ ਮੱਧ ਪ੍ਰਦੇਸ਼ ਦੀ ਵੰਡ ਕਰਕੇ ਜੋ ਨਵੇਂ ਰਾਜ ਬਣਾਏ ਗਏ, ਉਹ ਹਨ-

1. **ਝਾਰਖੰਡ –** ਬਿਹਾਰ ਨੂੰ ਵੰਡ ਕੇ 15 ਨਵੰਬਰ, 2000 ਨੂੰ ਝਾਰਖੰਡ ਬਣਾਇਆ ਗਿਆ। ਇਹ ਰਾਜ ਲੋਹਾ, ਕੋਲਾ, ਬਾਕਸਾਈਟ, ਤਾਂਬਾ, ਯੂਰੇਨੀਅਮ ਆਦਿ ਖਣਿਜ ਪਦਾਰਥਾਂ ਲਈ ਭਰਪੂਰ ਹੈ।
2. **ਛੱਤੀਸਗੜ੍ਹ –** ਮੱਧ ਪ੍ਰਦੇਸ਼ ਨੂੰ ਵੰਡ ਕੇ 1 ਨਵੰਬਰ, 2000 ਨੂੰ ਛੱਤੀਸਗੜ੍ਹ ਬਣਾਇਆ ਗਿਆ। ਇਹ ਰਾਜ ਵੀ ਕੋਲਾ, ਲੋਹਾ, ਬਾਕਸਾਈਟ ਆਦਿ ਖਣਿਜਾਂ ਵਿੱਚ ਭਰਪੂਰ ਹੈ।

(14)**ਭਾਸ਼ਾ ਤੇ ਸੱਭਿਆਚਾਰਕ ਵਰਗ ਲੋਕਤੰਤਰ ਉੱਤੇ ਕਿਵੇਂ ਅਸਰਦਾਇਕ ਹੁੰਦੇ ਹਨ?**

ਉੱਤਰ-ਭਾਸ਼ਾ ਤੇ ਸੱਭਿਆਚਾਰਕ ਵਰਗ ਲੋਕਤੰਤਰ ਉੱਤੇ ਕਈ ਢੰਗਾਂ ਨਾਲ ਅਸਰਦਾਇਕ ਹੁੰਦੇ ਹਨ –

1.ਇਹ ਵਰਗ ਸਰਕਾਰ ਦੇ ਕੰਮਾਂ ਵਿੱਚ ਰੁਕਾਵਟ ਪੈਦਾ ਕਰਕੇ ਸਰਕਾਰ ਵਿਰੁੱਧ ਆਪਣਾ ਵਿਰੋਧ ਦਰਸਾਉਂਦੇ ਹਨ।

2.ਇਹ ਵਰਗ ਸਰਕਾਰ ਦੀ ਕਾਰਜਸ਼ੀਲਤਾ, ਸਰਕਾਰ ਦੇ ਨੀਤੀ ਨਿਰਮਾਣ ਅਤੇ ਕਾਨੂੰਨ ਬਣਾਉਣ ਦੀ ਕਿਰਿਆ ਨੂੰ ਕਾਫੀ ਹੱਦ ਤੱਕ ਪ੍ਰਭਾਵਿਤ ਕਰਦੇ ਹਨ।

3.ਇਹਨਾਂ ਵਰਗਾਂ ਦੇ ਮੈਂਬਰ ਆਪਣੇ ਮੈਂਬਰਾਂ ਅਤੇ ਸਮੂਹਿਕ ਹਿੱਤਾਂ ਨੂੰ ਪੂਰੇ ਕਰਵਾਉਣ ਦੀ ਇੱਕ ਦੂਜੇ ਦਾ ਵਿਰੋਧ ਵੀ ਕਰਦੇ ਹਨ।

(15) **ਆਗੂਆਂ ਤੇ ਲੋਕਾਂ (ਨਾਗਰਿਕਾਂ)ਦਾ ਉੱਚਾ ਨੈਤਿਕ ਪੱਧਰ ਲੋਕਤੰਤਰ ਦੀ ਮਜ਼ਬੂਤੀ ਲਈ ਸਭ ਤੋਂ ਜ਼ਰੂਰੀ ਤੱਤ ਕਿਵੇਂ ਹੈ?**

ਉੱਤਰ- ਆਗੂਆਂ ਅਤੇ ਨਾਗਰਿਕਾਂ ਦਾ ਉੱਚਾ ਨੈਤਿਕ ਪੱਧਰ ਲੋਕਤੰਤਰ ਦੀ ਮਜ਼ਬੂਤੀ ਲਈ ਜ਼ਰੂਰੀ ਤੱਤ ਹੈ ਕਿਉਂਕਿ ਉੱਚਾ ਨੈਤਿਕ ਪੱਧਰ ਰੱਖਣ ਵਾਲੇ ਲੋਕ ਹੀ ਲੋਕਤੰਤਰ ਨੂੰ ਸਫ਼ਲ ਅਤੇ ਮਜ਼ਬੂਤ ਬਣਾ ਸਕਣਗੇ। ਜੇਕਰ ਦੇਸ਼ ਦੇ ਲੋਕ, ਰਾਜਨੀਤਿਕ ਨੇਤਾ ਤੇ ਸ਼ਾਸਕ ਭ੍ਰਿਸ਼ਟ ਹੋਣਗੇ ਤਾਂ ਲੋਕਤੰਤਰ ਢਹਿ-ਢੇਰੀ ਹੋ ਜਾਵੇਗਾ।

(16) **ਕੀ ਲੋਕਤੰਤਰੀ ਪ੍ਰਣਾਲੀ ਨਾਗਰਿਕਾਂ ਦੀ ਆਰਥਿਕ ਸਮਾਨਤਾ ਦੂਰ ਕਰ ਸਕਦੀ ਹੈ?**

ਉੱਤਰ- ਨਹੀਂ, ਲੋਕਤੰਤਰੀ ਸ਼ਾਸਨ ਪ੍ਰਣਾਲੀ ਸਿੱਧੇ ਤੌਰ ਤੇ ਆਰਥਿਕ ਅਸਮਾਨਤਾ ਨੂੰ ਦੂਰ ਨਹੀਂ ਕਰ ਸਕਦੀ। ਪਰ ਇਹ ਪ੍ਰਣਾਲੀ ਅਜਿਹੀਆਂ ਨੀਤੀਆਂ ਬਣਾ ਸਕਦੀ ਹੈ ਜੋ ਆਰਥਿਕ ਅਸਮਾਨਤਾ ਨੂੰ ਘਟਾਉਣ ਵਿੱਚ ਮਦਦਗਾਰ ਸਾਬਿਤ ਹੋ ਸਕਦੀਆਂ ਹਨ।

(17)**ਲੋਕਤੰਤਰੀ ਪ੍ਰਣਾਲੀ ਵਿੱਚ ਭਿੰਨਤਾਵਾਂ ਵਿੱਚੋਂ ਏਕਤਾ ਦੀ ਪ੍ਰਾਪਤੀ ਕੀਤੀ ਜਾਂਦੀ ਹੈ, ਕੀ ਇਹ ਕਥਨ ਸੱਚ ਹੈ?**

ਉੱਤਰ- ਭਾਰਤ ਵਿੱਚ ਵੱਖ-ਵੱਖ ਧਰਮਾਂ, ਜਾਤੀਆਂ, ਨਸਲਾਂ ਅਤੇ ਸੱਭਿਆਚਾਰ ਵਾਲੇ ਲੋਕ ਰਹਿੰਦੇ ਹਨ। ਇਹਨਾਂ ਦੀਆਂ ਭਾਸ਼ਾਵਾਂ ਤੇ ਰੀਤੀ- ਰਿਵਾਜ ਵੀ ਅਲੱਗ-ਅਲੱਗ ਹਨ। ਭਾਰਤੀ ਸੰਵਿਧਾਨ ਰਚਨਕਾਰਾਂ ਨੇ ਇਹਨਾਂ ਭਿੰਨਤਾਵਾਂ ਨੂੰ ਕਾਇਮ ਰੱਖਦੇ ਹੋਏ ਏਕਤਾ ਸਥਾਪਿਤ ਕਰਨ ਦੇ ਯਤਨ ਕੀਤੇ ਹਨ। ਭਾਰਤੀ ਸੰਵਿਧਾਨ ਨੇ ਹਰ ਧਰਮ, ਨਸਲ, ਜਾਤੀ ਦੇ ਲੋਕਾਂ ਨੂੰ ਆਪਣੇ-ਆਪਣੇ ਸੱਭਿਆਚਾਰ ਨੂੰ ਵਿਕਸਿਤ ਕਰਨ ਦੇ ਸਮਾਨ ਮੌਕੇ ਪ੍ਰਦਾਨ ਕੀਤੇ ਹਨ। ਭਾਰਤ ਦੁਨੀਆਂ ਦੇ ਦੇਸ਼ਾਂ ਲਈ ਜਿੱਥੇ ਵੱਖ-ਵੱਖ ਧਰਮਾਂ, ਜਾਤੀਆਂ ਤੇ ਸੱਭਿਆਚਾਰ ਵਾਲੇ ਲੋਕ ਹਨ, ਉਦਾਹਰਣ ਬਣ ਕੇ ਸਾਹਮਣੇ ਆਇਆ ਹੈ। ਭਾਰਤੀ ਲੋਕਤੰਤਰ ਨੇ ਵਿਦੇਸ਼ੀਆਂ ਦੇ ਸ਼ੰਕਿਆਂ ਨੂੰ ਦੂਰ ਕਰ ਦਿੱਤਾ ਹੈ ਜਿਹੜੇ ਕਦੀ ਸੋਚਦੇ ਸਨ ਕਿ ਭਾਰਤੀ ਲੋਕਾਂ ਵਿੱਚ ਮਿਲਦੀਆਂ ਭਿੰਨਤਾਵਾਂ ਭਾਰਤ ਨੂੰ ਇੱਕ ਰਾਸ਼ਟਰ ਦੇ ਰੂਪ ਵਿੱਚ ਵਿਕਸਿਤ ਨਹੀਂ ਹੋਣ ਦੇਣਗੀਆਂ।

(18)**ਲੋਕਤੰਤਰੀ ਪ੍ਰਣਾਲੀ ਦੀ ਸਫਲਤਾ ਦੇ ਮੁਲਾਂਕਣ ਲਈ ਕੋਈ ਦੋ ਸਵਾਲ ਸੁਝਾਓ।**

ਉੱਤਰ- 1. ਕੀ ਚੋਣਾਂ ਨਿਯਮਤ, ਆਜ਼ਾਦ ਅਤੇ ਪਾਰਦਰਸ਼ੀ ਢੰਗ ਨਾਲ ਹੋ ਰਹੀਆਂ ਹਨ?

**2.** ਕੀ ਨਾਗਰਿਕਾਂ ਨੂੰ ਮੁੱਢਲੇ ਅਧਿਕਾਰਾਂ ਮਿਲ ਰਹੇ ਹਨ**?**

(19)**ਲੋਕਤੰਤਰੀ ਪ੍ਰਬੰਧ ਦੇ ਮੁੱਖ ਤੌਰ 'ਤੇ ਕੀ ਆਰਥਿਕ ਨਤੀਜੇ ਨਿਕਲਦੇ ਹਨ?**

ਉੱਤਰ- **1.** ਤਾਨਾਸ਼ਾਹੀ ਸ਼ਾਸਨਾਂ ਵਿੱਚ ਆਰਥਿਕ ਵਿਕਾਸ ਦੀ ਦਰ ਲੋਕਤੰਤਰ ਪ੍ਰਣਾਲੀ ਦੇ ਮੁਕਾਬਲੇ ਥੋੜ੍ਹੀ ਜ਼ਿਆਦਾ ਹੁੰਦੀ ਹੈ। ਪਰੰਤੂ ਜਦੋਂ ਅਸੀਂ ਅਮੀਰ ਦੇਸ਼ਾਂ ਦੀਆਂ ਪ੍ਰਣਾਲੀਆਂ ਦੇ ਆਰਥਿਕ ਵਿਕਾਸ ਦੇ ਰਿਕਾਰਡ ਨੂੰ ਗਰੀਬ ਦੇਸ਼ਾਂ ਦੇ ਸੰਬੰਧ ਵਿੱਚ ਤੁਲਨਾ ਕਰਦੇ ਹਾਂ ਤਾਂ ਸਾਨੂੰ ਕੋਈ ਬਹੁਤਾ ਅੰਤਰ ਨਜ਼ਰ ਨਹੀਂ ਆਉਂਦਾ।

2. ਲੋਕਤੰਤਰੀ ਪ੍ਰਣਾਲੀ ਵਿੱਚ ਬਾਕੀ ਦੇਸ਼ਾਂ ਵਿਚਾਲੇ ਵੱਡੇ ਪੱਧਰ 'ਤੇ ਅਸਮਾਨਤਾ ਮਿਲਦੀ ਹੈ। ਦੱਖਣੀ ਅਫ਼ਰੀਕਾ ਤੇ ਬ੍ਰਾਜ਼ੀਲ ਵਰਗੇ ਲੋਕਤੰਤਰੀ ਦੇਸ਼ਾਂ ਵਿੱਚ 20% ਧਨੀ ਲੋਕ ਦੇਸ਼ ਦੀ ਆਮਦਨ ਦਾ 60% ਹਿੱਸਾ ਲੈ ਜਾਂਦੇ ਹਨ। ਹੇਠਲੀ ਸ਼੍ਰੇਣੀ ਦੇ 20% ਲੋਕਾਂ ਦੇ ਹਿੱਸੇ ਕੇਵਲ 3% ਦੇਸ਼ ਹੀ ਆਮਦਨ ਦਾ ਹਿੱਸਾ ਆਉਂਦਾ ਹੈ। ਗਰੀਬ ਦੇਸ਼ ਦੇ ਨਾਗਰਿਕਾਂ ਲਈ ਸਹੂਲਤਾਂ ਪ੍ਰਾਪਤ ਕਰਨ ਦੇ ਮੌਕਿਆਂ ਦੀ ਉਪਲੱਬਧਤਾ ਵਿੱਚ ਵੀ ਅਸਮਾਨਤਾਵਾਂ ਮਿਲਦੀਆਂ ਹਨ।

(20) **ਵਪਾਰ ਤੇ ਵਿਕਾਸ ਬਾਰੇ ਸੰਯੁਕਤ ਰਾਸ਼ਟਰ ਕਾਨਫਰੰਸ (UNCTAD)**ਤੋਂ **ਜਾਣੂ ਕਰਵਾਓ**?

ਉੱਤਰ-**(UNCTAD)** ਇੱਕ ਸਥਾਈ ਅੰਤਰਰਾਸ਼ਟਰੀ ਸੰਸਥਾ ਹੈ। ਇਸ ਦੀ ਸਥਾਪਨਾ ਸੰਨ **1964** ਵਿੱਚ ਸੰਯੁਕਤ ਰਾਸ਼ਟਰ ਦੀ ਮਹਾਂਸਭਾ ਦੁਆਰਾ ਕੀਤੀ ਗਈ ਸੀ। ਇਸ ਦਾ ਮੁੱਖ ਦਫ਼ਤਰ ਜਨੇਵਾ (ਸਵਿਟਜ਼ਰਲੈਂਡ) ਹੈ। ਇਹ ਸੰਸਥਾ ਆਪਣੀ ਰਿਪੋਰਟ, ਸੰਯੁਕਤ ਰਾਸ਼ਟਰ ਦੀ ਮਹਾਂਸਭਾ ਅਤੇ ਆਰਥਿਕ ਅਤੇ ਸਮਾਜਿਕ ਪਰਿਸ਼ਦ ਨੂੰ ਪੇਸ਼ ਕਰਦੀ ਹੈ। ਇਸ ਸੰਸਥਾ ਦਾ ਮੁੱਢਲਾ ਉਦੇਸ਼ ਵਪਾਰ, ਸਹਾਇਤਾ, ਟ੍ਰਾਂਸਪੋਰਟ ਵਿੱਚ ਅਤੇ ਤਕਨੀਕ ਨਾਲ ਸੰਬੰਧਿਤ ਨੀਤੀ ਨਿਰਮਾਣ ਕਰਨਾ ਹੈ। ਇਸ ਸੰਸਥਾ ਸੰਯੁਕਤ ਰਾਸ਼ਟਰ ਦੇ ਸਕੱਤਰੇਤ ਦਾ ਇੱਕ ਹਿੱਸਾ ਹੈ। ਮੌਜੂਦਾ ਸਮੇਂ ਤੱਕ **194** ਦੇਸ਼ ਇਸਦੇ ਮੈਂਬਰ ਹਨ। ਇਸ ਦੀ ਮੀਟਿੰਗ ਹਰ ਚਾਰ ਸਾਲ ਬਾਅਦ ਹੁੰਦੀ ਹੈ। ਇਸਦੀ ਦੂਸਰੀ ਮੀਟਿੰਗ ਸੰਨ **1968** ਵਿੱਚ **31** ਜਨਵਰੀ ਤੋਂ **29** ਮਾਰਚ ਤੱਕ ਨਵੀਂ ਦਿੱਲੀ ਭਾਰਤ ਵਿਖੇ ਹੋਈ ਸੀ।

**(21) ਵਿਸ਼ਵ (ਆਲਮੀ) ਵਪਾਰ ਸੰਗਠਨ ਕੀ ਹੈ? ਇਹ ਕੀ ਕਾਰਜ ਕਰਦਾ ਹੈ?**

ਉੱਤਰ- ਵਿਸ਼ਵ (ਆਲਮੀ) ਬੈਂਕ ਇੱਕ ਅੰਤਰਰਾਸ਼ਟਰੀ (ਕੌਮਾਂਤਰੀ) ਵਿੱਤੀ ਸੰਸਥਾ ਹੈ। ਇਸ ਦੀ ਸਥਾਪਨਾ ਜੁਲਾਈ, 1945 ਵਿੱਚ ਹੋਈ ਸੀ। ਇਸ ਦਾ ਮੁੱਖ ਦਫਤਰ ਵਸ਼ਿੰਗਟਨ ਵਿੱਚ ਸਥਿਤ ਹੈ। ਇਹ ਸੰਸਥਾ ਆਪਣੇ ਮੈਂਬਰਾਂ ਨੂੰ ਕਰਜੇ ਅਤੇ ਗਰਾਂਟਾਂ ਪ੍ਰਦਾਨ ਕਰਦੀ ਹੈ। ਇਹ ਮਨੁੱਖੀ ਵਿਕਾਸ (ਸਿੱਖਿਆ ਤੇ ਸਿਹਤ) ਖੇਤੀਬਾੜੀ ਅਤੇ ਪੇਂਡੂ ਵਿਕਾਸ (ਸਿੰਚਾਈ), ਵਾਤਾਵਰਨ ਦੇ ਬਚ-ਬਚਾਅ ਆਦਿ 'ਤੇ ਕੰਮ ਕਰਦੀ ਹੈ।

(22)**ਸਾਰਕ ਦੇ ਸਿਧਾਂਤਾਂ ਤੋਂ ਜਾਣੂ ਕਰਵਾਓ।**

ਉੱਤਰ- ਸਾਰਕ ਦੇ ਸਿਧਾਂਤ ਹੇਠ ਲਿਖੇ ਅਨੁਸਾਰ ਹਨ-

1.ਇੱਕ-ਦੂਜੇ ਰਾਜ ਦੀ ਪ੍ਰਭੂਸੱਤਾ, ਅਖੰਡਤਾ ਦਾ ਸਤਿਕਾਰ ਕਰਨਾ।

2.ਇੱਕ ਦੂਜੇ ਦੇ ਅੰਦਰੂਨੀ ਮਾਮਲਿਆਂ ਵਿੱਚ ਦਖਲ-ਅੰਦਾਜ਼ੀ ਨਾ ਕਰਨਾ।

3.ਆਪਸੀ ਸਹਿਯੋਗ ਵਿੱਚ ਵਾਧਾ ਕਰਨਾ।

4. ਸਾਰੇ ਫੈਸਲੇ ਆਮ ਸਹਿਮਤੀ ਨਾਲ ਕਰਨਾ।

(23)**. ਸਾਰਕ ਕੀ ਹੈ ?ਇਸ ਦੇ ਮੈਂਬਰਾਂ ਦੇ ਨਾਮ ਲਿਖੋ।**

ਉੱਤਰ-ਸਾਰਕ ਦਾ ਪੂਰਾ ਨਾਂ ਦੱਖਣੀ ਏਸ਼ੀਆਈ ਖੇਤਰੀ ਸਹਿਯੋਗ ਸੰਘ (**South Asian Association for Regional Cooperation)** ਹੈ। ਇਸ ਦੀ ਸਥਾਪਨਾ 08 ਦਸੰਬਰ 1985 ਈ. ਨੂੰ ਢਾਕਾ (ਬੰਗਾਲ ਦੇਸ਼) ਵਿੱਚ ਹੋਈ ਸੀ। ਇਸ ਦਾ ਮੁੱਖ ਦਫ਼ਤਰ ਕਾਠਮੰਡੂ ਨੇਪਾਲ ਵਿੱਚ ਸਥਿੱਤ ਹੈ। ਇਸ ਤੇ ਮੁੱਖ ਮੈਂਬਰ ਹਨ-

| | | | | |
|---|---|---|---|---|
| 1. ਭਾਰਤ | 2. ਪਾਕਿਸਤਾਨ | 3. ਬੰਗਲਾਦੇਸ਼ | 4. ਨੇਪਾਲ | 5.ਮਾਲਦੀਵ |
| 6.ਸ੍ਰੀਲੰਕਾ | 7.ਭੂਟਾਨ | 8.ਅਫ਼ਗਾਨਿਸਤਾਨ | | |

(24)**.ਸੰਯੁਕਤ ਰਾਸ਼ਟਰ ਦੇ ਮੁੱਖ ਅੰਗ ਕਿਹੜੇ-ਕਿਹੜੇ ਹਨ?**

ਉੱਤਰ- ਸੰਯੁਕਤ ਰਾਸ਼ਟਰ ਦੇ ਛੇ ਮੁੱਖ ਅੰਗ ਹਨ-

1.ਮਹਾਂਸਭਾ
2. ਸੁਰੱਖਿਆ ਪਰਿਸ਼ਦ ਜਾਂ ਸਲਾਮਤੀ ਕੌਂਸਲ
3 ਆਰਥਿਕ ਅਤੇ ਸਮਾਜਿਕ ਪਰਿਸ਼ਦ
4. ਅਮਾਨਤੀ ਪਰਿਸ਼ਦ
5. ਅੰਤਰਰਾਸ਼ਟਰੀ ਕੌਮਾਂਤਰੀ ਨਿਆਂਇਕ ਅਦਾਲਤ
6.ਸਕੱਤਰੇਤ

(25)**.ਸੰਯੁਕਤ ਰਾਸ਼ਟਰ ਸੰਘ ਦਾ ਪਿਛੋਕੜ ਕੀ ਸੀ**?

ਉੱਤਰ-25 ਅਪ੍ਰੈਲ 1945 ਨੂੰ ਅੰਤਰਰਾਸ਼ਟਰੀ ਸੰਗਠਨ ਦੀ ਸਥਾਪਨਾ ਦਾ ਉਦੇਸ਼ ਵਿਸ਼ਵ ਭਰ ਵਿੱਚੋਂ ਯੁੱਧਾਂ ਨੂੰ ਸਮਾਪਤ ਕਰਨਾ ਸੀ। ਸੰਯੁਕਤ ਰਾਜ ਅਮਰੀਕਾ ਦੇ ਸ਼ਹਿਰ ਸਾਨਫਰਾਂਸਿਸਕੋ ਵਿੱਚ ਇੱਕ ਅੰਤਰਰਾਸ਼ਟਰੀ ਸੰਮੇਲਨ ਹੋਇਆ। ਇਸ ਸੰਮੇਲਨ ਵਿੱਚ 51 ਦੇਸ਼ਾਂ ਨੇ ਭਾਗ ਲਿਆ। ਇਹ ਸੰਮੇਲਨ 26 ਜੂਨ, 1945 ਤੱਕ ਚੱਲਦਾ ਰਿਹਾ ਤੇ ਇਸ ਸੰਮੇਲਨ ਉਪਰੰਤ ਇੱਕ ਚਾਰਟਰ 'ਤੇ ਸਾਰੇ ਮੈਂਬਰਾਂ ਨੇ ਦਸਤਖ਼ਤ ਕੀਤੇ ਜਿਸ ਰਾਹੀਂ ਸੰਯੁਕਤ ਰਾਸ਼ਟਰ ਸੰਘ ਦੀ ਸਥਾਪਨਾ ਹੋਈ। ਅੰਤ ਵਿੱਚ 24 ਅਕਤੂਬਰ 1945 ਨੂੰ ਅਮਰੀਕਾ, ਰੂਸ (ਉਦੋਂ ਸੋਵੀਅਤ ਸੰਘ) ਚੀਨ, ਫਰਾਂਸ ਅਤੇ ਬਰਤਾਨੀਆ ਦੁਆਰਾ

ਇਸ ਨੂੰ ਮਨਜ਼ੂਰੀ ਦੇਣ ਤੇ ਸੰਯੁਕਤ ਰਾਸ਼ਟਰ ਨਿਯਮਤ ਰੂਪ ਵਿੱਚ ਹੋਂਦ ਵਿੱਚ ਆਇਆ। ਹੁਣ, ਹਰ ਸਾਲ 24 ਅਕਤੂਬਰ ਨੂੰ 'ਸੰਯੁਕਤ ਰਾਸ਼ਟਰ ਦਿਵਸ' ਵੱਜੋਂ ਮਨਾਇਆ ਜਾਂਦਾ ਹੈ। ਇਸ ਦਾ ਮੁੱਖ ਦਫ਼ਤਰ ਨਿਊਯਾਰਕ ਵਿਖੇ ਸਥਿੱਤ ਹੈ। ਸੰਯੁਕਤ ਰਾਸ਼ਟਰ ਦੇ ਹੁਣ 193 ਮੈਂਬਰ ਰਾਜ ਅਤੇ ਦੋ ਨਿਰੀਖਕ ਰਾਜ ਹਨ।

(26) **ਵੀਟੋ ਪਾਵਰ ਪ੍ਰਾਪਤ ਮੁਲਕਾਂ ਦੇ ਨਾਮ ਲਿਖੋ?**

ਉੱਤਰ- ਵੀਟੋ ਪਾਵਰ ਪ੍ਰਾਪਤ ਮੁਲਕ- ਰੂਸ, ਇੰਗਲੈਂਡ ਜਾਂ ਬਰਤਾਨੀਆ, ਚੀਨ, ਅਮਰੀਕਾ ਤੇ ਫਰਾਂਸ।

(27)**ਅਮਾਨਤੀ ਪਰਿਸ਼ਦ ਦੇ ਕੀ ਕਾਰਜ ਹੁੰਦੇ ਹਨ**?

**ਉੱਤਰ**- ਸੰਯੁਕਤ ਰਾਸ਼ਟਰ ਕੁੱਝ ਪੱਛੜੇ ਹੋਏ ਸਵੈ-ਸਾਸਨ ਰਹਿਤ ਖੇਤਰਾਂ ਦੀ ਜ਼ਿੰਮੇਵਾਰੀ ਵੀ ਸੰਭਾਲਦਾ ਹੈ। ਅਮਾਨਤੀ ਪਰਿਸ਼ਦ ਇਹਨਾਂ ਖੇਤਰਾਂ ਦੀ ਦੇਖ-ਭਾਲ ਦਾ ਕੰਮ ਕਰਦੀ ਹੈ। ਅਮਾਨਤੀ ਪਰਿਸ਼ਦ ਦੀਆਂ ਸਾਲ ਵਿੱਚ ਦੋ ਬੈਠਕਾਂ ਹੁੰਦੀਆਂ ਹਨ। ਇੱਕ ਬੈਠਕ ਜਨਵਰੀ ਅਤੇ ਦੂਜੀ ਜੂਨ ਮਹੀਨੇ ਵਿੱਚ ਹੁੰਦੀ ਹੈ। ਅਮਾਨਤੀ ਪਰਿਸ਼ਦ ਗੁਲਾਮ ਸਮੁਦਾਇਆਂ ਜਾਂ ਇਲਾਕਿਆਂ ਨੂੰ ਸੁਤੰਤਰ ਹੋਣ ਵਿੱਚ, ਅੰਤਰਰਾਸ਼ਟਰੀ ਸ਼ਾਂਤੀ ਬਣਾਏ ਰੱਖਣ, ਟਰਸ਼ੱਟੀਸ਼ਿਪ ਪ੍ਰਦੇਸ਼ਾਂ ਦਾ ਦੌਰਾ ਕਰਨ, ਬਿਨੈ ਪ੍ਰਾਪਤ ਕਰਨ ਤੇ ਉਹਨਾਂ ਦੀ ਪੜਤਾਲ ਆਦਿ ਕਰਨ ਦਾ ਕੰਮ ਕਰਦੀ ਹੈ।

## ਇਹਨਾਂ ਪ੍ਰਸ਼ਨਾਂ ਦੇ ਵਿਸਤ੍ਰਿਤ ਉੱਤਰ ਦਿਓ:-

**(1) ਮਰਦ ਪ੍ਰਧਾਨ ਸਮਾਜ ਜਾਂ ਇਸਤਰੀਵਾਦ ਵੱਲ ਬਹੁਤਾ ਝੁਕਾਅ ਦੋਹੇਂ ਹੀ ਲੋਕਤੰਤਰ ਲਈ ਖਤਰਾ ਹਨ, ਕਿਵੇਂ?**

**ਉੱਤਰ-** ਮਰਦ ਪ੍ਰਧਾਨ ਸਮਾਜ ਜਾਂ ਇਸਤਰੀਵਾਦ ਵੱਲ ਬਹੁਤਾ ਝੁਕਾਅ ਦੋਹੇਂ ਹੀ ਲੋਕਤੰਤਰ ਲਈ ਖਤਰਾ ਹਨ ਕਿਉਂਕਿ ਇਹ ਦੋਵੇਂ ਝੁਕਾਅ ਸਮਾਨਤਾ, ਆਜ਼ਾਦੀ ਅਤੇ ਨਿਆਂ ਲਈ ਖਤਰਾ ਬਣਦੇ ਹਨ।

1. **ਅਸਮਾਨਤਾ ਵਧੇਗੀ —** ਜਦੋਂ ਸਮਾਜ ਸਿਰਫ਼ ਮਰਦਾਂ ਜਾਂ ਔਰਤਾਂ ਹੀ ਵੱਲ ਝੁੱਕਦਾ ਹੈ, ਤਾਂ ਦੂਜੇ ਲਿੰਗ ਦੇ ਅਧਿਕਾਰਾਂ ਦੀ ਉਲੰਘਣਾ ਹੁੰਦੀ ਹੈ। ਇਹ ਲੋਕਤੰਤਰ ਦੇ ਮੁੱਖ ਸਿਧਾਂਤ 'ਸਮਾਜਿਕ ਸਮਾਨਤਾ' ਨੂੰ ਨੁਕਸਾਨ ਪਹੁੰਚਾਉਂਦੀ ਹੈ।
2. **ਸਮਾਜਿਕ ਤਣਾਅ** - ਜਦੋਂ ਸਮਾਜ ਵਿੱਚ ਇੱਕ ਲਿੰਗ ਦੇ ਆਧਾਰ 'ਤੇ ਵਧੇਰੇ ਝੁਕਾਅ ਹੁੰਦਾ ਹੈ ਤਾਂ ਦੂਜੇ ਪੱਖ ਵਿੱਚ ਨਿਰਾਸ਼ਾ, ਗੁੱਸਾ ਅਤੇ ਵਿਦਰੋਹ ਦੀ ਭਾਵਨਾ ਪੈਦਾ ਹੁੰਦੀ ਹੈ ਅਤੇ ਇਹ ਸਮਾਜ ਵਿੱਚ ਤਣਾਅ ਪੈਦਾ ਕਰ ਸਕਦਾ ਹੈ, ਜੋ ਲੋਕਤੰਤਰ ਦੀ ਸ਼ਾਂਤੀ ਅਤੇ ਏਕਤਾ ਨੂੰ ਖ਼ਤਰੇ ਵਿੱਚ ਪਾ ਦਿੰਦਾ ਹੈ।
3. **ਕਾਬਲ ਹੋਣ ਦੇ ਬਾਵਜੂਦ ਮੌਕਿਆਂ ਦੀ ਘਾਟ** - ਜਦੋਂ ਕੇਵਲ ਇੱਕ ਲਿੰਗ ਨੂੰ ਵੱਧ ਮਹੱਤਤਾ ਦਿੱਤੀ ਜਾਵੇਗੀ ਤਾਂ ਦੂਜੇ ਲਿੰਗ ਦੇ ਹੁਨਰਮੰਦ ਲੋਕਾਂ ਨੂੰ ਅੱਗੇ ਆਉਣ ਦੇ ਮੌਕੇ ਨਹੀਂ ਮਿਲਦੇ। ਇਹ ਲੋਕਤੰਤਰ ਵਿੱਚ ਸਮਾਨ ਮੌਕਿਆਂ ਦੇ ਅਸੂਲਾਂ ਦੀ ਉਲੰਘਣਾ ਹੈ।
4. **ਤਕਰਾਰ ਅਤੇ ਅਸੰਤੁਲਨ -** ਕਿਸੇ ਵੀ ਪੱਖ ਵੱਲ ਬਹੁਤਾ ਝੁਕਾਅ ਹੋਣ ਨਾਲ ਸਮਾਜ ਵਿੱਚ ਤਣਾਅ, ਤਕਰਾਰ ਅਤੇ ਅਸੰਤੁਲਨ ਪੈਦਾ ਹੁੰਦਾ ਹੈ ਜੋ ਕਿ ਲੋਕਤੰਤਰ ਦੇ ਹਿੱਤ ਵਿੱਚ ਸਹੀ ਨਹੀਂ ਹੈ।

**2. ਭਾਰਤੀ ਰਾਜਨੀਤੀ ਦਾ ਇੱਕ ਪਹਿਲੂ ਇਹ ਹੈ ਕਿ ਸਿਆਸਤ ਜਾਤੀ 'ਤੇ ਆਧਾਰਿਤ ਹੈ, ਤੁਸੀਂ ਸਹਿਮਤ ਹੋ ਜਾਂ ਨਹੀਂ, ਕੋਈ ਦੋ ਕਾਰਨ ਦੱਸੋ।**

ਉੱਤਰ- ਭਾਰਤ ਦੀ ਰਾਜਨੀਤੀ ਵਿੱਚ ਜਾਤੀ ਦਾ ਪ੍ਰਭਾਵ ਸਪੱਸ਼ਟ ਰੂਪ ਵਿੱਚ ਦਿਖਾਈ ਦਿੰਦਾ ਹੈ। ਜਿਸ ਦਾ ਵਰਨਣ ਇਸ ਪ੍ਰਕਾਰ ਹੈ:

**1. ਰਾਜਨੀਤਿਕ ਦਲਾਂ ਦੁਆਰਾ ਉਮੀਦਵਾਰਾਂ ਦੀ ਜਾਤੀ ਅਧਾਰਿਤ ਨਾਮਜ਼ਦਗੀ** - ਚੋਣਾਂ ਦੌਰਾਨ ਰਾਜਨੀਤਿਕ ਦਲ, ਉਮੀਦਵਾਰ ਨੂੰ ਚੋਣ ਲੜਨ ਲਈ ਟਿਕਟ ਦਿੰਦੇ ਸਮੇਂ ਉਸਦੀ ਜਾਤੀ ਨੂੰ ਧਿਆਨ ਵਿੱਚ ਰੱਖਦੇ ਹਨ। ਜਿਸ ਹਲਕੇ ਵਿੱਚ ਕਿਸੇ ਇੱਕ ਜਾਤੀ ਦੇ ਮੱਤਦਾਤਾ ਜ਼ਿਆਦਾ ਹੁੰਦੇ ਹਨ, ਉਸ ਹਲਕੇ ਵਿੱਚ ਉਸੇ ਜਾਤੀ ਦਾ ਉਮੀਦਵਾਰ ਖੜ੍ਹਾ ਕੀਤਾ ਜਾਂਦਾ ਹੈ ਤਾਂ ਕਿ ਵੋਟਰ ਜਾਤੀ ਭਾਵਨਾ ਨੂੰ ਧਿਆਨ ਵਿੱਚ ਰੱਖ ਕੇ ਉਮੀਦਵਾਰ ਨੂੰ ਵੱਧ ਤੋਂ ਵੱਧ ਵੋਟ ਪਾ ਸਕਣ। ਚੋਣਾਂ ਦੌਰਾਨ ਆਮ ਤੌਰ 'ਤੇ ਸਾਰੇ ਰਾਜਨੀਤਿਕ ਦਲ ਉਹਨਾਂ ਉਮੀਦਵਾਰਾਂ ਨੂੰ ਟਿਕਟ ਦਿੰਦੇ ਹਨ ਜਿਨ੍ਹਾਂ ਦੀ ਜਾਤੀ ਦਾ ਉਸ ਇਲਾਕੇ ਵਿੱਚ ਵਿਸ਼ੇਸ ਪ੍ਰਭਾਵ ਹੁੰਦਾ ਹੈ।

**2. ਜਾਤੀ ਅਤੇ ਮਤਦਾਨ ਵਿਹਾਰ-** ਸਾਡੇ ਦੇਸ਼ ਵਿੱਚ ਇਹ ਇੱਕ ਅਟੱਲ ਸੱਚਾਈ ਹੈ ਕਿ ਬਹੁਤੇ ਮੱਤਦਾਨ ਆਪਣੀ ਜਾਤੀ ਦੇ ਉਮੀਦਵਾਰ ਦੇ ਪੱਖ ਵਿੱਚ ਹੀ ਵੋਟ ਦੇਣਾ ਪਸੰਦ ਕਰਦੇ ਹਨ। ਉਮੀਦਵਾਰਾਂ ਦੇ ਨਿੱਜੀ ਗੁਣਾਂ ਤੇ ਜਨਤਾ ਪ੍ਰਤੀ ਕੰਮ ਕਰਨ ਦੀ ਕਾਰਗੁਜ਼ਾਰੀ ਵੱਲ ਬਹੁਤ ਘੱਟ ਧਿਆਨ ਦਿੱਤਾ ਜਾਂਦਾ ਹੈ। ਭਾਰਤੀ ਵੋਟਰਾਂ ਦਾ ਅਜਿਹਾ ਰਵੱਈਆ ਲੋਕਤੰਤਰ 'ਤੇ ਅਸਰ ਪਾਉਂਦਾ ਹੈ।

(3) **ਸਮਾਜਿਕ ਵੰਡ ਵਾਲੇ ਸਮਾਜ ਦੇ ਕੋਈ ਤਿੰਨ ਪਹਿਲੂ, ਵਿਸਤ੍ਰਿਤ ਰੂਪ ਵਿੱਚ ਲਿਖੋ।**

**ਉੱਤਰ-** ਭਾਰਤੀ ਲੋਕਤੰਤਰ ਅਤੇ ਰਾਜਨੀਤੀ ਵਿੱਚ ਭਿੰਨਤਾਵਾਂ ਜਾਂ ਸਮਾਜਿਕ ਵੰਡਾਂ ਸਮਾਜ ਵਿੱਚ ਕੇਵਲ ਫੁੱਟ ਹੀ ਪੈਦਾ ਨਹੀਂ ਕਰਦੀਆਂ ਸਗੋਂ ਕਈ ਵਾਰੀ ਵਰਗਾਂ ਦੀ ਆਪਸੀ ਰਾਜਨੀਤੀ ਦਾ ਰੂਪ ਵੀ ਅਖਤਿਆਰ ਕਰ ਲੈਂਦਾ ਹੈ। ਭਿੰਨਤਾਵਾਂ ਵਾਲੇ ਸਮਾਜ ਤੇ ਤਿੰਨ ਮੁੱਖ ਪਹਿਲੂ ਇਸ ਪ੍ਰਕਾਰ ਹਨ-

1. **ਲੋਕਾਂ ਵਿੱਚ ਪਛਾਣ ਦੀ ਤੀਬਰ ਭਾਵਨਾ** - ਪਹਿਲਾ ਪੱਖ ਇਹ ਹੈ ਕਿ ਲੋਕਾਂ ਅੰਦਰ ਆਪਣੀ ਪਛਾਣ ਪ੍ਰਤੀ ਤੀਬਰ ਭਾਵਨਾ ਦੇ ਤਹਿਤ ਲੋਕ ਆਪਣੇ ਆਪ ਨੂੰ ਸਭ ਤੋਂ ਉੱਤਮ ਜਾਂ ਅਲੱਗ ਸਮਝਣ ਲੱਗ ਪੈਂਦੇ ਹਨ। ਅਜਿਹੇ ਲੋਕਾਂ ਲਈ ਦੂਜਿਆਂ ਨਾਲ ਤਾਲਮੇਲ ਬਣਾਈ ਰੱਖਣਾ ਮੁਸ਼ਕਿਲ ਹੋ ਜਾਂਦਾ ਹੈ ਕਿਉਂਕਿ ਤਾਕਤਵਰ ਸਮੂਹ ਦਮਨ ਦੀ ਰਾਜਨੀਤੀ ਦਾ ਸਹਾਰਾ ਲੈ ਸਕਦੇ ਹਨ। ਇਸ ਲਈ ਲੋਕਾਂ ਦਾ ਆਪਸੀ ਵਿਲੱਖਣਤਾ ਕਾਇਮ ਰੱਖਦੇ ਹੋਏ ਦੂਜਿਆਂ ਦੀਆਂ ਵਿਲੱਖਣਤਾਵਾਂ ਦੀ ਕਦਰ ਕਰਨਾ ਲਾਜ਼ਮੀ ਹੋ ਜਾਂਦਾ ਹੈ।

2. **ਸਿਆਸਤਦਾਨਾਂ ਵੱਲੋਂ ਲੋਕ ਮੰਗਾਂ ਦੀ ਪੇਸ਼ਕਾਰੀ**- ਦੂਜਾ ਮਹੱਤਵਪੂਰਨ ਪੱਖ ਹੈ ਕਿ ਰਾਜਨੀਤਿਕ ਦਲ ਕਿਸੇ ਸਮੁਦਾਇ ਦੇ ਲੋਕਾਂ ਦੀਆਂ ਮੰਗਾਂ ਨੂੰ ਕਿਸ ਤਰ੍ਹਾਂ ਪੇਸ਼ ਕਰ ਰਹੇ ਹਨ। ਸੰਵਿਧਾਨ ਦੇ ਦਾਇਰੇ ਅੰਦਰ ਰਹਿਣ ਵਾਲੀਆਂ ਅਤੇ ਕਿਸੇ ਦੂਸਰੇ ਸਮੁਦਾਇ ਦਾ ਨੁਕਸਾਨ ਨਾ ਕਰਨ ਵਾਲੀਆਂ ਮੰਗਾਂ ਨੂੰ ਆਸਾਨੀ ਨਾਲ ਮੰਨਿਆ ਜਾ ਸਕਦਾ ਹੈ। ਸ੍ਰੀ ਲੰਕਾ ਵਿੱਚ ਕੇਵਲ ਸਿਨਹਾਲੀ ਲੋਕਾਂ ਨੂੰ ਵਿਸ਼ੇਸ਼ ਅਧਿਕਾਰ ਦੇਣਾ ਅਤੇ ਤਾਮਿਲ ਲੋਕਾਂ ਨੂੰ ਨਾਗਰਿਕ ਅਧਿਕਾਰਾਂ ਤੋਂ ਵਾਂਝੇ ਰੱਖਣਾ ਤਾਮਿਲ ਸਮੁਦਾਇ ਦੀ ਪਹਿਚਾਣ ਅਤੇ ਹਿੱਤਾਂ ਦੇ ਵਿਰੁੱਧ ਮੰਨਿਆ ਗਿਆ ਹੈ। ਯੂਗੋਸਲਾਵੀਆ ਵਿੱਚ ਵੀ ਵੱਖ-ਵੱਖ ਸਮੁਦਾਇ ਦੇ ਨੇਤਾਵਾਂ ਨੇ ਆਪਣੇ ਨਸਲੀ ਸਮੂਹਾਂ ਦੀਆਂ ਕੁੱਝ ਅਜਿਹੀਆਂ ਮੰਗਾਂ ਰੱਖ ਦਿੱਤੀਆਂ ਸਨ, ਜਿਨਾਂ ਨੂੰ ਇੱਕ ਦੇਸ਼ ਦੀ ਸੀਮਾ ਅੰਦਰ ਰਹਿੰਦਿਆਂ ਹੋਇਆ ਪੂਰਾ ਨਹੀਂ ਕੀਤਾ ਜਾ ਸਕਦਾ ਸੀ। ਇਸ ਲਈ ਯੂਗੋਸਲਾਵੀਆ ਦੀ ਵੰਡ ਹੋ ਗਈ।

3. **ਸਰਕਾਰ ਦਾ ਲੋਕ ਮੰਗਾਂ ਪ੍ਰਤੀ ਰਵੱਈਆ**- ਤੀਜਾ ਪੱਖ ਸਰਕਾਰ ਦਾ ਰਵੱਈਆ ਹੈ। ਸਰਕਾਰ ਦਾ ਲੋਕ ਮੰਗਾਂ ਪ੍ਰਤੀ ਰਵੱਈਆ, ਸਮਾਜਿਕ ਵੰਡ 'ਤੇ ਬਹੁਤ ਵੱਡਾ ਅਸਰ ਪਾਉਂਦਾ ਹੈ। ਅਸੀਂ ਬੈਲਜ਼ੀਅਮ ਅਤੇ ਸ੍ਰੀਲੰਕਾ ਦੀਆਂ ਉਦਾਹਰਣਾਂ ਲੈ ਸਕਦੇ ਹਾਂ। ਬੈਲਜ਼ੀਅਮ ਨੇ ਡੱਚ, ਫਰਾਂਸੀਸੀਆਂ ਅਤੇ ਜਰਮਨ ਵਿਚਾਲੇ ਸ਼ਕਤੀਆਂ ਦੀ ਵੰਡ ਕਰਕੇ ਉਹਨਾਂ ਨੂੰ ਆਪਣੇ-ਆਪਣੇ ਖੇਤਰ ਵਿੱਚ ਵਿਸ਼ੇਸ਼ ਅਧਿਕਾਰ ਦੇ ਕੇ ਏਕਤਾ ਸਥਾਪਿਤ ਕੀਤੀ ਪ੍ਰੰਤੂ ਸ੍ਰੀਲੰਕਾ ਨੇ ਘੱਟ ਗਿਣਤੀ ਤਾਮਿਲਾਂ ਨਾਲ ਵਿਤਕਰਾਪੂਰਨ ਨੀਤੀ ਅਪਣਾਈ। ਜੇਕਰ ਸਰਕਾਰ ਸੱਤਾ ਵਿੱਚ ਸਾਂਝੇਦਾਰੀ ਕਰਨ ਲਈ ਤਿਆਰ ਹੋ ਜਾਵੇ ਅਤੇ ਘੱਟ ਗਿਣਤੀ ਸਮੁਦਾਇ ਦੀਆਂ ਉਚਿੱਤ ਮੰਗਾਂ ਨੂੰ ਵੀ ਇਮਾਨਦਾਰੀ ਨਾਲ ਪੂਰਾ ਕਰਨ ਦਾ ਯਤਨ ਕਰੇ ਤਾਂ ਸਮਾਜਿਕ ਵੰਡ ਦੇਸ਼ ਲਈ ਖਤਰਾ ਨਹੀਂ ਬਣਦੀ। ਜੇਕਰ ਸਰਕਾਰ ਰਾਸ਼ਟਰੀ ਏਕਤਾ ਦੇ ਨਾਂ 'ਤੇ ਕਿਸੇ ਸਮੁਦਾਇ ਦੀਆਂ ਉਚਿੱਤ ਮੰਗਾਂ ਨੂੰ ਦਬਾਉਣਾ ਸ਼ੁਰੂ ਕਰ ਦੇਵੇ ਤਾਂ ਉਲਟਾ ਨੁਕਸਾਨਦਾਇਕ ਅਸਰ ਹੁੰਦਾ ਹੈ। ਸ਼ਕਤੀ ਦੁਆਰਾ ਏਕਤਾ ਸਥਾਪਿਤ ਕਰਨ ਦੀ ਕੋਸ਼ਿਸ਼ ਅਕਸਰ ਵੱਖਵਾਦ ਦੀ ਭਾਵਨਾ ਪੈਦਾ ਕਰ ਦਿੰਦੀ ਹੈ।

(4) **ਲੋਕਤੰਤਰ ਵਿੱਚ ਸੱਤ੍ਹਾ ਦੀ ਸਾਂਝੇਦਾਰੀ ਦਾ ਕੀ ਮਹੱਤਵ ਹੈ। ਇਸ ਦੀਆਂ ਵਿਸ਼ੇਸ਼ਤਾਵਾਂ ਵੀ ਲਿਖੋ।**

ਉੱਤਰ-ਲੋਕਤੰਤਰ ਵਿੱਚ ਸੱਤ੍ਹਾ ਦੀ ਸਾਂਝੇਦਾਰੀ ਬੜਾ ਮਹੱਤਵ ਰੱਖਦੀ ਹੈ ਕਿਉਂਕਿ-

- ਸ਼ਾਸਨ, ਵਿੱਚ ਸ਼ਕਤੀ ਦਾ ਵੰਡਿਆ ਹੋਣਾ ਜ਼ਰੂਰੀ ਹੈ ਕਿਉਂਕਿ ਇਸ ਨਾਲ ਵੱਖ-ਵੱਖ ਵਰਗਾਂ ਵਿੱਚ ਸ਼ਕਤੀ ਵੰਡੀ ਜਾਂਦੀ ਹੈ।
- ਟਕਰਾਅ/ਸੰਘਰਸ਼ ਤਣਾਅ ਨੂੰ ਜਨਮ ਦਿੰਦਾ ਹੈ ਤੇ ਹਿੰਸਾ, ਅਸਥਿਰਤਾ ਨੂੰ ਜਨਮ ਦਿੰਦੀ ਹੈ।
- ਸ਼ਾਸਨ ਵਿੱਚ ਸੱਭ ਦੀ ਬਣਦੀ ਹਿੱਸੇਦਾਰੀ ਹੀ ਲੋਕਤੰਤਰ ਦੀ ਆਤਮਾ ਹੁੰਦੀ ਹੈ।
- ਸ਼ਕਤੀਆਂ ਦੀ ਵੰਡ ਸਮੂਹਿਕ ਤੌਰ 'ਤੇ ਸਰਵਪੱਖੀ ਨਿਰਣੇ ਲੈਣ ਦਾ ਅਧਿਕਾਰ ਦਿੰਦੀ ਹੈ ਤੇ ਬਹੁ-ਗਿਣਤੀ ਦੀ ਤਾਨਾਸ਼ਾਹੀ ਕਰਨ ਤੋਂ ਰੋਕਦੀ ਹੈ।
- ਰਾਜਨੀਤਿਕ ਸਹਿਭਾਗਤਾ ਰਾਹੀਂ ਲੋਕ ਰਾਜਨੀਤਿਕ ਪ੍ਰਣਾਲੀ ਅਤੇ ਦੇਸ਼ ਨਾਲ ਜੁੜਦੇ ਹਨ।

ਇਸ ਦੀਆਂ ਵਿਸ਼ੇਸ਼ਤਾਵਾਂ ਹੇਠ ਲਿਖੇ ਅਨੁਸਾਰ ਹਨ-

**1. ਵੋਟਾਂ ਰਾਹੀਂ ਭਾਗੀਦਾਰੀ-** ਲੋਕਤੰਤਰੀ ਸਰਕਾਰ ਸੰਸਾਰ ਦੇ ਜ਼ਿਆਦਾਤਰ ਦੇਸ਼ਾਂ ਵਿੱਚ ਪ੍ਰਚਲਿਤ ਹੈ। ਇਸ ਵਿੱਚ ਹੋਣ ਵਾਲੀਆਂ ਸਮਾਂਬੱਧ ਚੋਣਾਂ ਵਿੱਚ ਲੋਕ ਆਪਣੀਆਂ ਵੋਟਾਂ ਰਾਹੀਂ ਸਰਕਾਰ ਚੁਣਦੇ ਹਨ। ਸਰਕਾਰ ਨੂੰ ਆਪਣੀ ਵੈਧਤਾ ਪ੍ਰਾਪਤ ਕਰਨ ਲਈ ਲੋਕਾਂ ਦੀਆਂ ਵੋਟਾਂ ਪ੍ਰਾਪਤ ਕਰਨੀਆਂ ਪੈਂਦੀਆਂ ਹਨ। ਬਹੁ-ਗਿਣਤੀ ਪ੍ਰਤੀਨਿਧਤਾ ਪ੍ਰਾਪਤ ਪਾਰਟੀ/ਪਾਰਟੀਆਂ ਨਵੀਂ ਸਰਕਾਰ ਬਣਾਉਂਦੀਆਂ ਹਨ ਜੋ ਲੋਕਾਂ ਦੀ ਭਾਗੀਦਾਰੀ ਰਾਹੀਂ ਹੀ ਸੰਭਵ ਹੁੰਦਾ ਹੈ।

**2.ਵੱਖੋ-ਵੱਖਰੇ ਜਾਤੀ, ਸੰਪਰਦਾਇਕ, ਭਾਸ਼ਾਈ ਸਮੂਹਾਂ ਵੱਲੋਂ ਸੱਤ੍ਹਾ ਵਿੱਚ ਭਾਗੀਦਾਰੀ**- ਸ਼ਕਤੀ ਦੀ ਵੰਡ ਅਤੇ ਸੱਤ੍ਹਾ ਦੀ ਵੰਡ ਲਈ ਸਮਾਜ ਲਈ ਸਮਾਜ ਵਿੱਚ ਪ੍ਰਚਲਿਤ ਵੱਖ-ਵੱਖ ਸਮੂਹ ਭਾਵੇਂ ਉਹ ਜਾਤੀ, ਭਾਸ਼ਾ ਜਾਂ ਕਿਸੇ ਧਰਮ ਨਾਲ ਸੰਬੰਧਿਤ ਹੋਣ, ਉਹਨਾਂ ਦੀ ਸ਼ਾਸਨ ਵਿੱਚ ਹਿੱਸੇਦਾਰੀ ਕੀਤੀ ਜਾ ਸਕਦੀ ਹੈ। ਸਮਾਜ ਵਿੱਚ ਘੱਟ ਗਿਣਤੀਆਂ ਤੇ ਇਸਤਰੀਆਂ ਲਈ ਵੀ ਖਾਸ ਵਿਵਸਥਾਵਾਂ ਕਰਕੇ ਉਹਨਾਂ ਨੂੰ ਵੀ ਸ਼ਾਸਨ ਵਿੱਚ ਸ਼ਾਮਿਲ ਕੀਤਾ ਜਾ ਸਕਦਾ ਹੈ। ਭਾਰਤ ਵਿੱਚ ਅਨੁਸੂਚਿਤ ਜਾਤੀਆਂ ਅਤੇ ਜਨ-ਜਾਤੀ ਇਸਤਰੀਆਂ ਦੀ ਭਾਗੀਦਾਰੀ ਵਿਧਾਨਪਾਲਿਕਾ ਵਿੱਚ ਵਧਾਉਣ ਲਈ ਸੀਟਾਂ ਰਾਖਵੀਂਆਂ ਕੀਤੀਆਂ ਹੋਈਆਂ ਹਨ ਤਾਂ ਜੋ ਸੰਸਦ ਵਿੱਚ ਔਰਤਾਂ ਦੀ ਪ੍ਰਤੀਨਿਧਤਾ ਮਰਦਾਂ ਦੇ ਮੁਕਾਬਲੇ ਵਿੱਚ ਲਿਆਂਦੀ ਜਾ ਸਕੇ।

**3.ਰਾਜਨੀਤਿਕ ਦਲਾਂ, ਹਿੱਤਾਂ ਤੇ ਦਬਾਓ ਸਮੂਹਾਂ ਰਾਹੀਂ ਸੱਤ੍ਹਾ ਵਿੱਚ ਹਿੱਸਾਦਾਰੀ-** ਰਾਜਨੀਤਿਕ ਦਲ, ਜਿੱਥੇ ਇੱਕ ਦੂਜੇ ਦੀ ਤਾਨਾਸ਼ਾਹੀ 'ਤੇ ਰੋਕ ਲਗਾਉਂਦੇ ਹਨ, ਉੱਥੇ ਜਨਤਾ ਕੋਲ ਵੀ ਸਰਕਾਰ ਬਦਲਣ ਦਾ ਬਦਲ ਪ੍ਰਾਪਤ ਹੋ ਜਾਂਦਾ ਹੈ। ਰਾਜਨੀਤਿਕ ਦਲਾਂ ਦੇ ਨਾਲ-ਨਾਲ ਹਿੱਤ ਤੇ ਦਬਾਅ ਸਮੂਹ ਭਾਵੇਂ ਉਹ ਮਜ਼ਦੂਰਾਂ ਦੇ ਹੋਣ, ਵਿਦਿਆਰਥੀਆਂ ਜਾਂ ਉਦਯੋਗਪਤੀਆਂ ਦੇ, ਇਸਤਰੀਆਂ ਦੇ ਹੋਣ ਜਾਂ ਪੇਸ਼ਾਵਰ ਸਮੂਹ ਹੋਣ, ਉਹ ਆਪਣੀਆਂ ਮੰਗਾਂ ਪੂਰੀਆਂ ਕਰਵਾਉਣ ਲਈ ਸੱਤਾ ਦੇ ਵਿੱਚ ਆਪਣਾ ਅਧਿਕਾਰ ਮੰਗਦੇ ਹਨ। ਕਈ ਤਰ੍ਹਾਂ ਦੇ ਅੰਦੋਲਨ ਜੋ ਵੀ ਸਮਾਜ ਵਿੱਚ ਚੱਲਦੇ ਹਨ ਉਹ ਵੀ ਦਰਅਸਲ ਰਾਜਨੀਤਿਕ ਸ਼ਕਤੀ 'ਤੇ ਆਪਣਾ ਪ੍ਰਭਾਵ ਪਾ ਕੇ, ਨਿਰਣਿਆਂ ਨੂੰ ਆਪਣੇ ਪੱਖ ਵਿੱਚ ਕਰਨ ਦੀ ਕੋਸ਼ਿਸ਼ ਕਰਦੇ ਹਨ। ਚੋਣਾਂ ਰਾਹੀਂ ਸ਼ਕਤੀ ਇੱਕ ਦਲ ਤੋਂ ਦੂਜੇ ਦਲ ਦੇ ਹੱਥ ਵਿੱਚ ਆਉਂਦੀ ਹੈ।

**4.ਪੰਚਾਇਤੀ ਰਾਜ ਤੇ ਸ਼ਹਿਰੀ ਲੋਕਤੰਤਰ-** ਲੋਕਤੰਤਰ ਨੂੰ ਸਥਾਨਕ ਪੱਧਰ ਤੱਕ ਪੁੱਜਦਾ ਕਰਨ ਲਈ ਸੰਨ 1972 ਵਿੱਚ 73ਵੀਂ ਸੋਧ ਰਾਹੀਂ ਪਿੰਡ ਪੱਧਰ 'ਤੇ ਸਰਕਾਰ ਪੰਚਾਇਤ ਬਣਾਉਣ ਦਾ ਵੱਡਾ ਕਦਮ ਸੀ ਅਤੇ 74ਵੀਂ ਸੋਧ ਸ਼ਹਿਰੀ ਲੋਕਤੰਤਰ ਨਾਲ ਸੰਬੰਧਿਤ ਹੈ।

5. **ਭਾਰਤੀ ਸੰਵਿਧਾਨ ਦੀ 7ਵੀਂ ਅਨੁਸੂਚੀ ਅਨੁਸਾਰ ਸੰਵਿਧਾਨਿਕ ਸੂਚੀਆਂ ਉੱਤੇ ਵਿਸਤ੍ਰਿਤ ਨੋਟ ਲਿਖੋ।**

ਉੱਤਰ- ਭਾਰਤੀ ਸੰਵਿਧਾਨ ਦੀ 7ਵੀਂ ਅਨੁਸੂਚੀ ਅਧੀਨ ਰਾਸ਼ਟਰੀ ਮਹੱਤਤਾ ਦੇ ਵਿਸ਼ੇ ਕੇਂਦਰੀ ਸਰਕਾਰ ਕੋਲ, ਸਥਾਨਕ ਮਹੱਤਤਾ ਦੇ ਵਿਸ਼ੇ ਰਾਜਾਂ ਦੀਆਂ ਸਰਕਾਰਾਂ ਕੋਲ ਅਤੇ ਸਾਂਝੀ ਮਹੱਤਤਾ ਦੇ ਵਿਸ਼ੇ ਦੋਵੇਂ ਸਰਕਾਰਾਂ ਦੇ ਅਧੀਨ ਦਿੱਤੇ ਗਏ ਹਨ-

**1.ਸੰਘੀ ਸੂਚੀ**- ਸੰਘੀ ਸੂਚੀ ਵਿੱਚ ਰਾਸ਼ਟਰੀ ਮਹੱਤਤਾ ਵਾਲੇ 97 ਵਿਸ਼ੇ ਸ਼ਾਮਿਲ ਸਨ। ਪਰ 42ਵੀਂ ਸੋਧ ਉਪਰੰਤ ਵਿਸ਼ਿਆਂ ਦੀ ਗਿਣਤੀ 98 ਹੋ ਗਈ ਹੈ। ਅਜਿਹੇ ਵਿਸ਼ਿਆਂ 'ਤੇ ਸਾਰੇ ਦੇਸ਼ ਲਈ ਇੱਕੋ ਜਿਹੇ ਕਾਨੂੰਨਾਂ ਦੀ ਲੋੜ ਹੈ। ਇਹਨਾਂ ਵਿਸ਼ਿਆਂ 'ਤੇ ਕਾਨੂੰਨ ਬਣਾਉਣ ਦਾ ਅਧਿਕਾਰ ਕੇਂਦਰੀ ਸੰਸਦ ਕੋਲ ਹੈ ਜਿਵੇਂ- ਵਿਦੇਸ਼ੀ ਮਾਮਲੇ, ਸੁਰੱਖਿਆ, ਬੈਂਕਿੰਗ, ਰੇਲਵੇ, ਡਾਕ ਸੇਵਾ, ਜਹਾਜ਼ਰਾਨੀ, ਅੰਤਰਰਾਸ਼ਟਰੀ ਸੰਧੀਆਂ, ਸਮਝੌਤੇ ਯੁੱਧ ਆਦਿ।

**2. ਰਾਜ ਸੂਚੀ**- ਰਾਜ ਸੂਚੀ ਅਧੀਨ ਪਹਿਲਾਂ 66 ਵਿਸ਼ੇ ਸਨ, ਪਰ 42ਵੀਂ ਸੋਧ ਉਪਰੰਤ ਪੰਜ ਵਿਸ਼ੇ ਰਾਜ ਸੂਚੀ ਵਿੱਚੋਂ ਕੱਢ ਕੇ ਸਮਵਰਤੀ ਸੂਚੀ ਵਿੱਚ ਪਾ ਦਿੱਤੇ ਗਏ। ਇਹਨਾਂ ਵਿਸ਼ਿਆਂ ਬਾਰੇ ਹਰ ਰਾਜ ਦੀ ਸਰਕਾਰ ਆਪਣੇ ਨਿਯਮਾਂ ਅਨੁਸਾਰ ਕਾਨੂੰਨ ਬਣਾ ਸਕਦੀ ਹੈ। ਜਿਵੇਂ ਜੇਲ੍ਹਾਂ, ਨਿਆਂ, ਹੇਠਲੀਆਂ ਅਦਾਲਤਾਂ, ਜਨਤਕ ਸਿਹਤ, ਸਫਾਈ, ਖੇਤੀਬਾੜੀ ਆਦਿ।

**3. ਸਮਵਰਤੀ ਸੂਚੀ-** ਸਮਵਰਤੀ ਸੂਚੀ ਵਿੱਚ ਪਹਿਲਾਂ 47 ਵਿਸ਼ੇ ਸਨ। ਪਰ 42ਵੀਂ ਸੋਧ ਉਪਰੰਤ ਵਿਸ਼ਿਆਂ ਦੀ ਗਿਣਤੀ 52 ਹੋ ਗਈ ਹੈ। ਇਹਨਾਂ ਵਿਸ਼ਿਆਂ 'ਤੇ ਦੋਵੇਂ ਪੱਧਰਾਂ ਦੀਆਂ ਸਰਕਾਰਾਂ ਭਾਵ ਕੇਂਦਰ ਤੇ ਰਾਜ ਦੋਵੇਂ ਕਾਨੂੰਨ ਬਣਾ ਸਕਦੇ ਹਨ। ਪਰ ਦੋਵੇਂ ਸਰਕਾਰਾਂ ਦੇ ਕਾਨੂੰਨੀ ਮੱਤਭੇਦ ਦੀ ਦ੍ਰਿਸ਼ਟੀ ਵਿੱਚ ਕੇਂਦਰੀ ਸਰਕਾਰ ਦਾ ਕਾਨੂੰਨ ਲਾਗੂ ਹੋਵੇਗਾ। ਜਿਵੇਂ ਸਿੱਖਿਆ, ਵਿਆਹ, ਤਲਾਕ, ਅਖਬਾਰਾਂ, ਖਾਣ-ਪੀਣ ਦੀਆਂ ਵਸਤੂਆਂ ਦੀ ਮਿਲਾਵਟ, ਉੱਤਰਾਧਿਕਾਰ ਕੀਮਤ ਕੰਟਰੋਲ ਆਦਿ।

ਜੋ ਵਿਸ਼ੇ ਇਹਨਾਂ ਤਿੰਨਾਂ ਸੂਚੀਆਂ ਤੋਂ ਬਾਅਦ ਬੱਚ ਜਾਂਦੇ ਹਨ ਉਹਨਾਂ ਨੂੰ ਬਚੀਆਂ ਸ਼ਕਤੀਆਂ ਕਿਹਾ ਜਾਂਦਾ ਹੈ ਅਤੇ ਉਹਨਾਂ ਉੱਪਰ ਕਾਨੂੰਨ ਬਣਾਉਣ ਦੀ ਸ਼ਕਤੀ ਕੇਂਦਰੀ ਸਰਕਾਰ ਕੋਲ ਹੈ।

6. **ਭਾਰਤ ਵਿੱਚ ਰਾਜਨੀਤਿਕ ਦਲਾਂ ਦੀ ਕੀ ਲੋੜ ਹੈ ਤੇ ਇਹਨਾਂ ਪਾਰਟੀਆਂ ਦੇ ਕੀ ਕੰਮ ਹਨ?**

**ਉੱਤਰ**- ਰਾਜਨੀਤਿਕ ਦਲ ਲੋਕਤੰਤਰੀ ਰਾਜਨੀਤਿਕ ਪ੍ਰਣਾਲੀ ਦੀਆਂ ਮੁੱਢਲੀਆਂ ਸੰਸਥਾਵਾਂ ਹੁੰਦੀਆਂ ਹਨ। ਰਾਜਨੀਤਿਕ ਦਲ ਜਾਂ ਸਿਆਸੀ ਪਾਰਟੀਆਂ ਲੋਕਾਂ ਦੇ ਅਜਿਹੇ ਸਮੂਹ ਹੁੰਦੇ ਹਨ ਜੋ ਕੁੱਝ ਠੋਸ ਸਿਧਾਂਤਾਂ 'ਤੇ ਸਹਿਮਤ ਹੁੰਦੇ ਹਨ। ਸਮੂਹਿਕ ਤੌਰ 'ਤੇ ਸੰਵਿਧਾਨਿਕ ਸਾਧਨਾਂ ਦੁਆਰਾ ਇਹਨਾਂ ਸਿਧਾਂਤਾਂ ਦੇ ਅਧਾਰ 'ਤੇ ਰਾਜਨੀਤਿਕ ਸੱਤਾ ਹਾਸਲ ਕਰਕੇ ਸਰਕਾਰ ਬਣਾਉਂਦੇ ਹਨ ਜੋ ਲੋਕਤੰਤਰੀ ਸਿਧਾਂਤਾਂ ਉੱਤੇ ਕਾਰਜ ਕਰਦੀ ਹੈ। ਲੋਕਤੰਤਰੀ ਪ੍ਰਣਾਲੀ ਵਿੱਚ ਜੇਕਰ ਦਲਾਂ ਦੀ ਹੋਂਦ ਨਾ ਹੋਵੇ ਤਾਂ ਚੋਣਾਂ ਵਿੱਚ ਅਜ਼ਾਦ ਵਿਅਕਤੀ ਚੁਣੇ ਜਾਣਗੇ ਤੇ ਉਹਨਾਂ ਲਈ ਸਦਨ ਵਿੱਚ ਬਹੁਮੱਤ ਸਾਬਿਤ ਕਰਨ ਹਿੱਤ ਇਕੱਠੇ ਹੋਣ ਔਖਾ ਹੋ ਜਾਵੇਗਾ ਕਿਉਂਕਿ ਉਹਨਾਂ ਦੇ ਵਿਚਾਰਾਂ ਵਿੱਚ ਬਹੁਤ ਭਿੰਨਤਾ ਹੋਵੇਗੀ ਜੋ ਸਰਕਾਰ ਦੀ ਏਕਤਾ ਲਈ ਖਤਰਾ ਸਿੱਧ ਹੋਵੇਗੀ। ਖਾਸ ਤੌਰ 'ਤੇ ਜਿਨ੍ਹਾਂ ਸਮਾਜਾਂ ਵਿੱਚ ਜਿੱਥੇ ਵੱਖ-ਵੱਖ ਧਰਮਾਂ ਜਾਤਾਂ ਨਸਲਾਂ ਦੇ ਲੋਕ ਰਹਿੰਦੇ ਹਨ ਉੱਥੇ ਰਾਜਨੀਤਿਕ ਦਲ ਹੋਰ ਵੀ ਬਹੁਤ ਜ਼ਰੂਰੀ ਹਨ। ਰਾਜਨੀਤਿਕ ਦਲ ਸਮਾਜ ਦੇ ਵੱਖ-ਵੱਖ ਵਰਗਾਂ ਦੇ ਲੋਕਾਂ ਨੂੰ ਇੱਕ ਮੰਚ 'ਤੇ ਇਕੱਠਾ ਕਰਨ ਦਾ ਯਤਨ ਕਰਦੇ ਹਨ ਜਿਸ ਨਾਲ ਸਮਾਜ ਵਿੱਚ ਏਕਤਾ ਬਣੀ ਰਹਿੰਦੀ ਹੈ। ਸਮਾਜ ਵਿੱਚ ਏਕਤਾ ਹੀ ਰਾਸ਼ਟਰੀ ਏਕਤਾ ਦਾ ਆਧਾਰ ਬਣਦੀ ਹੈ। ਇਸ ਲਈ ਭਾਰਤ ਵਿੱਚ ਰਾਜਨੀਤਿਕ ਦਲਾਂ ਦੀ ਲੋੜ ਹੈ।

**ਪਾਰਟੀਆਂ ਦੇ ਕੰਮ-** ਰਾਜਨੀਤਿਕ ਪਾਰਟੀਆਂ ਆਮ ਤੌਰ 'ਤੇ ਹੇਠ ਲਿਖੇ ਕੰਮ ਕਰਦੀਆਂ ਹਨ-

- ਲੋਕਤੰਤਰੀ ਪ੍ਰਣਾਲੀ ਵਿੱਚ ਰਾਜਨੀਤਿਕ ਦਲਾਂ ਦਾ ਮੁੱਖ ਕੰਮ ਲੋਕ ਮੱਤ ਨੂੰ ਸੰਗਠਿਤ ਕਰਨਾ ਹੁੰਦਾ ਹੈ।
- ਰਾਜਨੀਤਿਕ ਦਲ ਰਾਜਨੀਤਿਕ ਗਤੀਵਿਧੀਆਂ ਕਰਕੇ ਲੋਕਾਂ ਅੰਦਰ ਦੇਸ਼ ਦੀ ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਸਮੱਸਿਆਵਾਂ ਪ੍ਰਤੀ ਜਾਗਰੂਕਤਾ ਪੈਦਾ ਕਰਦੇ ਹਨ।
- ਲੋਕਾਂ ਦੀਆਂ ਸਮੱਸਿਆਵਾਂ ਤੇ ਇੱਛਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਰਾਜਨੀਤਿਕ ਦਲ ਜਾਂ ਸਿਆਸੀ ਪਾਰਟੀਆਂ ਸਾਂਝੇ ਜਨਤਕ ਹਿੱਤਾਂ ਨੂੰ ਸੂਤਰਬੱਧ ਕਰਕੇ ਅਜਿਹੀਆਂ ਨੀਤੀਆਂ ਬਣਾਉਂਦੇ ਹਨ ਜਿਨਾਂ ਨਾਲ ਉਹਨਾਂ ਹਿੱਤਾਂ ਦੀ ਪੂਰਤੀ ਹੋ ਸਕੇ।
- ਰਾਜਨੀਤਿਕ ਦਲ ਜਾਂ ਸਿਆਸੀ ਪਾਰਟੀਆਂ ਲੋਕਾਂ ਨੂੰ ਭਵਿੱਖ ਲਈ ਰਾਜਨੀਤਿਕ ਆਗੂ ਤੇ ਅਗਵਾਈ ਪ੍ਰਦਾਨ ਕਰਦੇ ਹਨ। ਉਹ ਰਾਜਨੀਤਿਕ ਨੇਤਾਵਾਂ ਲਈ ਸਿਖਲਾਈ ਦਾ ਮੰਚ ਵੀ ਪ੍ਰਦਾਨ ਕਰਦੇ ਹਨ।
- ਰਾਜਨੀਤਿਕ ਪ੍ਰਣਾਲੀ ਵਿੱਚ ਰਾਜਨੀਤਿਕ ਦਲ ਚੋਣਾਂ ਲੜ ਕੇ ਸਰਕਾਰਾਂ ਬਣਾਉਂਦੇ ਹਨ।
- ਰਾਜਨੀਤਿਕ ਦਲ ਜਾਂ ਸਿਆਸੀ ਪਾਰਟੀ ਸਰਕਾਰ ਅਤੇ ਜਨਤਾ ਵਿਚਕਾਰ ਕੜੀ ਦਾ ਕੰਮ ਕਰਦੇ ਹਨ।

7. **ਦਲ ਪ੍ਰਣਾਲੀ ਦੀਆਂ ਵਿਸ਼ੇਸ਼ਤਾਵਾਂ ਦੀ ਵਿਆਖਿਆ ਕਰੋ।**

ਉੱਤਰ- ਭਾਰਤੀ ਦਲ ਪ੍ਰਣਾਲੀ ਦੀਆਂ ਵਿਸ਼ੇਸਤਾਵਾਂ ਹੇਠ ਲਿਖੇ ਅਨੁਸਾਰ ਹਨ-

1. **ਬਹੁ-ਦਲ ਪ੍ਰਣਾਲੀ ਪ੍ਰਬੰਧ** - ਭਾਰਤ ਵਿੱਚ ਬਹੁ-ਦਲੀ ਪ੍ਰਣਾਲੀ ਪ੍ਰਚਲਿਤ ਹੈ। ਵਰਤਮਾਨ ਸਮੇਂ ਭਾਰਤ ਵਿੱਚ 50 ਦੇ ਲਗਭਗ ਕੌਮੀ ਅਤੇ ਖੇਤਰੀ ਪਾਰਟੀਆਂ ਹਨ।
2. **ਇਕ ਦਲ (ਏਕਾਅਧਿਕਾਰ ਪ੍ਰਣਾਲੀ)-** ਭਾਰਤੀ ਦਲ ਪ੍ਰਣਾਲੀ ਦੇ ਇਤਿਹਾਸ ਤੋਂ ਸਾਨੂੰ ਪਤਾ ਲੱਗਦਾ ਹੈ ਕਿ ਭਾਰਤ ਵਿੱਚ ਭਾਵੇਂ ਬਹੁਤ ਸਾਰੀਆਂ ਪਾਰਟੀਆਂ ਰਾਜਨੀਤੀ ਵਿੱਚ ਕਿਰਿਆਸ਼ੀਲ ਹਨ ਪਰ ਇਹਨਾਂ ਵਿੱਚੋਂ ਇੱਕ ਦਲ ਦੀ ਅਜ਼ਾਰੇਦਾਰੀ ਰਹੀ ਹੈ। ਸੰਨ 1977 ਅਤੇ 1989 ਦੀਆਂ ਚੋਣਾਂ ਨੂੰ ਛੱਡ ਕੇ ਸੰਨ 1952 ਤੋਂ ਲੈ ਕੇ 1996 ਤੱਕ ਕਾਂਗਰਸ ਦਲ ਨੇ ਕੇਂਦਰ ਵਿੱਚ ਸਰਕਾਰਾਂ ਦਾ ਗਠਨ ਕੀਤਾ ਹੈ। ਹੁਣ ਸੰਨ 2014 ਤੇ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਇੱਕ ਵਾਰ ਫਿਰ ਏਕਾਅਧਿਕਾਰ ਵਾਲੀ ਸਥਿਤੀ ਪੈਦਾ ਹੋ ਗਈ ਹੈ। ਐਨ.ਡੀ.ਏ ਨੇ ਪੂਰਨ ਬਹੁਮੱਤ ਵਾਲੀ ਸਰਕਾਰ ਬਣਾਈ ਹੈ। ਹਾਲਾਂਕਿ ਸੰਨ 2024 ਵਿੱਚ ਮੁੜ ਗਠਬੰਧਨ ਹੀ ਕਰਕੇ ਐਨ.ਡੀ.ਏ ਨੇ ਕੇਂਦਰ ਸਰਕਾਰ ਬਣਾਈ ਹੈ।

**3. ਸੰਪਰਦਾਇਕ ਅਤੇ ਜਾਤੀ 'ਤੇ ਅਧਾਰਿਤ ਦਲਾਂ ਦੀ ਹੋਂਦ-** ਭਾਰਤ ਦੀ ਰਾਜਨੀਤੀ ਦੇ ਦ੍ਰਿਸ਼ ਤੋਂ ਪਤਾ ਲੱਗਦਾ ਹੈ ਕਿ ਭਾਰਤ ਵਿੱਚ ਜਾਤੀ ਅਤੇ ਧਰਮ ਦੇ ਅਧਾਰਿਤ ਦਲਾਂ ਦਾ ਨਿਰਮਾਣ ਕੀਤਾ ਜਾਂਦਾ ਹੈ। ਉਦਾਹਰਣ ਦੇ ਤੌਰ 'ਤੇ ਹਿੰਦੂ ਮਹਾਂ ਸਭਾ, ਸ਼ਿਵ ਸੈਨਾ, ਮੁਸਲਿਮ ਲੀਗ, ਮੁਸਲਿਮ ਮਜਲਿਸ ਆਦਿ ਧਰਮਾਂ 'ਤੇ ਅਧਾਰਿਤ ਰਾਜਨੀਤਿਕ ਦਲ ਹਨ।

**4. ਖੇਤਰੀ ਦਲਾਂ ਦੀ ਮਹੱਤਤਾ**- ਭਾਰਤ ਭਿੰਨਤਾਵਾਂ ਭਰਿਆ ਦੇਸ਼ ਹੈ ਤੇ ਇਸ ਦੇ ਨਾਗਰਿਕਾਂ ਵਿੱਚ ਸੱਭਿਆਚਾਰਕ ਰੀਤੀ-ਰਿਵਾਜਾਂ ਦੇ ਅਧਾਰ 'ਤੇ ਵੱਡੇ ਪੱਧਰ 'ਤੇ ਭਿੰਨਤਾਵਾਂ ਮਿਲਦੀਆਂ ਹਨ। ਰਾਸ਼ਟਰੀ ਦਲਾਂ ਦੇ ਨਾਲ-ਨਾਲ ਭਾਰਤ ਵਿੱਚ ਖੇਤਰੀ ਲੋੜਾਂ 'ਤੇ ਭਾਰਤੀ ਨਾਗਰਿਕਾਂ ਦੀ ਭਾਸ਼ਾ ਅਤੇ ਇਲਾਕੇ ਦੇ ਆਧਾਰ ਤੇ ਵੀ ਆਪਣੀ ਨਿਵੇਕਲੀ ਪਛਾਣ ਵਿਕਸਿਤ ਕਰਨ ਦੀ ਇੱਛਾ ਕਾਰਨ, 1966 ਦੇ ਦਹਾਕੇ ਵਿੱਚ ਕਈ ਖੇਤਰੀ ਦਲਾਂ ਦਾ ਨਿਰਮਾਣ ਹੋਇਆ। ਜਿਵੇਂ ਕਿ ਆਂਧਰਾ ਪ੍ਰਦੇਸ਼ ਵਿੱਚ ਤੈਲਗੂ ਦੇਸ਼ਮ ਪਾਰਟੀ, ਤਾਮਿਲਨਾਡੂ ਵਿੱਚ ਦ੍ਰਵਿੜ ਮੁਨੇਤਰ ਕੜ੍ਹਗਜ਼ਮ, ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ, ਅਸਮ ਵਿੱਚ ਅਸਮ ਗਣ ਪ੍ਰੀਸ਼ਦ ਅਤੇ ਜੰਮੂ ਕਸ਼ਮੀਰ ਵਿੱਚ ਨੈਸ਼ਨਲ ਕਾਨਫਰੰਸ ਆਦਿ।

**5. ਦਲ-ਬਦਲੀ ਅਤੇ ਦਲਾਂ ਵਿੱਚ ਫੁੱਟ**- ਭਾਰਤ ਦੇ ਸਾਰੇ ਲਗਭਗ ਦਲਾਂ ਵਿੱਚ ਫੁੱਟ ਅਤੇ ਦਲ-ਬਦਲੀ ਦਾ ਰੁਝਾਨ ਦੇਖਣ ਨੂੰ ਮਿਲਦਾ ਹੈ। ਭਾਰਤ ਦੇ ਸੰਵਿਧਾਨ ਵਿੱਚ 52ਵੀਂ ਅਤੇ 91ਵੀਂ ਸੰਵਿਧਾਨਿਕ ਸੋਧ ਰਾਹੀਂ ਦਲ-ਬਦਲੀ ਦੀ ਕੁਰੀਤੀ 'ਤੇ ਰੋਕ ਲਗਾਈ ਗਈ ਹੈ। ਪਰ ਫਿਰ ਵੀ ਭਾਰਤ ਦੀਆਂ ਸਿਆਸੀ ਪਾਰਟੀਆਂ ਵਿਚਾਲੇ ਫੁੱਟ ਅਤੇ ਦਲ ਬਦਲੀ ਦੀ ਕੁਰੀਤੀ ਕਿਸੇ ਨਾ ਕਿਸੇ ਰੂਪ ਵਿੱਚ ਪ੍ਰਚਲਿਤ ਹੈ।

**6. ਮਜ਼ਬੂਤ ਵਿਰੋਧੀ ਦਲ ਦੀ ਘਾਟ-**ਸੰਸਦੀ ਲੋਕਤੰਤਰ ਦੀ ਸਫ਼ਲਤਾ ਕਾਫੀ ਹੱਦ ਤੱਕ ਮਜਬੂਤ ਵਿਰੋਧੀ ਦਲ ਦੀ ਹੋਂਦ 'ਤੇ ਨਿਰਭਰ ਕਰਦੀ ਹੈ ਕਿਉਂਕਿ ਇੱਕ ਮਜ਼ਬੂਤ ਵਿਰੋਧੀ ਦਲ ਸ਼ਾਸਨ ਦਲ ਤੇ ਲਗਾਮ ਦੀ ਤਰ੍ਹਾਂ ਕੰਮ ਕਰਦਾ ਹੈ ਤੇ ਉਸਦੀ ਜਨਤਾ ਪ੍ਰਤੀ ਜ਼ਿੰਮੇਵਾਰੀ ਨੂੰ ਯਕੀਨੀ ਬਣਾਉਂਦਾ ਹੈ ਪਰ ਭਾਰਤ ਵਿੱਚ ਵਿਰੋਧੀ ਦਲ ਦਾ ਸਰੂਪ ਬਹੁ-ਦਲੀ ਹੈ। ਇਹਨਾਂ ਦਲਾਂ ਵਿੱਚ ਏਕਤਾ ਦੀ ਘਾਟ ਕਾਰਨ ਕਦੇ ਵੀ ਮਜ਼ਬੂਤ ਵਿਰੋਧੀ ਦਲ ਹੋਂਦ ਵਿੱਚ ਨਹੀਂ ਆ ਸਕਿਆ।

**8. ਭਾਰਤੀ ਲੋਕਤੰਤਰ ਵਿੱਚ ਇਸਤਰੀਆਂ ਦਾ ਸਨਮਾਨ ਕਿਵੇਂ ਸਥਾਪਿਤ ਕੀਤਾ ਗਿਆ?**

ਉੱਤਰ- ਭਾਰਤੀ ਸੰਵਿਧਾਨ ਦੇ ਰਚਨਕਾਰਾਂ ਨੇ ਇਸਤਰੀਆਂ ਨੂੰ ਮਰਦਾਂ ਦੇ ਬਰਾਬਰ ਅਧਿਕਾਰ ਦੇ ਕੇ ਇੱਕ ਬਹੁਤ ਵੱਡੀ ਪ੍ਰਾਪਤੀ ਕੀਤੀ ਹੈ। ਸੰਸਾਰ ਦੇ ਵਿਕਸਿਤ ਦੇਸ਼ ਜਿਵੇਂ ਅਮਰੀਕਾ, ਇੰਗਲੈਂਡ, ਕੈਨੇਡਾ, ਸਵਿਟਜ਼ਰਲੈਂਡ ਨੇ ਇਸਤਰੀਆਂ ਨੂੰ ਭਾਰਤ ਤੋਂ ਬਹੁਤ ਸਮੇਂ ਬਾਅਦ ਮਰਦਾਂ ਦੇ ਬਰਾਬਰ ਕਰ ਦਿੱਤੇ ਹਨ ਪਰ ਭਾਰਤ ਵਿੱਚ 26 ਜਨਵਰੀ 1950 ਤੋਂ ਸੰਵਿਧਾਨ ਲਾਗੂ ਹੋਣ ਦੇ ਨਾਲ ਹੀ ਇਸਤਰੀਆਂ ਨੂੰ ਮਰਦਾਂ ਦੇ ਬਰਾਬਰ ਅਧਿਕਾਰ ਦੇ ਦਿੱਤੇ ਗਏ ਸਨ ਜਿਸ ਨਾਲ ਇਸਤਰੀਆਂ ਦੇ ਸਮਾਜਿਕ ਰੁਤਬੇ ਤੇ ਆਦਰ-ਮਾਣ ਵਿੱਚ ਵਾਧਾ ਹੋਇਆ ਹੈ। ਹੁਣ ਇਸਤਰੀਆਂ ਜੀਵਨ ਦੇ ਹਰ ਪੱਖ ਵਿੱਚ ਆਪਣਾ ਯੋਗਦਾਨ ਦੇ ਰਹੀਆਂ ਹਨ। ਇਸਤਰੀਆਂ ਦਾ ਰਾਜਨੀਤਿਕ ਸੱਭਿਆਚਾਰ ਵਿੱਚ ਵੀ ਵਾਧਾ ਹੋਇਆ ਹੈ। ਭਾਰਤੀ ਲੋਕਤੰਤਰ ਨੇ ਸਦੀਆਂ ਤੋਂ ਪੈਦਾ ਹੋਏ ਖੱਪੇ ਨੂੰ ਪੂਰਦਿਆਂ ਇਸਤਰੀਆਂ ਦੇ ਮਾਣ-ਇੱਜ਼ਤ ਨੂੰ ਸਥਾਪਿਤ ਕੀਤਾ ਹੈ।

9. **ਭਾਰਤੀ ਨਾਗਰਿਕਾਂ ਵਿੱਚ ਰਾਜਨੀਤਿਕ ਚੇਤਨਤਾ ਦਾ ਵਿਕਾਸ ਕਿਵੇਂ ਹੋਇਆ?**

ਉੱਤਰ- 1. ਲੋਕ ਆਪਣੇ ਅਧਿਕਾਰਾਂ ਪ੍ਰਤੀ ਪਹਿਲਾਂ ਨਾਲੋਂ ਵਧੇਰੇ ਜਾਗਰੂਕ ਹੋ ਗਏ ਹਨ। ਅਧਿਕਾਰਾਂ ਦੀ ਉਲੰਘਣਾ ਨੂੰ ਸਹਿਣ ਨਹੀਂ ਕਰਦੇ। ਉਹਨਾਂ ਦੇ ਅਧਿਕਾਰਾਂ ਦੀ ਜੇਕਰ ਉਲੰਘਣਾ ਹੁੰਦੀ ਹੈ ਤਾਂ ਲੋੜੀਂਦੇ ਕਦਮ ਚੁੱਕੇ ਜਾਂਦੇ ਹਨ।

2. ਭ੍ਰਿਸ਼ਟਾਚਾਰ ਬਹੁਤ ਵੱਧ ਚੁੱਕਾ ਹੈ ਤੇ ਹੁਣ ਲੋਕ ਭ੍ਰਿਸ਼ਟ ਵਿਅਕਤੀਆਂ ਦੀਆਂ ਗਤੀਵਿਧੀਆਂ ਨੂੰ ਸਾਹਮਣੇ ਲਿਆਉਣ ਤੋਂ ਸੰਕੋਚ ਨਹੀਂ ਕਰਦੇ।

3. ਲੋਕਾਂ ਦੀ ਰਾਜਨੀਤਿਕ ਭਾਈਵਾਲੀ ਤੇ ਚੋਣ ਸੰਬੰਧੀ ਜ਼ਿੰਮੇਵਾਰੀ ਹਰੇਕ ਚੋਣ ਪ੍ਰਕਿਰਿਆ ਦੇ ਨਾਲ-ਨਾਲ ਵੱਧ ਰਹੀ ਹੈ। ਲੋਕ ਗੁਣਾਤਮਕ ਪੱਖ ਤੋਂ ਚੋਣਾਂ ਵਿੱਚ ਵਧੇਰੇ ਰੁਚੀ ਰੱਖਣ ਲੱਗ ਪਏ ਹਨ।

4.ਜਿਹੜੇ ਰਾਜਨੀਤਿਕ ਦਲਾਂ ਦੀ ਕਾਰਜਸ਼ੀਲਤਾ ਲੋਕਾਂ ਦੀਆਂ ਇੱਛਾਵਾਂ ਅਨੁਸਾਰ ਨਹੀਂ ਹੁੰਦੀ ਅਜਿਹੇ ਦਲਾਂ ਨੂੰ ਲੋਕਾਂ ਵੱਲੋਂ ਨਕਾਰ ਦਿੱਤਾ ਜਾਂਦਾ ਹੈ।

5. ਕੋਈ ਸਮਾਂ ਸੀ ਜਦੋਂ ਕੇਂਦਰੀ ਸਰਕਾਰ ਰਾਜਾਂ ਵਿੱਚ ਸਥਾਪਿਤ ਵਿਰੋਧੀ ਦਲ ਦੀਆਂ ਸਰਕਾਰਾਂ, ਆਪਣੇ ਮੰਤਵਾਂ ਦੀ ਪੂਰਤੀ ਲਈ, ਧਾਰਾ -356 ਦੀ ਵਰਤੋਂ ਕਰਕੇ ਤੋੜ ਦਿੰਦੀਆਂ ਸਨ ਪਰ ਹੁਣ ਅਜਿਹਾ ਕਰਨਾ ਕੇਂਦਰੀ ਸਰਕਾਰ ਲਈ ਮੁਸ਼ਕਿਲ ਹੋ ਗਿਆ ਹੈ।

6.ਦਲ ਬਦਲੀ ਦੀ ਘਿਨਾਉਣੀ ਬੁਰਾਈ ਭਾਰਤੀ ਲੋਕਤੰਤਰ ਨੂੰ ਕਮਜ਼ੋਰ ਕਰ ਰਹੀ ਸੀ। ਪਰ ਸੰਨ 1985 ਵਿੱਚ 52ਵੀਂ ਸੋਧ ਦੁਆਰਾ ਦਲ-ਬਦਲੀ ਵਿਰੋਧੀ ਐਕਟ ਪਾਸ ਹੋਣ ਨਾਲ ਇਸ ਬੁਰਾਈ ਨੂੰ ਕਾਫੀ ਹੱਦ ਤੱਕ ਖਤਮ ਕਰ ਦਿੱਤਾ ਗਿਆ ਹੈ। ਦਲ-ਬਦਲੂ ਤੇ ਮੌਕਾ ਪ੍ਰਸਤ ਨੇਤਾਵਾਂ ਪ੍ਰਤੀ ਲੋਕਾਂ ਅੰਦਰ ਘ੍ਰਿਣਾ ਪੈਦਾ ਹੋਏ ਹੈ। ਇਹਨਾਂ ਤੱਥਾਂ ਤੋਂ ਸਪੱਸ਼ਟ ਹੁੰਦਾ ਕਿ ਭਾਰਤ ਵਿੱਚ ਲੋਕ ਭਾਈਵਾਲੀ ਤੇ ਰਾਜਨੀਤਿਕ ਚੇਤਨਾ ਵਿੱਚ ਵਾਧਾ ਹੋਇਆ ਹੈ।

10. **ਭਾਰਤੀ ਲੋਕਤੰਤਰ ਨੂੰ ਮਜ਼ਬੂਤ ਬਣਾਉਣ ਲਈ ਕੋਈ ਚਾਰ ਤੱਤਾਂ ਦੀ ਵਿਆਖਿਆ ਕਰੋ?**

**ਉੱਤਰ- ਭਾਰਤੀ ਲੋਕਤੰਤਰ ਨੂੰ ਬਹੁਤ ਸਾਰੇ ਤੱਤ ਮਜ਼ਬੂਤ ਬਣਾਉਂਦੇ ਹਨ। ਇਹਨਾਂ ਦਾ ਵਰਣਨ ਇਸ ਪ੍ਰਕਾਰ ਹੈ-**

**1.ਆਗੂਆਂ ਤੇ ਲੋਕਾਂ ਦਾ ਉੱਚਾ ਨੈਤਿਕ ਪੱਧਰ**- ਉੱਚਾ ਨੈਤਿਕ ਪੱਧਰ ਰੱਖਣ ਵਾਲੇ ਲੋਕ ਹੀ ਲੋਕਤੰਤਰ ਨੂੰ ਸਫ਼ਲ ਅਤੇ ਮਜ਼ਬੂਤ ਬਣਾ ਸਕਣਗੇ। ਜੇਕਰ ਦੇਸ਼ ਦੇ ਲੋਕ, ਰਾਜਨੀਤਿਕ ਨੇਤਾ ਤੇ ਸ਼ਾਸਕ ਭ੍ਰਿਸ਼ਟ ਹੋਣਗੇ ਤਾਂ ਲੋਕਤੰਤਰ ਢਹਿ-ਢੇਰੀ ਹੋ ਜਾਵੇਗਾ।

**2.ਸਿੱਖਿਅਤ ਨਾਗਰਿਕ**- ਸਿੱਖਿਅਤ ਅਤੇ ਪੜ੍ਹੇ-ਲਿਖੇ ਨਾਗਰਿਕ ਹੀ ਲੋਕਤੰਤਰ ਨੂੰ ਸਫ਼ਲ ਬਣਾ ਸਕਦੇ ਹਾਨ। ਕੇਵਲ ਪੜ੍ਹੇ-ਲਿਖੇ ਨਾਗਰਿਕ ਹੀ ਦੇਸ਼ ਦੀਆਂ ਰਾਜਨੀਤਿਕ, ਆਰਥਿਕ ਅਤੇ ਸਮਾਜਿਕ ਸਮੱਸਿਆਵਾਂ ਨੂੰ ਸਮਝ ਸਕਦੇ ਹਨ ਤੇ ਉਹਨਾਂ ਨੂੰ ਹੱਲ ਕਰ ਸਕਦੇ ਹਨ। ਸਿੱਖਿਆ, ਨਾਗਰਿਕਾਂ ਦੇ ਮਨਾਂ ਵਿੱਚ ਸਮਾਂ-ਸੰਗਤ ਧਾਰਨਾਵਾਂ ਪੈਦਾ ਕਰਦੀ ਹੈ ਤੇ ਉਹਨਾਂ ਦੇ ਮਨਾਂ ਨੂੰ ਚੇਤੰਨ ਕਰਦੀ ਹੈ।

**3. ਰਾਜਨੀਤਿਕ ਆਜ਼ਾਦੀ-** ਲੋਕਾਂ ਨੂੰ ਭਾਸ਼ਣ ਦੇਣ, ਸੰਘ ਜਾਂ ਸਮੁਦਾਇ ਬਣਾਉਣ, ਇਕੱਠੇ ਹੋਣ ਅਤੇ ਪ੍ਰੈਸ ਦੀ ਆਜ਼ਾਦੀ ਹੋਣੀ ਜਰੂਰੀ ਹੈ। ਨਾਗਰਿਕਾਂ ਨੂੰ ਸਰਕਾਰ ਦੀਆਂ ਮਾੜੀਆਂ ਨੀਤੀਆਂ ਦੀ ਖੁੱਲ੍ਹਕੇ ਆਲੋਚਨਾ ਕਰਨ ਦਾ ਅਧਿਕਾਰ ਹੋਣਾ ਚਾਹੀਦਾ ਹੈ।

**4.ਆਰਥਿਕ ਸਮਾਨਤਾ**- ਆਰਥਿਕ ਸਮਾਨਤਾ ਤੋਂ ਬਿਨਾਂ ਰਾਜਨੀਤਿਕ ਸਮਾਨਤਾ ਵਿਅਰਥ ਹੈ। ਵੱਡੇ ਪੱਧਰ 'ਤੇ ਆਰਥਿਕ ਸਮਾਨਤਾ ਹੀ ਕ੍ਰਾਂਤੀ ਨੂੰ ਜਨਮ ਦਿੰਦੀ ਹੈ। ਇਹ ਠੀਕ ਹੈ ਪੂਰਨ ਆਰਥਿਕ ਸਮਾਨਤਾ ਸੰਭਵ ਨਹੀਂ ਪਰ ਦੇਸ਼ਾਂ ਦੇ ਨਾਗਰਿਕਾਂ ਦੀਆਂ ਮੁੱਢਲੀਆਂ ਲੋੜਾਂ ਪੂਰੀਆਂ ਹੋਣੀਆਂ ਜ਼ਰੂਰੀ ਹਨ। ਇਸ ਦਾ ਭਾਵ ਹੈ ਕਿ ਘੱਟੋ-ਘੱਟ ਹਰ ਨਾਗਰਿਕ ਕੋਲ ਇਤਨਾ ਧਨ ਹੋਵੇ ਕਿ ਉਹ ਆਪਣੀਆਂ ਮੁੱਢਲੀਆਂ ਲੋੜੀਆਂ ਪੂਰੀਆਂ ਕਰ ਸਕੇ ਤੇ ਕਿਸੇ ਦੂਜੇ 'ਤੇ ਨਿਰਭਰ ਨਾ ਹੋਵੇ ਤਾਂ ਹੀ ਸਮਾਜਿਕ ਵਰਤਾਰਿਆਂ ਬਾਰੇ ਸੋਚ ਸਕਣਾ ਸੰਭਵ ਹੈ।

11. **ਭਾਰਤੀ ਲੋਕਤੰਤਰ ਨੇ ਕੌਮੀ ਜੀਵਨ ਦਾ ਹਰ ਪੱਖੋਂ ਵਿਕਾਸ ਕੀਤਾ ਹੈ, ਕਿਵੇਂ?**

ਉੱਤਰ-ਭਾਰਤੀ ਲੋਕਤੰਤਰ ਨੇ ਕੌਮੀ ਜੀਵਨ ਦੇ ਹਰੇਕ ਪੱਖ ਰਾਜਨੀਤਿਕ, ਆਰਥਿਕ, ਸਮਾਜਿਕ ਅਤੇ ਸੱਭਿਆਚਾਰਕ ਪੱਖ ਵਿੱਚ ਵਿਕਾਸ ਕਰਨ ਵਿੱਚ ਇੱਕ ਮਹੱਤਵਪੂਰਣ ਭੂਮਿਕਾ ਨਿਭਾਈ ਹੈ। ਇਨ੍ਹਾਂ ਦਾ ਵਰਣਨ ਇਸ ਪ੍ਰਕਾਰ ਹੈ-

**1. ਰਾਜਨੀਤਿਕ ਵਿਕਾਸ-** ਭਾਰਤੀ ਲੋਕਾਂ ਨੂੰ ਚੋਣਾਂ ਰਾਹੀਂ ਆਪਣੀ ਸਰਕਾਰ ਬਣਾਉਣ ਦਾ ਅਧਿਕਾਰ ਮਿਲਿਆ ਹੈ। ਬਹੁਦਲੀ ਪ੍ਰਣਾਲੀ ਨੇ ਵੱਖ-ਵੱਖ ਵਿਚਾਰਾਂ ਨੂੰ ਅੱਗੇ ਲਿਆਂਦਾ ਹੈ। ਆਮ ਨਾਗਰਿਕ ਚੋਣਾਂ, ਪ੍ਰਦਰਸ਼ਨਾਂ ਅਤੇ ਅਧਿਕਾਰਾਂ ਦੀ ਮੰਗ ਰਾਹੀਂ ਰਾਜਨੀਤਿਕ ਨਿਰਣਿਆਂ 'ਚ ਭਾਗ ਲੈਂਦੇ ਹਨ।

**2. ਆਰਥਿਕ ਵਿਕਾਸ-** ਭਾਰਤੀ ਲੋਕਤੰਤਰ ਨੇ ਨਿਵੇਸ਼ ਅਤੇ ਉਦਯੋਗਿਕਤਾ ਨੂੰ ਪ੍ਰੋਤਸ਼ਾਹਿਤ ਕੀਤਾ। ਰਾਸ਼ਨ ਕਾਰਡ, ਮਨਰੇਗਾ, ਆਯੁਸ਼ਮਾਨ ਯੋਜਨਾ ਵਰਗੀਆਂ ਸਕੀਮਾਂ ਰਾਹੀਂ ਆਮ ਆਦਮੀ ਤੱਕ ਆਰਥਿਕ ਮਦਦ ਪਹੁੰਚੀ। ਮੱਧ ਵਰਗ ਦਾ ਉਭਾਰ ਹੋਇਆ ਅਤੇ ਰੋਜ਼ਗਾਰ ਦੇ ਮੌਕੇ ਵਧੇ ਹਨ।

**3. ਸਮਾਜਿਕ ਵਿਕਾਸ-** ਸੰਵਿਧਾਨ ਅਨੁਸਾਰ ਜਾਤੀ, ਧਰਮ ਜਾਂ ਲਿੰਗ ਦੇ ਆਧਾਰ 'ਤੇ ਭੇਦ-ਭਾਵ ਦੀ ਮਨਾਹੀ ਹੈ। ਸਭ ਨੂੰ ਬਰਾਬਰੀ ਦਾ ਦਰਜਾ ਦਿੱਤਾ ਗਿਆ ਹੈ। ਸਿੱਖਿਆ ਦਾ ਅਧਿਕਾਰ ਸਾਰਿਆਂ ਨੂੰ ਪ੍ਰਾਪਤ ਹੈ। ਨਾਰੀ ਸ਼ਕਤੀਕਰਨ ਲਈ ਬੇਟੀ ਬਚਾਓ, ਬੇਟੀ ਪੜ੍ਹਾਓ ਵਰਗੀਆਂ ਯੋਜਨਾਵਾਂ ਸ਼ੁਰੂ ਹੋਈਆਂ ਹਨ।

**4. ਸੱਭਿਆਚਾਰਕ ਵਿਕਾਸ-** ਸੰਵਿਧਾਨ ਨੇ ਲੋਕਾਂ ਨੂੰ ਆਪਣੀ ਮਰਜ਼ੀ ਨਾਲ ਧਰਮ ਧਾਰਨ ਕਰਨ, ਭਾਸ਼ਾ ਬੋਲਣ ਅਤੇ ਰੀਤਿ-ਰਿਵਾਜਾਂ ਦੀ ਆਜ਼ਾਦੀ ਦਿੱਤੀ। ਭਾਰਤ ਦੀ ਸੱਭਿਆਚਾਰਕ ਵਿਭਿੰਨਤਾ ਨੂੰ ਸੁਰੱਖਿਅਤ ਕੀਤਾ ਗਿਆ ਹੈ। ਰਾਜਾਂ ਨੂੰ ਸੰਵਿਧਾਨਿਕ ਪੱਖੋਂ ਵਿਸ਼ੇਸ਼ ਅਧਿਕਾਰ ਮਿਲੇ ਹਨ ਜੋ ਉਨ੍ਹਾਂ ਦੀ ਸੱਭਿਆਚਾਰਕ ਪਛਾਣ ਨੂੰ ਮਜ਼ਬੂਤ ਕਰਦੇ ਹਨ।

ਸੰਖੇਪ ਵਿੱਚ ਕਹੀਏ ਤਾਂ ਭਾਰਤੀ ਲੋਕਤੰਤਰ ਨੇ ਸਾਰੇ ਨਾਗਰਿਕਾਂ ਨੂੰ ਬਰਾਬਰ ਮੌਕੇ ਅਤੇ ਅਜ਼ਾਦੀ ਦਿੱਤੀ ਹੈ, ਜਿਸ ਨਾਲ ਕੌਮੀ ਜੀਵਨ ਹਰ ਪੱਖੋਂ ਵਿਕਸਿਤ ਹੋਇਆ ਹੈ।

12. **ਭਾਰਤੀ ਲੋਕਤੰਤਰ ਨੂੰ ਦਰਪੇਸ਼ ਹੋਈਆਂ ਤਿੰਨ ਪ੍ਰਮੁੱਖ ਵੰਗਾਰਾਂ ਦੀ ਵਿਆਖਿਆ ਕਰੋ।**

**ਉੱਤਰ-** 1.ਭਾਰਤ ਵਿੱਚ ਭਾਵੇਂ ਲੋਕਤੰਤਰ ਸਥਾਪਿਤ ਹੋ ਚੁੱਕਾ ਹੈ ਫਿਰ ਵੀ ਦੇਸ਼ ਨੂੰ ਗੰਭੀਰ ਵੰਗਾਰਾਂ ਦਾ ਸਾਹਮਣਾ ਕਰ ਰਿਹਾ ਹੈ। ਸਾਡਾ ਦੇਸ਼ ਵੱਖ-ਵੱਖ ਸਮਾਜਿਕ ਸਮੂਹਾਂ ਅਤੇ ਦੇਸ਼ ਦੇ ਕੁੱਝ ਹਿੱਸਿਆਂ ਵਿੱਚ ਲੋਕਤੰਤਰ ਪ੍ਰਤੀ ਵਿਸ਼ਵਾਸ ਪੈਦਾ ਨਹੀਂ ਕਰ ਸਕਿਆ ਹੈ। ਜਿਵੇਂ ਭਾਰਤ ਵਿੱਚ ਮਾਓਵਾਦੀ ਤੇ ਕਬਾਇਲੀ ਸਮਾਜ ਦੇ ਲੋਕਾਂ ਨੂੰ ਭਾਰਤੀ ਲੋਕਤੰਤਰ ਦੇ ਵਿਸ਼ਵਾਸ ਤੇ ਪਾਤਰ ਨਹੀਂ ਬਣਾ ਸਕੇ। ਜਿਸ ਕਾਰਨ ਇਹ ਲੋਕ ਆਮ ਤੌਰ 'ਤੇ ਸਰਕਾਰ ਵਿਰੋਧੀ ਗਤੀਵਿਧੀਆਂ ਕਰਦੇ ਰਹਿੰਦੇ ਹਨ।

**2.** ਸਾਡਾ ਦੇਸ਼ ਸਥਾਨਕ ਪੱਧਰ 'ਤੇ ਲੋਕਤੰਤਰ ਨੂੰ ਸਵੈ-ਨਿਰਭਰ ਬਣਾਉਣ ਅਤੇ ਇਹਨਾਂ ਨੂੰ ਵਧੇਰੇ ਪ੍ਰਸ਼ਾਸਨਿਕ ਸ਼ਕਤੀਆਂ ਪ੍ਰਦਾਨ ਕਰਨ ਵਿੱਚ ਸਫਲ ਨਹੀਂ ਹੋ ਸਕਿਆ। ਸਾਡੇ ਦੇਸ਼ ਵਿੱਚ ਇਹਨਾਂ ਇਕਾਈਆਂ ਦੇ ਪ੍ਰਸ਼ਾਸਨਿਕ ਮਾਮਲੇ ਵਿੱਚ ਕੇਂਦਰ ਸਰਕਾਰ ਅਕਸਰ ਦਖਲ-ਅੰਦਾਜ਼ੀ ਕਰਦੀ ਰਹਿੰਦੀ ਹੈ। ਉਦਾਹਰਨ ਦੇ ਤੌਰ 'ਤੇ 1967 ਤੱਕ ਭਾਰਤ ਵਿੱਚ ਬਣੀਆਂ ਕੇਂਦਰ ਸਰਕਾਰਾਂ ਨੂੰ ਰਾਜਾਂ ਵਿੱਚ ਬਣੀਆਂ ਗੈਰ-ਕਾਂਗਰਸੀ ਸਰਕਾਰਾਂ ਦੇ ਕੰਮ ਵਿੱਚ ਦਖਲ-ਅੰਦਾਜ਼ੀ ਕੀਤੀ। ਭਾਰਤ ਅਤੇ ਕਈ ਹੋਰ ਦੇਸ਼ ਔਰਤਾਂ ਤੇ ਘੱਟ ਗਿਣਤੀ ਭਾਈਚਾਰਿਆਂ ਨੂੰ ਲੋਕਤੰਤਰ ਵਿੱਚ ਹਿੱਸੇਦਾਰ ਬਣਾਉਣ ਵਿੱਚ ਸਫਲ ਨਹੀਂ ਹੋ ਸਕੇ। ਲੋਕਤੰਤਰ ਆਰਥਿਕ ਅਤੇ ਰਾਜਨੀਤਿਕ ਵਿਕੇਂਦਰੀਕਰਨ ਦੀ ਮੰਗ ਕਰਦਾ ਹੈ ਪਰੰਤੂ ਭਾਰਤ ਤੇ ਦੁਨੀਆਂ ਦੇ ਕਈ ਹੋਰ ਲੋਕਤੰਤਰੀ ਦੇਸ਼ ਇਸ ਸਿਧਾਂਤ ਨੂੰ ਪੂਰੀ ਤਰ੍ਹਾਂ ਲਾਗੂ ਨਹੀਂ ਕਰ ਸਕੇ।

**3.** ਤੀਜੀ ਵੰਗਾਰ ਲੋਕਤੰਤਰ ਦੀਆਂ ਜੜ੍ਹਾਂ ਨੂੰ ਮਜਬੂਤ ਕਰਨ ਸੰਬੰਧੀ ਹੈ ਜੋ ਕਿ ਹਰ ਲੋਕਤੰਤਰੀ ਦੇਸ਼ ਨੂੰ ਕਿਸੇ ਨਾ ਕਿਸੇ ਰੂਪ 'ਚ ਪੇਸ਼ ਆ ਰਹੀ ਹੈ। ਇਸ ਵੰਗਾਰ ਵਿੱਚ ਲੋਕਤੰਤਰ ਦੀਆਂ ਸੰਸਥਾਵਾਂ ਨੂੰ ਮਜ਼ਬੂਤ ਕਰਨਾ ਸ਼ਾਮਿਲ ਹੈ। ਸਪੱਸ਼ਟ ਹਾਲਤਾਂ ਵਿੱਚ ਇਸ ਦਾ ਅਰਥ ਹੈ ਕਿ ਲੋਕਾਂ ਦੀ ਭਾਗੀਦਾਰੀ ਅਤੇ ਲੋਕਾਂ ਦੇ ਨਿਯੰਤਰਣ ਨੂੰ ਲੋਕਤੰਤਰੀ ਸੰਸਥਾਵਾਂ ਜਿਵੇਂ ਲੋਕ ਸਭਾ, ਪੰਚਾਇਤੀ ਰਾਜ ਦੀਆਂ ਸੰਸਥਾਵਾਂ, ਗ੍ਰਾਮ ਪੰਚਾਇਤ, ਗ੍ਰਾਮ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਇਸੇ ਤਰ੍ਹਾਂ ਵਿਧਾਨ ਸਭਾਵਾਂ ਸ਼ਹਿਰੀ ਸਥਾਨਕ ਸੰਸਥਾਵਾਂ ਜਿਵੇਂ ਨਗਰਪਾਲਿਕਾ, ਨਗਰ ਨਿਗਮ ਆਦਿ ਵਿੱਚ ਯਕੀਨੀ ਬਣਾਇਆ ਜਾਵੇ। ਅਜਿਹਾ ਤਾਂ ਹੀ ਸੰਭਵ ਹੋ ਸਕਦਾ ਜੇਕਰ ਦੇਸ਼ ਦੇ ਧਨੀ ਅਤੇ ਸ਼ਕਤੀਸ਼ਾਲੀ ਲੋਕਾਂ ਦੇ ਪ੍ਰਭਾਵ ਨੂੰ ਸਰਕਾਰ ਦੁਆਰਾ ਲਏ ਗਏ ਫੈਸਲਿਆਂ ਵਿੱਚ ਘੱਟ ਤੋਂ ਘੱਟ ਕੀਤਾ ਜਾਵੇ।

13. **ਸੰਯੁਕਤ ਰਾਸ਼ਟਰ ਦੀ ਮਹਾਂ ਸਭਾ ਦੀ ਵਿਆਖਿਆ ਕਰੋ।**

ਉੱਤਰ-ਮਹਾਂਸਭਾ ਸੰਯੁਕਤ ਰਾਸ਼ਟਰ ਦਾ ਇੱਕ ਮਹੱਤਵਪੂਰਨ ਅੰਗ ਹੈ। ਜੇਕਰ ਮਹਾਂਸਭਾ ਨੂੰ ਸੰਯੁਕਤ ਰਾਸ਼ਟਰ ਦੀ ਵਿਧਾਨਪਾਲਿਕਾ ਕਹਿ ਦਈਏ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਇਸ ਤੋਂ ਇਲਾਵਾ ਇਸਨੂੰ '**ਸਾਰੀ ਦੁਨੀਆ ਦੀ ਨਗਰ ਬੈਠਕ**' ਵੀ ਕਿਹਾ ਜਾਂਦਾ ਹੈ। ਹਰੇਕ ਮੈਂਬਰ ਰਾਸ਼ਟਰ ਆਪਣੇ

ਪੰਜ ਪ੍ਰਤੀਨਿਧ ਮਹਾਂਸਭਾ ਵਿੱਚ ਭੇਜ ਸਕਦਾ ਹੈ, ਪਰ ਹਰੇਕ ਰਾਜ(ਦੇਸ਼) ਨੂੰ ਕੇਵਲ ਇੱਕ ਵੋਟ ਹੀ ਪ੍ਰਾਪਤ ਹੁੰਦੀ ਹੈ। ਇਸ ਤੋਂ ਇਲਾਵਾ ਕੋਈ ਵੀ ਰਾਜ (ਦੇਸ਼) ਮਹਾਂਸਭਾ ਦਾ ਮੈਂਬਰ ਬਣ ਸਕਦਾ ਹੈ। ਦੱਖਣੀ ਸੁਡਾਨ ਦੇ **14** ਜੁਲਾਈ, **2011** ਨੂੰ ਸੰਯੁਕਤ ਰਾਸ਼ਟਰ ਦੇ ਮੈਂਬਰ ਬਣਨ ਨਾਲ ਇਸਦੇ ਮੈਂਬਰਾਂ ਦੀ ਗਿਣਤੀ **193** ਹੋ ਗਈ ਹੈ। ਮਹਾਂਸਭਾ ਦੇ ਸਭਾਪਤੀ ਦਾ ਕਾਰਜਕਾਲ ਇੱਕ ਸਾਲ ਹੁੰਦਾ ਹੈ। ਉਸਨੂੰ ਗੁਪਤ ਮਤਦਾਨ ਰਾਹੀਂ ਚੁਣਿਆ ਜਾਂਦਾ ਹੈ। ਮਹਾਂਸਭਾ ਦਾ ਸਮਾਗਮ ਸਾਲ ਵਿੱਚ ਘੱਟ ਤੋਂ ਘੱਟ ਇੱਕ ਵਾਰ ਜ਼ਰੂਰ ਹੁੰਦਾ ਹੈ। ਆਮ ਤੌਰ 'ਤੇ ਇਹ ਸਮਾਗਮ ਸਤੰਬਰ ਮਹੀਨੇ ਤੇ ਤੀਜੇ ਮੰਗਲਵਾਰ ਨੂੰ ਬੁਲਾਇਆ ਜਾਂਦਾ ਹੈ। ਇਸ ਤੋਂ ਇਲਾਵਾ ਸੰਕਟਕਾਲੀ ਸੈਸ਼ਨ/ ਸਮਾਗਮ ਵੀ ਬੁਲਾਇਆ ਜਾ ਸਕਦਾ ਹੈ। ਮਹਾਂਸਭਾ ਦੇ ਸਾਰੇ ਫੈਸਲੇ ਬਹੁਮਤ ਨਾਲ ਲਏ ਜਾਂਦੇ ਹਨ। ਸੰਯੁਕਤ ਰਾਸ਼ਟਰ ਦੀ ਮਹਾਂ ਸਭਾ ਨੂੰ 'ਵਿਸ਼ਵ ਪੰਚਾਇਤ' ਵੀ ਕਿਹਾ ਜਾਂਦਾ ਹੈ। ਇਸ ਦੇ ਪਹਿਲੇ ਪ੍ਰਧਾਨ ਬੈਲਜੀਅਮ ਦੇ ਸ੍ਰੀ ਪਾਲ ਹੈਨਰੀ ਸਪਾਕ ਸਨ।

14. **ਸਾਰਕ ਦਾ ਸੰਗਠਨਾਤਮਕ ਢਾਂਚਾ ਦੱਸਦੇ ਹੋਏ ਇਸ ਦੀਆਂ ਰੁਕਾਵਟਾਂ ਦਾ ਵਰਣਨ ਕਰੋ?**

ਉੱਤਰ-ਸਾਰਕ ਦਾ ਪੂਰਾ ਨਾਂ ਦੱਖਣੀ ਏਸ਼ੀਆਈ ਖੇਤਰੀ ਸਹਿਯੋਗ ਸੰਘ (**South Asian Association for Regional Cooperation)** ਹੈ। ਇਸ ਦੀ ਸਥਾਪਨਾ 08 ਦਸੰਬਰ 1985 ਈ. ਨੂੰ ਢਾਕਾ (ਬੰਗਾਲ ਦੇਸ਼) ਵਿੱਚ ਹੋਈ ਸੀ। ਇਸ ਦਾ ਮੁੱਖ ਦਫ਼ਤਰ ਕਾਠਮੰਡੂ ਨੇਪਾਲ ਵਿੱਚ ਸਥਿੱਤ ਹੈ। ਇਸ ਤੇ ਮੁੱਖ ਮੈਂਬਰ ਹਨ-

| | | | | |
|---|---|---|---|---|
| 1. ਭਾਰਤ | 2. ਪਾਕਿਸਤਾਨ | 3. ਬੰਗਲਾਦੇਸ਼ | 4. ਨੇਪਾਲ | 5.ਮਾਲਦੀਵ |
| 6.ਸ੍ਰੀਲੰਕਾ | 7.ਭੂਟਾਨ | 8.ਅਫ਼ਗਾਨਿਸਤਾਨ | | |

**ਸਾਰਕ ਨੂੰ ਦਰਪੇਸ਼ ਸਮੱਸਿਆਵਾਂ ਰੁਕਾਵਟਾਂ**

**1.ਵੱਖ-ਵੱਖ ਰਾਜਨੀਤਿਕ ਪ੍ਰਣਾਲੀਆਂ-** ਸਾਰਕ ਵਿੱਚਲੇ ਸਾਰੇ ਮੈਂਬਰ ਦੇਸ਼ਾਂ ਦੀਆਂ ਰਾਜਨੀਤਿਕ ਪ੍ਰਣਾਲੀਆਂ ਵੱਖ-ਵੱਖ ਹਨ ਜਿਵੇਂ ਭਾਰਤ ਅਤੇ ਸ੍ਰੀਲੰਕਾ ਵਿੱਚ ਲੋਕਤੰਤਰੀ ਗਣਰਾਜ, ਭੂਟਾਨ ਵਿੱਚ ਰਾਜਤੰਤਰ, ਪਾਕਿਸਤਾਨ, ਬੰਗਲਾਦੇਸ਼ ਤੇ ਮਾਲਦੀਵ ਆਦਿ ਧਰਮਤੰਤਰ ਰਾਜ ਹਨ।

**2.ਆਪਸੀ ਅਵਿਸ਼ਵਾਸ** -ਸਾਰਕ ਵਿੱਚ ਦੇਸ਼ਾਂ ਵਿੱਚ ਆਪਸ ਵਿੱਚ ਪੂਰਨ ਵਿਸ਼ਵਾਸ ਨਹੀਂ ਹੈ। ਅਸੀਂ ਦੂਜੇ ਦੇਸ਼ਾਂ ਦੀ ਬਜਾਏ ਜੇਕਰ ਸਿਰਫ਼ ਭਾਰਤ ਤੇ ਪਾਕਿਸਤਾਨ ਨੂੰ ਲਈਏ ਤਾਂ ਹਾਲੇ ਵੀ ਸ਼ੱਕ ਬਰਕਰਾਰ ਹੈ।

**3.ਭਾਰਤ ਦਾ ਸਥਾਨ-** ਸਾਨੂੰ ਪਤਾ ਕਿ ਭਾਰਤ ਜਨਸੰਖਿਆ, ਸੈਨਿਕ ਸ਼ਕਤੀ ਅਤੇ ਆਕਾਰ ਨਾਲ ਆਪਣੇ ਗੁਆਂਢੀ ਦੇਸ਼ਾਂ ਨਾਲੋਂ ਕਾਫੀ ਅੱਗੇ ਹੈ। ਸਾਰਕ ਦੇ ਮੈਂਬਰ ਭਾਵੇਂ ਆਪਸੀ ਸਹਿਯੋਗ ਦੇ ਵਾਧੇ ਲਈ ਨਿਰੰਤਰ ਯਤਨ ਕਰ ਰਹੇ ਹਨ, ਪਰ ਫਿਰ ਵੀ ਭਾਰਤ ਪ੍ਰਤੀ ਉਹਨਾਂ ਦੀ ਦ੍ਰਿਸ਼ਟੀ ਜਿਉਂ ਦੀ ਤਿਉਂ ਹੈ। ਭਾਰਤ ਕੋਲ ਸਾਰਕ ਦੇਸ਼ਾਂ ਦੇ ਮੈਂਬਰਾਂ ਦੇ ਕੁੱਲ ਰਕਬੇ ਦਾ **72%** ਭਾਗ ਹੈ।

**4. ਸੰਮੇਲਨਾਂ ਦਾ ਸਮਾਂ ਨਿਸ਼ਚਿਤ ਨਹੀਂ-** ਸਾਰਕ ਦੇ ਚਾਰਟਰ ਵਿੱਚ ਸਿਖਰ ਸੰਮੇਲਨ ਦੇ ਸਲਾਨਾ ਹੋਣ ਬਾਰੇ ਜ਼ਿਕਰ ਕੀਤਾ ਗਿਆ ਹੈ, ਪਰ ਪਰ ਇਹ ਸੰਮੇਲਨ ਸਲਾਨਾ ਵਕਫ਼ੇ ਅਨੁਸਾਰ ਨਹੀਂ ਹੋ ਰਹੇ।

**5.ਆਪਣੇ ਹਿੱਤਾਂ ਨੂੰ ਤਰਜੀਹ**- ਸਾਰਕ ਦੇ ਮੈਂਬਰ ਦੇਸ ਸਾਰਕ ਦੇ ਉਦੇਸ਼ਾਂ, ਸਾਂਝੀਆਂ ਸਮੱਸਿਆਵਾਂ, ਸਾਂਝੇ ਹੱਲ ਦੀ ਬਜਾਏ ਆਪਣੇ-ਆਪਣੇ ਰਾਸ਼ਟਰੀ ਹਿੱਤਾਂ ਨੂੰ ਤਰਜੀਹ ਦਿੰਦੇ ਹਨ।

**6.ਵੱਡੀਆਂ ਤਾਕਤਾਂ ਵੱਲੋਂ ਦਖ਼ਲ-ਅੰਦਾਜ਼ੀ**- ਸਾਰਕ ਦੀ ਸਥਿਤੀ ਨੂੰ ਦੇਖਦੇ ਹੋਏ ਵੱਡੀਆਂ ਤਾਕਤਾਂ ਜਿਵੇਂ ਚੀਨ,ਅਮਰੀਕਾ, ਜਪਾਨ ਆਦਿ ਆਪਣਾ ਪ੍ਰਭਾਵ ਸਾਰਕ 'ਤੇ ਪਾਉਣ ਲਈ ਕਿਰਿਆਸ਼ੀਲ ਰਹਿੰਦੀਆਂ ਹਨ।

## ਸਰੋਤ ਅਧਾਰਿਤ ਪ੍ਰਸ਼ਨ (ਅਭਿਆਸ)

1. ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਭਾਰਤ ਨੂੰ ਪ੍ਰਭੂਸੱਤਾ ਸੰਪੰਨ, ਸਮਾਜਵਾਦੀ, ਧਰਮ ਨਿਰਪੱਖ ਅਤੇ ਲੋਕਤੰਤਰੀ ਗਣਰਾਜ ਘੋਸ਼ਿਤ ਕੀਤਾ ਗਿਆ ਹੈ। ਲੋਕਤੰਤਰ ਨੂੰ ਅੰਗਰੇਜ਼ੀ ਵਿਚ ਡੈਮੋਕ੍ਰੇਸੀ ਕਿਹਾ ਜਾਂਦਾ ਹੈ। ਡੈਮੋਕ੍ਰੇਸੀ ਗਰੀਕ ਭਾਸ਼ਾ ਦੇ ਦੋ ਸ਼ਬਦਾਂ-ਡਿਮੋਸ ਅਤੇ ਕ੍ਰੇਤੀਆ ਨਾਲ ਮਿਲ ਕੇ ਬਣਿਆ ਹੈ। ਡਿਮੋਸ ਦਾ ਅਰਥ ਲੋਕ ਅਤੇ ਕ੍ਰੇਤੀਆ ਦਾ ਭਾਵ ਸਾਸ਼ਨ ਹੁੰਦਾ ਹੈ। ਡੈਮੋਕ੍ਰੇਸੀ ਦਾ ਸ਼ਾਬਦਿਕ ਅਰਥ ਲੋਕਾਂ ਦਾ ਸ਼ਾਸਨ ਹੈ। ਲੋਕਤੰਤਰ ਵਿੱਚ ਲੋਕ, ਆਪਣੇ ਆਪ 'ਤੇ ਸ਼ਾਸਨ ਆਪ ਕਰਦੇ ਹਨ। ਲੋਕਤੰਤਰ ਸੁਤੰਤਰਤਾ, ਸਮਾਨਤਾ, ਭਾਈਚਾਰਾ, ਕਾਨੂੰਨ ਦਾ ਸ਼ਾਸਨ, ਉੱਤਰਦਾਈ ਸਰਕਾਰ, ਨਿਯਤਕਾਰੀ ਚੋਣਾਂ, ਬਹੁਮੱਤ ਦਾ ਸ਼ਾਸਨ, ਨਾਗਰਿਕਾਂ ਦੇ ਅਧਿਕਾਰ ਅਤੇ ਸੁਤੰਤਰ ਤੇ ਨਿਰਪੱਖ ਨਿਆਂਪਾਲਿਕਾ ਦੀ ਸਥਾਪਨਾ ਦੇ ਸਿਧਾਂਤਾਂ 'ਤੇ ਅਧਾਰਿਤ ਹੈ। ਲੋਕਤੰਤਰ ਵਿੱਚ ਸਾਰੇ ਵਿਅਕਤੀਆਂ ਨੂੰ ਵਿਚਾਰ ਪ੍ਰਗਟਾਉਣ, ਆਲੋਚਨਾ ਕਰਨ ਤੇ ਦੂਜਿਆਂ ਨਾਲ ਅਸਹਿਮਤ ਹੋਣ ਦਾ ਅਧਿਕਾਰ ਹੁੰਦਾ ਹੈ ਅਤੇ ਲੋਕਤੰਤਰ ਨਿਸ਼ਚਿਤ ਤੌਰ ਤੇ ਸ਼ਹਿਨਸ਼ੀਲਤਾ 'ਤੇ ਆਧਾਰਿਤ ਹੈ। ਲੋਕਤੰਤਰ ਮਨੁੱਖ ਦੀ ਸਖਸ਼ੀਅਤ ਤੇ ਮਾਣ-ਤਾਣ ਨੂੰ ਯਕੀਨੀ ਬਣਾਉਂਦਾ ਹੈ। ਲੋਕਤੰਤਰ ਇੱਕ ਅਜਿਹੀ ਸਰਕਾਰ ਹੈ ਜਿਸ ਵਿੱਚ ਪ੍ਰਭੂਸੱਤਾ ਜਨਤਾ ਕੋਲ ਹੁੰਦੀ ਹੈ। ਲੋਕਤੰਤਰ ਵਿੱਚ ਸਰਕਾਰਾਂ ਸੰਵਿਧਾਨ ਅਨੁਸਾਰ ਕੰਮ ਕਰਦੀਆਂ ਹਨ। ਲੋਕਤੰਤਰ ਵਿੱਚ ਝਗੜਿਆਂ ਦਾ ਹੱਲ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਪੱਧਰ 'ਤੇ ਪ੍ਰੇਰਨਾ ਅਤੇ ਸ਼ਾਂਤੀਪੂਰਨ ਢੰਗਾਂ ਦੁਆਰਾ ਲੱਭਿਆ ਜਾਂਦਾ ਹੈ।

**ਓਪਰੋਕਤ ਪੈਰੇ ਨੂੰ ਪੜ੍ਹਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-**

1. ਲੋਕਤੰਤਰ ਸ਼ਬਦ ਕਿਸ ਭਾਸ਼ਾ ਦੇ ਸ਼ਬਦਾਂ ਤੋਂ ਮਿਲ ਕੇ ਬਣਿਆ ਹੈ? ਇਸ ਦਾ ਸ਼ਾਬਦਿਕ ਅਰਥ ਕੀ ਹੈ?
2. ਲੋਕਤੰਤਰ ਕਿੰਨ੍ਹਾਂ ਸਿਧਾਂਤਾ ਉੱਤੇ ਅਧਾਰਿਤ ਹੈ?

3. ਲੋਕਤੰਤਰੀ ਸਰਕਾਰ ਵਿੱਚ ਪ੍ਰਭੂਸੱਤਾ ਕਿਸ ਕੋਲ ਹੁੰਦੀ ਹੈ?
4. ਲੋਕਤੰਤਰੀ ਸਰਕਾਰ ਵਿੱਚ ਝਗੜਿਆਂ ਦਾ ਹੱਲ ਕਿਵੇਂ ਲੱਭਿਆ ਜਾਂਦਾ ਹੈ?

2. ਨਿਆਂਪਾਲਿਕਾ ਇਨਸਾਫ਼ (ਨਿਆਂ) ਕਰਦੀ ਹੈ। ਲੋਕਤੰਤਰੀ ਸਰਕਾਰ ਵਿੱਚ ਨਿਆਂਪਾਲਿਕਾ ਦੀ ਵਿਸ਼ੇਸ ਭੂਮਿਕਾ ਹੈ ਕਿਉਂਕਿ ਇਸਨੂੰ ਸੰਵਿਧਾਨ ਦੀ ਰੱਖਿਅਕ, ਲੋਕੰਤਤਰ ਦੀ ਪਹਿਰੇਦਾਰ ਅਤੇ ਅਧਿਕਾਰਾਂ ਅਤੇ ਸੁਤੰਤਰਤਾਵਾਂ ਦੀ ਪਹਿਰੇਦਾਰ ਮੰਨਿਆ ਜਾਂਦਾ ਹੈ। ਸੰਘਾਤਮਕ ਪ੍ਰਣਾਲੀ ਵਿੱਚ ਨਿਆਂਪਾਲਿਕਾ ਦੀ ਭੂਮਿਕਾ ਹੋਰ ਵੀ ਵੱਧ ਜਾਂਦੀ ਹੈ ਕਿਉਂਕਿ ਇਸ ਵਿੱਚ ਕੇਂਦਰ ਅਤੇ ਰਾਜਾਂ ਵਿਚਕਾਰ ਝਗੜਿਆਂ ਦਾ ਨਿਪਟਾਰਾ ਕਰਨ ਲਈ, ਸੰਵਿਧਾਨ ਦੀ ਰਾਖੀ ਅਤੇ ਇਸ ਦੀ ਨਿਰਪੱਖ ਵਿਆਖਿਆ ਲਈ ਨਿਆਂਪਾਲਿਕਾ ਨੂੰ ਵਿਸ਼ੇਸ਼ ਭੂਮਿਕਾ ਨਿਭਾਉਣੀ ਪੈਂਦੀ ਹੈ। ਕਿਸੇ ਸਰਕਾਰ ਦੀ ਸ੍ਰੇਸ਼ਟਤਾ ਨੂੰ ਪਰਖਣ ਲਈ ਉਸ ਦੀ ਨਿਆਂਪਾਲਿਕਾ ਦੀ ਨਿਪੁੰਨਤਾ ਤੋਂ ਵੱਧ ਕੇ ਹੋਰ ਕੋਈ ਕਸੌਟੀ ਨਹੀਂ ਹੈ। ਭਾਰਤ ਵਿੱਚ ਇਕਹਿਰੀ ਨਾਗਰਿਕਤਾ ਦੀ ਵਿਵਸਥਾ ਕੀਤੀ ਗਈ ਹੈ। ਸਭ ਤੋਂ ਵੱਡੀ ਅਦਾਲਤ ਸਰਵ-ਉੱਚ ਅਦਾਲਤ ਭਾਰਤ ਦੀ ਰਾਜਧਾਨੀ ਦਿੱਲੀ ਵਿਚ ਸਥਿੱਤ ਹੈ ਜਿਸ ਨੂੰ ਸੁਪਰੀਮ ਕੋਰਟ ਕਿਹਾ ਜਾਂਦਾ ਹੈ। ਪ੍ਰਾਂਤਾਂ ਦੀਆਂ ਆਪਣੀਆਂ-ਆਪਣੀਆਂ ਉੱਚ ਅਦਾਲਤਾਂ ਹਨ, ਜਿਨ੍ਹਾਂ ਨੂੰ ਹਾਈਕੋਰਟ ਕਿਹਾ ਜਾਂਦਾ ਹੈ। ਜ਼ਿਲ੍ਹਾ ਪੱਧਰ 'ਤੇ ਸੈਸ਼ਨ ਜੱਜ ਦੀਆਂ ਅਦਾਲਤਾਂ ਸਥਿੱਤ ਹਨ। ਇਸ ਤੋਂ ਇਲਾਵਾ ਤਹਿਸੀਲ ਪੱਧਰ 'ਤੇ ਐਸ.ਡੀ.ਐੱਮ ਹਨ। ਸਥਾਨਕ ਪੱਧਰ ਤੇ ਲੋਕਾਂ ਨੂੰ ਇਨਸਾਫ਼ ਦਿਵਾਉਣ ਲਈ ਪੰਚਾਇਤ ਅਤੇ ਨਗਰਪਾਲਿਕਾ ਦਾ ਗਠਨ ਕੀਤਾ ਗਿਆ ਹੈ।

**ਉਪਰੋਕਤ ਪੈਰ੍ਹੇ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ:-**

1. ਸੰਘਾਤਮਕ ਪ੍ਰਣਾਲੀ ਵਿੱਚ ਨਿਆਂਪਾਲਿਕਾ ਦੀ ਭੂਮਿਕਾ ਕਿਉਂ ਵੱਧ ਹੈ। ਕਾਰਨ ਦੱਸੋ?
2. ਭਾਰਤ ਵਿੱਚ ਕਿਹੜੀ ਨਾਗਰਿਕਤਾ ਦੀ ਵਿਵਸਥਾ ਕੀਤੀ ਗਈ ਹੈ?
3. ਪ੍ਰਾਤਾਂ ਦੀਆਂ ਉੱਚ-ਅਦਾਲਤਾਂ ਨੂੰ ਕੀ ਕਿਹਾ ਜਾਂਦਾ ਹੈ?
4. ਸਥਾਨਕ ਪੱਧਰ ਤੇ ਲੋਕਾਂ ਨੂੰ ਇਨਸਾਫ਼ ਦਿਵਾਉਣ ਲਈ ਕਿਸ ਦੀ ਵਿਵਸਥਾ ਕੀਤੀ ਗਈ ਹੈ?

3. ਸੁਤੰਤਰ ਤੇ ਨਿਰਪੱਖ ਚੋਣਾਂ ਲੋਕਤੰਤਰ ਦਾ ਥੰਮ੍ਹ ਹਨ। ਸੁਤੰਤਰ ਤੇ ਨਿਰਪੱਖ ਚੋਣਾਂ ਤੋਂ ਭਾਵ ਹੈ ਕਿ ਮੱਤਦਾਤਾ ਦੁਆਰਾ ਕਿਸੇ ਵੀ ਤਰ੍ਹਾਂ ਦੇ ਡਰ ਜਾਂ ਦਬਾਓ ਤੋਂ ਮੁਕਤ ਹੋ ਕੇ ਆਪਣੇ ਮੱਤ ਅਧਿਕਾਰ ਦੀ ਵਰਤੋਂ ਕਰਨਾ ਅਤੇ ਦੂਜਾ ਕਿਸੇ ਧਨ ਦੇ ਲਾਲਚ ਵਿੱਚ ਨਾ ਆ ਕੇ, ਆਪਣੇ ਮੱਤ ਅਧਿਕਾਰ ਦੀ ਵਰਤੋਂ ਕਰਨਾ। ਸੁਤੰਤਰ ਤੇ ਨਿਰਪੱਖ ਚੋਣਾਂ ਕਰਵਾਉਣ ਲਈ ਭਾਰਤ ਦਾ ਚੋਣ ਆਯੋਗ ਅਹਿਮ ਭੂਮਿਕਾ ਨਿਭਾਉਂਦਾ ਹੈ। ਪਰ ਜਿੰਨ੍ਹਾ ਚਿਰ ਭਾਰਤ ਦਾ ਮੱਤਦਾਤਾ ਜਾਗਰੂਕ ਨਹੀਂ ਹੁੰਦਾ ਉਨ੍ਹਾਂ ਚਿਰ ਚੋਣਾਂ ਵਿੱਚ ਪਾਈਆਂ ਬੁਰਾਈਆਂ ਨੂੰ ਖਤਮ ਨਹੀਂ ਕੀਤਾ ਜਾ ਸਕਦਾ। ਇਹ ਠੀਕ ਹੈ ਕਿ ਸਰਕਾਰ ਨੇ ਕਈ ਚੋਣ ਸੁਧਾਰ ਕੀਤੇ ਹਨ। ਜਿਵੇਂ ਕਿ ਦਲ ਬਦਲੀ ਐਕਟ ਅਧੀਨ, ਦਲ ਬਦਲਣ ਦੀ ਪੂਰੀ ਤਰ੍ਹਾਂ ਮਨਾਹੀ ਕਰ ਦਿੱਤੀ ਗਈ ਹੈ। ਜੇਕਰ ਕੋਈ ਜਿੱਤਿਆ ਹੋਇਆ ਉਮੀਦਵਾਰ ਆਪਣਾ ਦਲ ਬਦਲਦਾ ਹੈ ਤਾਂ ਉਸਦੀ ਮੈਂਬਰਸ਼ਿਪ ਖ਼ਤਮ ਮੰਨੀ ਜਾਵੇਗੀ। ਪਰ ਦਲ-ਬਦਲੀ ਅਜੇ ਵੀ ਕਿਸੇ ਨਾ ਕਿਸੇ ਰੂਪ ਵਿੱਚ ਪ੍ਰਚੱਲਿਤ ਹੈ। ਚੋਣਾਂ ਤੋਂ ਪਹਿਲਾਂ ਕਈ ਟਿਕਟ ਦੇ ਦਾਅਵੇਦਾਰ ਹੁੰਦੇ ਹਨ। ਜਿਹਨਾਂ ਵਿਅਕਤੀਆਂ ਨੂੰ ਪਾਰਟੀ ਵੱਲੋਂ ਟਿਕਟ ਨਹੀਂ ਮਿਲਦਾ ਉਹ ਦੂਸਰੇ ਰਾਜਨੀਤਿਕ ਦਲ ਵਿੱਚ ਜਾ ਮਿਲਦੇ ਹਨ। ਦੂਜੇ ਰਾਜਨੀਤਿਕ ਦਲ ਅਜਿਹੇ ਵਿਅਕਤੀਆਂ ਨੂੰ ਆਪਣੇ ਦਲ ਵਿੱਚ ਸ਼ਾਮਿਲ ਕਰ ਲੈਂਦੇ ਹਨ ਅਤੇ ਉਹਨਾਂ ਨੂੰ ਦਲ ਅੰਦਰ ਉੱਚੇ ਅਹੁਦੇ ਦਿੱਤੇ ਜਾਂਦੇ ਹਨ। ਜਦ ਕਿ ਉਸ ਦਲ ਵਿੱਚ ਕੰਮ ਕਰ ਰਹੇ ਲੰਬੇ ਸਮੇਂ ਤੋਂ ਵਿਅਕਤੀਆਂ ਨੂੰ ਅਣਗੌਲਿਆਂ ਕਰ ਦਿੱਤਾ ਜਾਂਦਾ ਹੈ।

**ਓਪਰੋਕਤ ਪੈਰੇ ਨੂੰ ਪੜ੍ਹਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-**

1. ਸੁਤੰਤਰ ਅਤੇ ਨਿਰਪੱਖ ਚੋਣਾਂ ਤੋਂ ਕੀ ਭਾਵ ਹੈ?
2. 'ਦਲ ਬਦਲੀ ਐਕਟ' ਅਧੀਨ ਸਰਕਾਰ ਨੇ ਕਿਹੜਾ ਐਕਟ ਬਣਾਇਆ ਹੈ?
3. ਸੁਤੰਤਰ ਤੇ ਨਿਰਪੱਖ ਚੋਣਾਂ ਕਰਵਾਉਣ ਦੀ ਜ਼ਿੰਮੇਵਾਰੀ ਕਿਸ ਦੀ ਹੁੰਦੀ ਹੈ?
4. ਚੋਣਾਂ ਵਿੱਚ ਪਾਈਆਂ ਜਾਂਦੀਆਂ ਬੁਰਾਈਆਂ ਨੂੰ ਕਿਵੇਂ ਖਤਮ ਕੀਤਾ ਜਾ ਸਕਦਾ ਹੈ?

4. ਉਪਭੋਗ ਕਈ ਤੱਤਾਂ ਜਿਵੇਂ ਆਮਦਨ, ਵਸਤੂ ਦੀ ਕੀਮਤ, ਫੈਸ਼ਨ ਆਦਿ 'ਤੇ ਨਿਰਭਰ ਕਰਦਾ ਹੈ। ਇਸ ਲਈ ਇਹ ਕਿਹਾ ਜਾ ਸਕਦਾ ਹੈ ਕਿ ਉਪਭੋਗ ਕਈ ਤੱਤਾਂ ਦਾ ਫ਼ਲਨ ਹੈ ਭਾਵ ਕਈ ਤੱਤਾਂ ਤੇ ਨਿਰਭਰ ਕਰਦਾ ਹੈ। ਪਰੰਤੂ ਉਪਭੋਗ ਉੱਤੇ ਸਭ ਤੋਂ ਵਧੇਰੇ ਪ੍ਰਭਾਵ ਆਮਦਨ ਦਾ ਪੈਂਦਾ ਹੈ। ਆਮ ਤੌਰ 'ਤੇ ਆਮਦਨ ਵੱਧਣ ਨਾਲ ਉਪਭੋਗ ਵੱਧਦਾ ਹੈ, ਪ੍ਰੰਤੂ ਉਪਭੋਗ ਵਿੱਚ ਹੋਣ ਵਾਲਾ ਵਾਧਾ ਆਮਦਨ ਵਿੱਚ ਹੋਣ ਵਾਲੇ ਵਾਧੇ ਨਾਲੋਂ ਘੱਟ ਹੁੰਦਾ ਹੈ। ਆਮਦਨ ਵਿੱਚ ਹੋਣ ਵਾਲੇ ਪਰਿਵਰਤਨ ਦੀ ਤੁਲਨਾ ਵਿੱਚ ਉਪਭੋਗ ਵਿੱਚ ਕਿੰਨ੍ਹਾ ਪਰਿਵਰਤਨ ਹੋਵੇਗਾ ਇਹ ਉਪਭੋਗ ਪ੍ਰਵਿਰਤੀ ਤੇ ਨਿਰਭਰ ਕਰਦਾ ਹੈ। ਉਪਭੋਗ ਪ੍ਰਵਿਰਤੀ ਦੋ ਤਰ੍ਹਾਂ ਦੀ ਹੁੰਦੀ ਹੈ: ਔਸਤ ਉਪਭੋਗ ਪ੍ਰਵਿਰਤੀ ਅਤੇ ਸੀਮਾਂਤ ਉਪਭੋਗ ਪ੍ਰਵਿਰਤੀ। ਕੁੱਲ ਖਰਚੇ ਅਤੇ ਕੁੱਲ ਆਮਦਨ ਦੇ ਅਨੁਪਾਤ ਨੂੰ ਔਸਤ ਉਪਭੋਗ ਪ੍ਰਵਿਰਤੀ ਕਿਹਾ ਜਾਂਦਾ ਹੈ ਇਸ ਤੋਂ ਪਤਾ ਚੱਲਦਾ ਹੈ ਕਿ ਲੋਕ ਆਪਣੀ ਕੁੱਲ ਆਮਦਨ ਦਾ ਕਿੰਨ੍ਹਾ ਹਿੱਸਾ ਉਪਭੋਗ ਤੇ ਖਰਚ ਕਰਨਗੇ ਅਤੇ ਕਿੰਨ੍ਹਾ ਹਿੱਸਾ ਬਚਾਉਣਗੇ। ਆਮਦਨ ਵਿੱਚ ਹੋਣ ਵਾਲੇ ਪਰਿਵਰਤਨ ਵੱਜੋਂ, ਉਪਭੋਗ ਵਿੱਚ ਹੋਣ ਵਾਲੇ ਪਰਿਵਰਤਨ ਦੇ ਅਨੁਪਾਤ ਨੂੰ, ਸੀਮਾਂਤ ਉਪਭੋਗ ਪ੍ਰਵਿਰਤੀ ਕਹਿੰਦੇ ਹਨ। ਆਮਦਨ ਦੇ ਵੱਧਣ ਨਾਲ ਲੋਕਾਂ ਦੇ ਖਰਚ ਵਿੱਚ ਵੀ ਵਾਧਾ ਹੁੰਦਾ ਹੈ। ਪ੍ਰੰਤੂ ਇਹ ਉਨ੍ਹਾਂ ਵਾਧਾ ਨਹੀਂ ਹੁੰਦਾ ਜਿੰਨ੍ਹੀ ਆਮਦਨ ਵੱਧਦੀ ਹੈ। ਭਾਵ ਆਮਦਨ ਵਿੱਚ ਹੋਣ ਵਾਲੇ ਵਾਧੇ ਦੀ ਤੁਲਨਾ ਵਿੱਚ ਉਪਭੋਗ ਵਿੱਚ ਘੱਟ ਵਾਧਾ ਹੁੰਦਾ ਹੈ।

**ਉਪਰੋਕਤ ਪੈਰੇ ਨੂੰ ਪੜ੍ਹਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-**

**1:-** ਉਪਭੋਗ ਕਿਹੜੇ ਤੱਤਾਂ ਉੱਪਰ ਨਿਰਭਰ ਕਰਦਾ ਹੈ?

2:- ਉਪਭੋਗ ਉੱਪਰ ਸਭ ਤੋਂ ਵੱਧ ਪ੍ਰਭਾਵ ਕਿਸ ਦਾ ਪੈਂਦਾ ਹੈ?

3:-ਔਸਤ ਉਪਭੋਗ ਪ੍ਰਵਿਰਤੀ ਅਤੇ ਸੀਮਾਂਤ ਉਪਭੋਗ ਪ੍ਰਵਿਰਤੀ ਵਿੱਚ ਕੀ ਅੰਤਰ ਹੈ?

4:-ਉਪਭੋਗ ਵਿੱਚ ਕਿੰਨ੍ਹਾ ਪਰਿਵਰਤਨ ਹੋਵੇਗਾ, ਇਹ ਕੌਣ ਤੈਅ ਕਰਦਾ ਹੈ?

5. ਸੰਸਾਰ ਦੇ ਕਈ ਅਲਪਵਿਕਸਿਤ ਦੇਸ਼ਾਂ ਵਿੱਚ ਜਨਸੰਖਿਆ ਵਧੇਰੇ ਹੁੰਦੀ ਹੈ ਪਰੰਤੂ ਰੁਜ਼ਗਾਰ ਦੇ ਮੌਕੇ ਘੱਟ ਹੁੰਦੇ ਹਨ। ਇਸ ਲਈ ਇਹਨਾਂ ਦੇਸ਼ਾਂ ਦੇ ਜ਼ਿਆਦਾਤਰ ਲੋਕ ਬੇਰੁਜ਼ਗਾਰ ਰਹਿ ਜਾਂਦੇ ਹਨ। ਇਹਨਾਂ ਦੇਸ਼ਾਂ ਦਾ ਮੁੱਖ ਕਿੱਤਾ ਖੇਤੀਬਾੜੀ ਹੈ। ਇਹੀ ਇੱਕ ਕਿੱਤਾ ਹੈ ਜਿਸ ਉੱਪਰ ਨਿਰਭਰ ਲੋਕਾਂ ਨੂੰ ਥੋੜ੍ਹਾ ਜਿੰਨ੍ਹਾ ਕੰਮ ਮਿਲ ਜਾਂਦਾ ਹੈ। ਇਸੇ ਕਾਰਣ ਹੀ ਇੱਕ ਪਰਿਵਾਰ ਦੇ ਸਾਰੇ ਲੋਕ ਰੋਜ਼ਗਾਰ ਦੇ ਹੋਰ ਮੌਕੇ ਨਾ ਹੋਣ ਕਾਰਣ ਵੀ ਖੇਤੀ ਦੇ ਕੰਮ ਵਿੱਚ ਲੱਗੇ ਰਹਿੰਦੇ ਹਨ। ਇਸਦਾ ਨਤੀਜਾ ਇਹ ਹੁੰਦਾ ਹੈ ਕਿ ਜੋ ਕੰਮ ਸਿਰਫ਼ ਕੁੱਝ ਲੋਕਾਂ ਦੁਆਰਾ ਹੋ ਸਕਦਾ ਹੈ ਉਸ ਨੂੰ ਵਧੇਰੇ ਲੋਕ ਕਰਦੇ ਹਨ। ਇਸ ਤਰਾਂ ਬੇਰੁਜ਼ਗਾਰੀ ਇਸ ਢੰਗ ਨਾਲ ਛੁਪ ਜਾਂਦੀ ਹੈ। ਜਦੋਂ ਕਿਸੇ ਕੰਮ ਉੱਤੇ ਜਿੰਨ੍ਹੇ ਕਿਰਤੀਆਂ ਦੀ ਅਸਲ ਵਿੱਚ ਲੋੜ ਹੁੰਦੀ ਹੈ ਜੇਕਰ ਉਸ ਤੋਂ ਵਧੇਰੇ ਕਿਰਤੀ ਲੱਗੇ ਹੋਏ ਹਨ ਤਾਂ ਵੱਧ ਕਿਰਤੀਆਂ ਦੀ ਬੇਰੁਜ਼ਗਾਰੀ ਨੂੰ ਛੁਪੀ ਹੋਈ ਬੇਰੁਜ਼ਗਾਰੀ ਕਿਹਾ ਜਾਂਦਾ ਹੈ। ਪਰੰਪਰਾਵਾਦੀ ਅਰਥਸ਼ਾਸਤਰੀ ਅਨੁਸਾਰ ਕਿਸੇ ਅਰਥਵਿਵਸਥਾ ਵਿੱਚ ਪੂਰਨ ਰੁਜ਼ਗਾਰ ਦੀ ਹਾਲਤ ਵਿੱਚ ਵੱਖ-ਵੱਖ ਬੇਰੁਜ਼ਗਾਰੀਆਂ ਦਾ ਜ਼ਿਕਰ ਕੀਤਾ ਹੈ; ਇੱਛੁਕ ਬੇਰੁਜ਼ਗਾਰੀ, ਸੰਘਰਸ਼ਾਤਮਿਕ ਬੇਰੁਜ਼ਗਾਰੀ, ਮੌਸਮੀ ਬੇਰੁਜ਼ਗਾਰੀ, ਸਰੰਚਨਾਤਮਕ ਬੇਰੁਜ਼ਗਾਰੀ ਅਤੇ ਤਕਨੀਕੀ ਬੇਰੁਜ਼ਗਾਰੀ। ਸੋ, ਇਸ ਪ੍ਰਕਾਰ ਪੂਰਨ ਰੁਜ਼ਗਾਰ ਦੀ ਹਾਲਤ ਵਿੱਚ ਵੀ ਕਈ ਕਿਸਮਾਂ ਦੀਆਂ ਬੇਰੁਜ਼ਗਾਰੀਆਂ ਪਾਈਆਂ ਜਾਂਦੀਆਂ ਹਨ। ਪੂਰਨ ਰੁਜ਼ਗਾਰ ਉਹ ਹਾਲਤ ਹੈ ਜਿਸ ਵਿੱਚ ਉਹ ਸਾਰੇ ਲੋਕ ਜੋ ਮਜ਼ਦੂਰੀ ਦੀਆਂ ਵਰਤਮਾਨ ਦਰਾਂ ਤੇ ਕੰਮ ਕਰਨ ਦੇ ਇੱਛੁਕ ਹੋਣ ਅਤੇ ਉਹਨਾਂ ਨੂੰ ਬਿਨ੍ਹਾਂ ਕਿਸੇ ਔਕੜ ਦੇ ਕੰਮ ਮਿਲ ਜਾਵੇ।

**ਉਪਰੋਕਤ ਪੈਰੇ ਨੂੰ ਪੜ੍ਹਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-**

ਪ੍ਰਸ਼ਨ 1:-ਅਲਪਵਿਕਸਿਤ ਦੇਸ਼ਾਂ ਵਿੱਚ ਬੇਰੁਜ਼ਗਾਰੀ ਦਾ ਕੀ ਕਾਰਨ ਹੈ?

ਪ੍ਰਸ਼ਨ 2:-ਛੁਪੀ ਹੋਈ ਬੇਰੁਜ਼ਗਾਰੀ ਕਿਸ ਨੂੰ ਕਿਹਾ ਜਾਂਦਾ ਹੈ?

ਪ੍ਰਸ਼ਨ 3: ਬੇਰੁਜ਼ਗਾਰੀ ਦੀਆਂ ਅਰਥਸ਼ਾਸਤਰੀਆਂ ਨੇ ਕਿਹੜੀਆਂ-ਕਿਹੜੀਆਂ ਕਿਸਮਾਂ ਦੱਸੀਆਂ ਹਨ?

ਪ੍ਰਸ਼ਨ 4:-ਪੂਰਨ ਰੁਜ਼ਗਾਰ ਤੋਂ ਕੀ ਭਾਵ ਹੈ?

ਯੋਗਦਾਨ: ਹਰਦਵਿੰਦਰ ਸਿੰਘ (ਲੈਕ,ਅੰਗਰੇਜ਼ੀ) ਸਕੂਲ ਆਫ ਐਮੀਨੈਸ ਫਾਰ ਗਰਲਜ਼, ਚਮਕੌਰ ਸਾਹਿਬ, ਰੂਪਨਗਰ
ਰਣਜੀਤ ਕੌਰ (ਲੈਕ. ਇਤਿਹਾਸ) ਸ.ਸ.ਸ.ਸਕੂਲ ਛੀਨਾ ਬੇਟ, ਗੁਰਦਾਸਪੁਰ ਅਤੇ
ਮਨਦੀਪ ਕੌਰ (ਸ.ਸ.ਮਿਸਟ੍ਰੈਸ) ਸ.ਕੰ.ਸ.ਸ.ਸ.ਦਾਖਾ ਲੁਧਿਆਣਾ।